ਪੰਦਰਵਾਂ ਸਾਲ

PARDES TIMES

15th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ) | ਮਾਂ ਬੋਲੀ ਨੂੰ ਸਮਰਪਿਤ | pardestimes | ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 15 | No. 359 | November 7, 2020 | E-mali : info@pardestimes.com | Ph 510-938-7771 | Ph 530-315-1020

Sarkar PRODUCTIONS LTD.

## ਪਾਲੀ ਧਨੌਲਾ ਦੀ ਸ਼ਾਹਕਾਰ ਪੇਸ਼ਕਸ਼ ਫਿਲਮ 'ਬੱਲੀ ਤੇ ਬੰਦੂਕ'



ਜ਼ਿੰਮੀਦਾਰਾਂ ਦੀਆਂ ਤਕਲੀਫਾਂ ਤੇ ਪੰਜਾਬੀ ਫੌਜੀਆਂ ਦੀ ਬਹਾਦਰੀ ਦੀਆਂ ਸਿਫਤਾਂ ਕਰਦੀ ਪੰਜਾਬੀਆਂ ਲਈ ਇਕ ਨਵੀਂ ਸੋਚ ਲੈ ਕੇ ਆ ਰਹੀ ਹੈ ਫਿਲਮ 'ਬੱਲੀ ਤੇ ਬੰਦੂਕ'।

ਫਿਲਮ ਨੂੰ ਸਰੀ (ਕੈਨੇਡਾ) (ਸਰਕਾਰ ਪ੍ਰੋਡਕਸ਼ਨ) ਦੇ ਬੈਨਰ ਹੇਠ ਬਣਾਇਆ ਗਿਆ ਹੈ। ਇਸ ਫਿਲਮ ਦੇ ਪ੍ਰੋਡਿਊਸਰ ਸ. ਦੇਵ ਰਾਏ ਜੀ ਹਨ ਤੇ ਫਿਲਮ ਦੀ ਡਾਇਰੈਕਸ਼ਨ ਅਮਰੀਕਾ-ਕੈਨੇਡਾ ਵਿਚ ਨਾਟਕਾਂ ਦੇ ਮਸ਼ਹੂਰ ਕਲਾਕਾਰ, ਜੋ ਕਿ ਪੰਜਾਬੀ ਯੂਨੀਵਰਸਿਟੀ ਦੀ ਭੰਗੜਾ ਟੀਮ ਦੇ ਮੈਂਬਰ ਰਹੇ ਹਨ ਤੇ ਜੋ ਦੁਨੀਆਂ ਦੇ ਕਈ ਦੇਸ਼ਾਂ ਵਿਚ ਭੰਗੜਾ ਪਾ ਕੇ ਨਾਮਣਾ ਖੱਟ ਚੁੱਕੇ ਕਲਾਕਾਰ ਪਾਲੀ ਧਨੌਲਾ ਵੱਲੋਂ ਕੀਤੀ ਗਈ ਹੈ।

ਇਸ ਫਿਲਮ ਬਾਰੇ ਪੂਰਾ ਲੇਖ ਜੋ ਕਿ ਪੂਰੀ ਜਾਣਕਾਰੀ ਦੇਵੇਗਾ, ਅਗਲੇ ਹਫਤੇ ਦੇ 'ਪਰਦੇਸ ਟਾਇਮਜ਼' ਵਿਚ ਆਵੇਗਾ ਤੇ ਇਹ ਫਿਲਮ ਜਲਦੀ ਹੀ ਪੰਜਾਬੀਆਂ ਵਾਸਤੇ ਪੇਸ਼ ਕੀਤੀ ਜਾਵੇਗੀ।



'ਪਰਦੇਸ ਟਾਇਮਜ਼' ਵਿਚ ਅਗਲੇ ਹਫਤੇ ਪਾਲੀ ਧਨੌਲਾ ਨਾਲ ਖਾਸ ਮੁਲਾਕਾਤ ਦੇ ਪਲਾਂ ਬਾਰੇ ਲਿਖਿਆ ਜਾਵੇਗਾ ਤੇ ਫਿਲਮ ਦੇ ਪ੍ਰੋਡਿਊਸਰ ਦੇਵ ਰਾਏ ਜੀ ਵੱਲੋਂ ਵੀ ਹੋਰ ਜਾਣਕਾਰੀ ਛਾਪੀ ਜਾਵੇਗੀ।

**- ਬਲਬੀਰ ਸਿੰਘ ਐਮ. ਏ.**


# ਜੋ ਬਾਇਡਨ ਬਣੇ ਅਮਰੀਕਾ ਦੇ 46ਵੇਂ ਰਾਸ਼ਟਰਪਤੀ

## ਭਾਰਤੀ ਮੂਲ ਦੀ ਕਮਲਾ ਹੈਰਿਸ ਨੇ ਰਚਿਆ ਇਤਿਹਾਸ

ਵਾਸ਼ਿੰਗਟਨ- ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜੋ ਬਾਇਡਨ ਨੇ ਪੈਂਸਿਲਵੇਨੀਆ 'ਚ ਜਿੱਤ ਦਰਜ ਕਰ ਲਈ ਹੈ। ਅਮਰੀਕੀ ਅਖ਼ਬਾਰ 'ਦ ਨਿਊਯਾਰਕ ਟਾਈਮਜ਼' ਅਨੁਸਾਰ, ਇਸ ਵੱਡੀ ਜਿੱਤ ਦੇ ਨਾਲ ਹੀ ਬਾਇਡਨ ਨੇ 290 ਇਲੈਕਟ੍ਰੋਰਲ ਵੋਟਾਂ ਨਾਲ ਟਰੰਪ ਨੂੰ ਕਰਾਰੀ ਹਾਰ ਦਿੱਤੀ ਹੈ। ਇਸ ਚੋਣ ਦੰਗਲ 'ਚ ਟਰੰਪ ਸਿਰਫ਼



214 ਵੋਟਾਂ 'ਤੇ ਹੀ ਲਟਕ ਗਏ ਹਨ। ਹੁਣ ਬਾਇਡਨ ਅਮਰੀਕਾ ਦੇ 46ਵੇਂ ਰਾਸ਼ਟਰਪਤੀ ਹੋਣਗੇ। ਇਸ ਘਟਨਾਕ੍ਰਮ ਦੇ ਨਾਲ ਹੀ ਬਾਇਡਨ ਦੀ ਟਰਾਂਜਿਸ਼ਨ ਟੀਮ ਸੱਤਾ ਤਬਦੀਲੀ ਪ੍ਰਕਿਰਿਆ ਦੇ ਕੰਮ 'ਚ ਜੁਟ ਗਈ ਹੈ। ਹਾਲਾਂਕਿ ਕਈ ਰਾਜਾਂ 'ਚ ਚੌਥੇ ਦਿਨ ਵੀ ਵੋਟਾਂ ਦੀ ਗਿਣਤੀ ਦਾ ਕੰਮ ਜਾਰੀ ਹੈ। ਇਸ ਤੋਂ ਸਾਫ਼ ਹੈ ਕਿ



ਬਾਇਡਨ ਦੀ ਜਿੱਤ ਹੋਰ ਵੱਡੀ ਹੋਣ ਵਾਲੀ ਹੈ।

ਅਮਰੀਕੀ ਚੋਣਾਂ 'ਚ ਮਿਲੇ ਇਸ ਪ੍ਰਚੰਡ ਬਹੁਮਤ 'ਤੇ 77 ਸਾਲਾ ਬਾਇਡਨ ਨੇ ਟਵੀਟ ਕਰਕੇ ਅਮਰੀਕੀ ਜਨਤਾ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ, ਤੁਸੀਂ ਸਾਰਿਆਂ ਨੇ ਸਾਡੇ ਮਹਾਨ ਦੇਸ਼ ਦੀ ਅਗਵਾਈ ਕਰਨ ਲਈ ਮੈਨੂੰ ਚੁਣਿਆ ਇਸ ਲਈ ਤੁਹਾਡਾ ਸਾਰਿਆਂ ਦਾ ਤਹਿਦਿਲੋਂ ਸ਼ੁਕਰੀਆ। ਸਾਡੇ ਲਈ ਭਵਿੱਖ 'ਚ ਮੁਸ਼ਕਲ ਚੁਣੌਤੀਆਂ ਹਨ ਪਰ ਮੈਂ ਤੁਹਾਡੇ ਨਾਲ ਵਾਅਦਾ ਕਰਦਾ ਹਾਂ ਕਿ ਮੈਂ ਸਾਰੇ ਅਮਰੀਕੀ ਲੋਕਾਂ ਦਾ ਰਾਸ਼ਟਰਪਤੀ ਬਣਾਂਗਾ।।

**ਕਮਲਾ ਹੈਰਿਸ ਨੇ ਰਚਿਆ ਇਤਿਹਾਸ**

ਡੈਮੋਕ੍ਰੇਟਿਕ ਉਮੀਦਵਾਰ ਜੋ ਬਾਇਡਨ ਅਮਰੀਕਾ ਦੇ ਅਗਲੇ ਰਾਸ਼ਟਰਪਤੀ ਅਤੇ ਕਮਲਾ ਹੈਰਿਸ ਉਪ ਰਾਸ਼ਟਰਪਤੀ ਹੋਵੇਗੀ। ਭਾਰਤੀ ਮੂਲ ਦੀ ਕਮਲਾ ਹੈਰਿਸ ਨੇ ਕਈ ਮਾਮਲਿਆਂ 'ਤੇ ਅਮਰੀਕਾ 'ਚ ਇਤਿਹਾਸ ਰਚ ਦਿੱਤਾ ਹੈ। ਉਹ ਪਹਿਲੀ ਅਜਿਹੀ ਔਰਤ ਹੈ ਜੋ ਅਮਰੀਕਾ ਦੇ ਉਪ ਰਾਸ਼ਟਰਪਤੀ ਅਹੁਦੇ 'ਤੇ ਪਹੁੰਚੀ ਹੈ। **(ਵਿਸਥਾਰਿਤ ਰਿਪੋਰਟ ਅਗਲੇ ਅੰਕ ਵਿਚ)**

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
Mann Insurance Brokers Inc.
4123 Dyer St., #230, Union City, CA 94587

Allstate. You're in good hands.
Avninder Singh
Insurance Specialist, CA Lic. # 0822501
Auto - Home - Life - Health - Business - Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544

AUTOBAHN Body & Paint
Specializing in Convenience & Quality
ਡੈਂਟਿੰਗ ਅਤੇ ਪੇਂਟ ਦਾ ਕੰਮ ਕਰਵਾਉਣ ਲਈ ਮਿਲੋ
Baghel Singh Jaswal
Ph: (650) 966-1840, Fax: (650) 966-1023
www.autobahnbodypaint.com
778 Yuba Drive, Mountain View, CA 94041

Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545

ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ: 44808 S. Grimmer Blvd # 208 Fremont , CA 94538 510-657-6444
ਨਿਊਯਾਰਕ ਦਫਤਰ: 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ: 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ: 4491 w. Shaw Ave # 300B Near Costco Fresno, CA 93722 phone 559-271-5511

Raj Budwal
(Investment and Fiancial Advisor)
408-972-8000,
408-835-0202 (Cell)
Budwal and Associates
315 Piercy Road, San Jose, CA 95138
Budwal@sagepointadvisor.com

See me today and get the discounts and service you deserve
STATE FARM INSURANCE
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL

# ਕੀ ਚਾਹੁੰਦਾ ਹੈ ਨਵੇਂ ਅਮਰੀਕੀ ਰਾਸ਼ਟਰਪਤੀ ਤੋਂ ਭਾਰਤ

ਵ੍ਹਾਈਟ ਹਾਊਸ ਵਿੱਚ ਸਿਟੀਸ਼ਨਸ਼ਿਪ ਸਰਟੀਫਿਕੇਟ ਵੰਡ ਸਮਾਗਮ ਦੌਰਾਨ 5 ਨਵੇਂ ਅਮਰੀਕੀ ਹਾਜ਼ਰ ਸਨ, ਪਰ ਇੱਕ ਨਾਗਰਿਕ ਜਿਸ ਨੇ ਸਭਨਾਂ ਦਾ ਧਿਆਨ ਆਪਣੇ ਵੱਲ ਖਿ-ਚਿਆ ਉਹ ਸੀ, ਭਾਰਤ ਮੂਲ ਦੀ ਸਾਫਟਵੇਅਰ ਡਿਵੈਲਪਰ ਸੁਧਾ ਸੁੰਦਰੀ ਨਰਾਇਣ।

ਸੁਧਾ ਨੇ ਗੁਲਾਬੀ ਰੰਗ ਦੀ ਸਾੜੀ ਪਾਈ ਹੋਈ ਸੀ ਤੇ ਸਿਟੀਜ਼ਨਸ਼ਿਪ ਦਾ ਸਰਟੀਫਿਕੇਟ ਦਿਖਾਉਂਦਿਆਂ ਉਨ੍ਹਾਂ ਚਿਹਰੇ ’ਤੇ ਮੁਸਕਾਨ ਸੀ। ਅਮਰੀਕਾ ਵਿੱਚ ਇਸ ਸਮਾਗਮ ਦੀ ਪੱਖਪਾਤੀ ਸਟੰਟ ਵਜੋਂ ਕਾਫੀ ਆਲੋਚਨਾ ਕੀਤੀ ਗਈ ਹੈ, ਜਿਸ ਨੂੰ 25 ਅਗਸਤ ਨੂੰ ਰਿਪਬਲੀਕਨ ਨੈਸ਼ਨਲ ਕਨਵੈਂਸ਼ਨ ਦੌਰਾਨ ਪ੍ਰਸਾਰਿਤ ਕੀਤਾ ਗਿਆ ਸੀ।

ਦੂਜੇ ਪਾਸੇ ਭਾਰਤ ਵਿੱਚ ਬੇਹੱਦ ਮਾਣ ਨਾਲ ਇਸ ਬਾਰੇ ਜਾਣਕਾਰੀ ਦਿੱਤੀ ਗਈ, ਉਨ੍ਹਾਂ ਵਿੱਚੋਂ ਇੱਕ ਦਾ ਇਹ ਕਾਰਨ ਵੀ ਸੀ ਕਿ ਇੱਕ ਨਾਗਰਿਕ ਦਾ ਰਾਸ਼ਟਰਪਤੀ ਵੱਲੋਂ ਸੁਆਗਤ ਕੀਤਾ ਗਿਆ। ਅਮਰੀਕਾ ਦੀ ਇਮੀਗ੍ਰੇਸ਼ਨ ਨੀਤੀ ਭਾਰਤ ਲਈ ਮਾਅਨੇ ਰੱਖਦੀ ਹੈ। ਅਮਰੀਕਾ ਵਿੱਚ ਭਾਰਤੀ ਤਕਨੀਕੀ ਹੁਨਰਮੰਦਾਂ ਦਾ ਵਧੀਆ ਰਿਕਾਰਡ ਰਿਹਾ ਹੈ, ਐੱਚ1ਬੀ ਵੀਜ਼ਾ ਉੱਤੇ ਆਉਣ ਵਾਲੇ ਵਰਕਰ ਵੀ ਬਾਅਦ ਵਿੱਚ ਅਮਰੀਕੀ ਨਾਗਰਿਕ ਬਣ ਸਕਦੇ ਹਨ।

ਸਮਾਗਮ ਦੀ ਇਸ ਤਰ੍ਹਾਂ ਦੀ ਪੇਸ਼ਕਾਰੀ ਨਾਲ ਰਾਸ਼ਟਰਪਤੀ ਦੀ ਭਾਰਤੀ ਅਮਰੀਕੀਆਂ ਵਿਚ ਵਧੀਆ ਛਾਪ ਛੱਡੀ ਜਾ ਸਕੇਗੀ ਅਤੇ ਇਸ ਦਾ ਸ਼ਾਇਦ ਪਰਵਾਸੀਆਂ ’ਤੇ ਅਸਰ ਵੀ ਹੋ ਸਕਦਾ ਹੈ, ਜਿਨ੍ਹਾਂ ਰਵਾਇਤੀ ਤੌਰ ’ਤੇ ਡੈਮੋਕ੍ਰੇਟੇਕਸ ਦਾ ਪੱਖ ਪੂਰਿਆ ਹੈ।

ਰਾਸ਼ਟਰਪਤੀ ਵੱਲੋਂ ਸੰਕੇਤਕ ਤੌਰ ’ਤੇ ਯਕੀਨੀ ਹੀ ਚੰਗੀ ਭਾਵਨਾ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਉਹ ਦੋਵਾਂ ਦੇਸ਼ਾਂ ਵਿਚਾਲੇ ਰਣਨੀਤਕ ਸਬੰਧਾਂ ਨੂੰ ਵਿਕਸਿਤ ਕਰ ਰਹੇ ਹਨ।

ਭਾਰਤੀ ਅਮਰੀਕੀ, ਮੁਲਕ ਦੇ ਰਾਸ਼ਟਰਪਤੀ ਨੂੰ ਆਪਣੀਆਂ ਵੋਟਾਂ ਪਾ ਸਕਦੇ ਹਨ, ਭਾਵੇਂ ਉਹ ਟਰੰਪ ਹੋਣ ਜਾਂ ਜੋ ਬਾਈਡਨ ਪਰ ਉਹ ਭਾਰਤ ਲਈ ਕੀ ਸਕਦੇ ਹਨ?

### ਚੀਨ ਅਤੇ ਲੱਦਾਖ਼

ਅਮਰੀਕਾ ਦੇ ਇਸ ਬਾਰੇ ਵਿਚਾਰ ਖੁੱਲ੍ਹੇ ਹਨ ਕਿ ਉਹ ਕਿੱਥੋਂ ਮਦਦ ਕਰ ਸਕਦਾ ਹੈ। ਭਾਰਤ ਆਪਣੇ ਉੱਤਰੀ ਖੇਤਰ ਵਿੱਚ ਹਿਮਾਲੀਆ ਦੇ ਲੱਦਾਖ਼ ਵਿੱਚ ਚੀਨ ਨਾਲ ਖੇਤਰੀ ਵਿਵਾਦ ’ਚ ਫਸਿਆ ਹੋਇਆ ਹੈ। ਭਾਰਤ ਅਤੇ ਚੀਨ ਨੇ ਅਪ੍ਰੈਲ-ਮਈ ਤੋਂ ਇਸ ਇਲਾਕੇ ਵਿੱਚ ਕਰੀਬ 50 ਹਜ਼ਾਰ ਫੌਜੀ ਤੈਨਾਤ ਕੀਤੇ ਹੋਏ ਹਨ ਅਤੇ ਕਈ ਥਾਵਾਂ ’ਤੇ ਦੋਵਾਂ ਦੇ ਫੌਜੀਆਂ ਵਿਚਾਲੇ ਦੀ ਦੂਰੀ 200 ਮੀਟਰ ਤੋਂ ਵੀ ਘੱਟ ਹੈ।

ਸੁਰੱਖਿਆ ਮਾਹਰਾਂ ਨੂੰ ਡਰ ਹੈ ਕਿ ਅਨੁਸ਼ਾਸਨ ਵਿੱਚ ਥੋੜ੍ਹੀ ਜਿਹੀ ਅਣਗਹਿਲੀ ਕਾਰਨ ਇੱਕ ਵੱਡੇ ਫੌਜੀ ਟਕਰਾਅ ਵਿੱਚ ਵਾਧਾ ਹੋ ਸਕਦਾ ਹੈ। ਜੂਨ ਮਹੀਨੇ ਦੌਰਾਨ ਲੱਦਾਖ ਵਿੱਚ ਭਾਰਤ ਅਤੇ ਚੀਨੀ ਫੌਜਾਂ ਵਿਚਾਲੇ ਹੋਈਆਂ ਝੜਪਾਂ, ਦੋਵਾਂ ਪਰਮਾਣੂ ਗੁਆਂਢੀ ਮੁਲਕਾਂ ਵਿਚਾਲੇ ਪਾਬੰਦੀਆਂ ਅਤੇ ਲੰਬੇ ਤਣਾਅ ਦਾ ਕਾਰਨ ਬਣਿਆ ਹੈ। ਅਮਰੀਕਾ ਨੇ ਵਾਰ-ਵਾਰ ਭਾਰਤ ਨੂੰ ਸੰਘਰਸ਼ ਵਿੱਚ ਮਦਦ ਦੀ ਪੇਸ਼ਕਸ਼ ਕੀਤੀ ਹੈ।

ਮਾਈਕ ਪੌਂਪੀਓਂ ਨੇ ਇਸ ਮਹੀਨੇ ਦੀ ਸ਼ੁਰੂਆਤ ਵਿੱਚ ਕਿਹਾ ਸੀ, "ਭਾਰਤ ਨੂੰ ਇਸ ਲੜਾਈ ਵਿੱਚ ਆਪਣਾ ਸਹਿਯੋਗੀ ਅਤੇ ਭਾਈਵਾਲ ਬਣਾਉਣ ਦੀ ਲੋੜ ਹੈ।"

ਕੁਝ ਭਾਰਤੀ ਕੂਟਨੀਤਕ ਇਸ ਨਾਲ ਸਹਿਮਤੀ ਜ਼ਾਹਿਰ ਕਰਦੇ ਹਨ ਕਿ ਭਾਰਤ ਨੂੰ ਚੀਨ ’ਤੇ ਦਬਾਅ ਪਾਉਣ ਲਈ ਅਮਰੀਕਾ ਦੀ ਲੋੜ ਹੈ, ਤਾਂ ਜੋ ਉਹ ਕਥਿਤ ਤੌਰ ’ਤੇ ਕਬਜ਼ੇ ਵਾਲੇ ਇਲਾਕੇ ਨੂੰ ਖਾਲੀ ਕਰ ਸਕੇ ਅਤੇ ਭਾਰਤ ਹੋਰਨਾਂ ਭਾਈਵਾਲੀ ਵਾਲੇ ਇਲਾਕਿਆਂ ’ਤੇ ਨਜ਼ਰ ਰੱਖ ਸਕੇ।



ਭਾਰਤ ਅਤੇ ਅਮਰੀਕਾ, ਜਪਾਨ ਤੇ ਆਸਟਰੇਲੀਆ ਮਿਲ ਕੇ ਇੱਕ ਸਮੂਹ ਬਣਾਉਂਦੇ ਹਨ, ਜਿਸ ਨੂੰ ਕੁਆਡ (Quad) ਕਹਿੰਦੇ ਹਨ। ਉਹ ਸਮੂਹ ਸੁਰੱਖਿਆ ਮੁੱਦਿਆਂ ’ਤੇ ਗੱਲਬਾਤ ਕਰਨ ਲਈ ਅਕਤੂਬਰ ਦੇ ਸ਼ੁਰੂਆਤ ਵਿੱਚ ਟੋਕੀਓ ਵਿੱਚ ਮਿਲਿਆ ਸੀ, ਖ਼ਾਸ ਕਰਕੇ ਇਸ ਮੁੱਦੇ ’ਤੇ ਕਿ ਬੜਬੋਲੇ ਚੀਨ ਨੂੰ ਕਿਵੇਂ ਜਵਾਬ ਦਿੱਤਾ ਜਾਵੇ। ਅਜਿਹਾ ਲਗਦਾ ਹੈ ਕਿ ਅਮ-ਰੀਕਾ ਇਸ ਸਮੂਹ ਨੂੰ ਨਾਟੋ ਵਰਗੇ ਗਠਜੋੜ ਵਿੱਚ ਬਦਲਣ ਦਾ ਵਿਚਾਰ ਬਣਾ ਰਿਹਾ ਹੈ।

### ਡੂੰਘਾ ਰਿਸ਼ਤਾ

ਅਜਿਹੀ ਧਾਰਨਾ ਨਿਸ਼ਚਤ ਤੌਰ ’ਤੇ ਪਿਛਲੇ ਵੀਹ ਸਾਲਾਂ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ ਵਿਕਸਤ ਹੋਏ ਸੰਬੰਧਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ। ਭਾਰਤ ਨੇ ਰਵਾਇਤੀ ਤੌਰ ’ਤੇ ਗੁੱਟ-ਨਿਰਪੱਖ ਹੋਣ ਨੂੰ ਤਰਜੀ ਦਿੱਤੀ, ਸ਼ੀਤ ਯੁੱਧ ਦੌਰਾਨ ਅਤੇ ਸੋਵੀਅਤ ਯੂਨੀਅਨ ਦੇ ਅਫ਼ਗਾਨਿਸਤਾਨ ਵਿੱਚ ਹਮਲੇ ਵੇਲੇ ਇਹੀ ਨੀਤੀ ਸੀ, ਪਰ 21 ਵੀਂ ਸਦੀ ਦੀ ਭੂ-ਰਾਜਨੀਤੀ ਨੇ ਦੇਸ਼ ਦੇ ਵਿਦੇਸ਼ੀ ਦ੍ਰਿਸ਼ਟੀਕੋਣ ਨੂੰ ਨਵਾਂ ਰੂਪ ਦਿੱਤਾ ਹੈ। ਰਾਸ਼ਟਰਪਤੀ ਬਿੱਲ ਕਲਿੰਟਨ ਨੇ 2000 ਵਿੱਚ ਇਤਿਹਾਸਕ ਭਾਰਤ ਦਾ ਦੌਰਾ ਕੀਤਾ ਸੀ, ਇਹ ਦੇਸ਼ ਨੂੰ ਅਮਰੀਕਾ ਦਾ ਭਾਈਵਾਲ ਬਣਨ ਲਈ ਲੁਭਾਉਣ ਦਾ ਯਤਨ ਸੀ।

ਉਨ੍ਹਾਂ ਦੇ 6 ਦਿਨਾਂ ਦੌਰੇ ਨੂੰ ਭਾਰਤ ਅਤੇ ਅਮਰੀਕਾ ਦੇ ਰਿਸ਼ਤੇ ਵਿੱਚ ਨਵੇਂ ਮੋੜ ਵਜੋਂ ਦੇਖਿਆ ਗਿਆ, ਦੋਵਾਂ ਦੇਸ਼ਾਂ ਨੂੰ ਐਸਟ੍ਰੈਨਜਡ ਡੈਮੋਕ੍ਰੇਸੀ’ ਕਿਹਾ ਗਿਆ ਸੀ।

ਰਾਸ਼ਟਰਪਤੀ ਡਬਲਿਊ ਬੁਸ਼ ਦੀ ਯਾਤਰਾ ਦੌਰਾਨ ਪਰਮਾਣੂ ਸਮਝੌਤੇ ’ਤੇ ਹਸਤਾਖ਼ਰ ਨੇ ਰਿਸ਼ਤੇ ਵਿੱਚ ਰਣਨੀਤਕ ਡੂੰਘਾਈ ਜੋੜ ਦਿੱਤੀ ਅਤੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤ ਦੀਆਂ ਦੋ ਫੇਰੀਆਂ ਕੀਤੀਆਂ।

ਇਸ ਸਾਲ 25 ਫਰਵਰੀ ਨੂੰ ਰਾਸ਼ਟਰਪਤੀ ਡੌਨਲਡ ਟਰੰਪ ਨੇ ਗੁਜਰਾਤ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਉਨ੍ਹਾਂ ਦੇ ਸਨਮਾਨ ਵਿੱਚ ਕੀਤੀ ਗਈ ਇੱਕ ਮੈਗਾ ਰੈਲੀ ਵਿੱਚ ਹਿੱਸਾ ਲਿਆ, ਜਿੱਥੇ ਟਰੰਪ ਨੇ ਐਲਾਨ ਕੀਤਾ, "ਇਹ ਦੁਵੱਲੇ ਰਿਸ਼ਤੇ ਕਦੇ ਵੀ ਓਨੇ ਚੰਗੇ ਨਹੀਂ ਰਹੇ, ਜਿੰਨੇ ਕਿ ਅੱਜ ਹਨ।" ਫਿਰ ਵੀ ਮਦਦ ਦੀ ਅਮਰੀਕੀ ਪੇਸ਼ਕਸ਼ ਨੂੰ ਭਾਰਤ ਸਵੀਕਾਰ ਵਿੱਚ ਝਿਜਕ ਰਿਹਾ ਹੈ।

### ਭਾਰਤ ਦੀ ਝਿਜਕ

ਭਾਰਤ ਦੀ ਝਿਜਕ ਦੇ ਕਈ ਕਾਰਨ ਹੋ ਸਕਦੇ ਹਨ। ਲੰਡਨ ਵਿੱਚ ਵੈਸਟਮਿਨਸਟਰ ਯੂਨੀਵਰਸਿਟੀ ਵਿੱਚ ਰਾਜਨੀਤੀ ਅਤੇ ਕੌਮਾਂਤਰੀ ਸਬੰਧਾਂ ਦੀ ਐਸੋਸੀਏਟ ਪ੍ਰੋਫੈਸਰ ਡਾ. ਨਤਾਸ਼ਾ ਕੌਲ ਨੇ ਅਮਰੀਕਾ ਦੀ ਵਚਨਬੱਧਤਾ ’ਤੇ ਸ਼ੱਕ ਜ਼ਾਹਿਰ ਕੀਤਾ ਹੈ। ਉਨ੍ਹਾਂ ਨੇ ਦੱਸਿਆ, "ਟਰੰਪ ਦੇ ਸ਼ਾਸਨਕਾਲ ਵਿੱਚ ਜੁਬਾਨੀ ਬਿਆਨਾਂ ਦਾ ਕੋਈ ਮਹੱਤਵ ਨਹੀਂ ਹੈ, ਉਹ ਵੀ ਉਸ ਵੇਲੇ ਜਦੋਂ ਅਮਰੀਕੀ ਵਿਦੇਸ਼ ਨੀਤੀ ਇੱਕ-ਦੂਜੇ ਦੇ ਵਿਰੁੱਧ ਚੱਲ ਰਹੀ ਹੈ ਅਤੇ ਟਰੰਪ ਵਿਸ਼ਵ ਪੱਧਰ ’ਤੇ ਅਮਰੀਕੀ ਵਚਨਬੱਧਤਾ ਨੂੰ ਘਟਾ ਰਹੇ ਹਨ।"

ਡਾ. ਕੌਲ ਦਾ ਕਹਿਣਾ ਹੈ ਕਿ ਬੇਸ਼ੱਕ ਮਦਦ ਦੀ ਪੇਸ਼ਕਸ਼ ਅਸਲ ਹੋਵੇ ਪਰ ਇਹ ਕਹਿਣਾ ਮੁਸ਼ਕਲ ਹੈ ਕਿ ਅਮਰੀਕਾ ਵਿੱਚ ਲੱਦਾਖ਼ ਵਿੱਚ ਕਿਵੇਂ ਮਦਦ ਕਰ ਸਕਦਾ ਹੈ। ਉਹ ਕਹਿੰਦੀ ਹੈ, "ਅਮਰੀਕਾ ਇਲਾਕੇ ਵਿੱਚ ਵੱਧ ਤੋਂ ਵੱਧ ਖੁਫ਼ੀਆ ਫੌਜ, ਹਾਰਡਵੇਅਰ ਅਤੇ ਟ੍ਰੇਨਿੰਗ ਨਾਲ ਹਿੱਸਾ ਪਾ ਸਕਦਾ ਹੈ। ਇਸ ਦੇ ਨਾਲ ਹੀ ਅਮਰੀਕਾ ਵਧਦੇ ਤਣਾਅ ਤੋਂ ਬਚਣ ਲਈ ਚੀਨ ਨੂੰ ਸੰਕੇਤਕ ਸੰਦੇਸ਼ ਭੇਜ ਸਕਦਾ ਹੈ। ਬੇਸ਼ੱਕ ਮਦਦ ਦੀ ਪੇਸ਼ਕਸ਼ ਅਸਲ ਅਤੇ ਲੋੜੀਂਦੀ ਹੋਵੇ।

ਅਮਰੀਕਾ ਦਹਾਕਿਆਂ ਤੋਂ ਪਾਕਿਸਤਾਨ ਦਾ ਕਰੀਬੀ ਸਹਿਯੋਗੀ ਰਿਹਾ, ਜਿਸ ਦਾ ਅਰਥ ਹੈ ਕਿ ਭਾਰਤੀ ਸਮਾਜ ਦੇ ਕਈ ਹਿੱਸੇ ਇਸ ਨੂੰ ਭਰੋਸੇਮੰਦ ਦੋਸਤ ਮੰਨਣ ਲਈ ਤਿਆਰ ਨਾ ਹੋਣ। ਸਵੀਡਨ ਦੀ ਉਪਸਲਾ ਯੂਨੀਵਰਸਿਟੀ ਦੇ ਡਿਪਾਰਮੈਂਟ ’ਚ ਪੀਸ ਐਂਡ ਕਾਨਫਲਿਕਟ ਵਿਸ਼ਾ ਪੜਾਉਣ ਵਾਲੇ ਪ੍ਰੋਫੈਸਰ ਅਸ਼ੋਕ ਸਵਾਨ, ਭਾਰਤ ਨੂੰ ਅਮਰੀਕਾ ’ਤੇ ਭਰੋਸਾ ਕਰਨ ਲਈ ਚਿਤਾਵਨੀ ਦਿੰਦੇ ਹੋਏ ਕਹਿੰਦੇ ਹਨ, "ਇਹ ਕਦੇ ਕਿਸੇ ਦਾ ਭਰੋਸੇਮੰਦ ਸਹਿਯੋਗੀ ਨਹੀਂ ਰਿਹਾ ਅਤੇ ਇਹ ਟਰੰਪ ਦੇ ਸ਼ਾਸਨਕਾਲ ਵਿੱਚ ਸਪੱਸ਼ਟ ਹੋ ਗਿਆ ਹੈ।" "ਚੀਨ ਵਰਗੀ ਤਾਕਤ ਨਾਲ ਨਜਿੱਠਣ ਲਈ ਅਮਰੀਕੀ ਕਾਰਡ ਭਾਰਤ ਲਈ ਕੰਮ ਨਹੀਂ ਆਉਣ ਵਾਲਾ।"

### ਦੁਪੱਖੀ ਸਮਰਥਨ

ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਟਰੰਪ ਨੇ ਸੰਕੇਤਕ ਅਤੇ ਆਪਣੀ ਨਿੱਜਤਾ ਦੇ ਆਧਾਰ ’ਤੇ ਰਿਸ਼ਤੇ ਸਾਂਝੇ ਕੀਤੇ ਹਨ ਪਰ ਕੂਟਨੀਤਕਾਂ ਦਾ ਸਵਾਲ ਹੈ ਕਿ ਸੰਬਧਾਂ ਨੂੰ ਮਜ਼ਬੂਤ ਕਰਨ ਲਈ ਅਸਲ ਵਿੱਚ ਕੀ ਕੀਤਾ ਗਿਆ ਹੈ। ਦੋ ਵਾਰ ਅਮਰੀਕਾ ਵਿੱਚ ਸੇਵਾ ਨਿਭਾਉਣ ਵਾਲੀ ਸਾਬਕਾ ਭਾਰਤੀ ਕੂਟਨੀਤਕ ਨੀਲਮ ਦਿਓ ਨੇ ਬੀਬੀਸੀ ਨੂੰ ਦੱਸਿਆ, "ਅਸੀਂ ਰਾਸ਼ਟਰਪਤੀ ਟਰੰਪ ਦੀ ਅਗਵਾਈ ਵਿੱਚ ਚੰਗੀ ਤਰੱਕੀ ਕਰ ਰਹੇ ਹਾਂ। ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਟਰੰਪ ਵਿਚਾਲੇ ਇੱਕ ਵਧੀਆ ਨਿੱਜੀ ਕੈਮਿਸਟਰੀ ਹੈ।" "ਪਰ ਇਹ ਤਰੱਕੀ ਕਾਫੀ ਹੌਲੀ ਹੈ ਅਤੇ ਅਸੀਂ ਇਸ ਨੂੰ ਰਫ਼ਤਾਰ ਦੇਣਾ ਚਾਹੁੰਦੇ ਹਾਂ।"

ਭਾਰਤ ਅਜੇ ਤੱਕ ਸੁਚੇਤ ਰਿਹਾ ਹੈ, ਨਾ ਤਾ ਉਸ ਨੇ ਅਮਰੀਕੀ ਪੇਸ਼ਕਸ਼ ਨੂੰ ਸਵੀਕਾਰ ਕੀਤਾ ਹੈ ਅਤੇ ਨਾ ਹੀ ਰੱਦ ਕੀਤਾ ਹੈ। ਪ੍ਰੋਫੈਸਰ ਸਵਾਨ ਕਹਿੰਦੇ ਹਨ ਕਿ ਭਾਰਤ ਇਸ ਦਾ ਇੰਤਜ਼ਾਰ ਕਰੇਗਾ ਕਿ 3 ਨਵੰਬਰ ਦੀਆਂ ਚੋਣਾਂ ਨੂੰ ਆਖ਼ਰ ਕੀਤਾ ਹੁੰਦਾ ਹੈ।

ਪਰ ਕੂਟਨੀਤਕਾਂ ਦਾ ਮੰਨਣਾ ਹੈ ਕਿ ਬਹੁਤਾ ਕੁਝ ਨਹੀਂ ਬਦਲੇਗਾ, ਭਾਵੇਂ ਵ੍ਹਾਈਟ ਹਾਊਸ ਵਿੱਚ ਕੋਈ ਹੋਰ ਹੀ ਕਿਉਂ ਨਾ ਆ ਜਾਵੇ।

ਰਾਸ਼ਟਰਪਤੀ ਟਰੰਪ ਅਤੇ ਉਨ੍ਹਾਂ ਦੇ ਵਿਰੋਧੀ ਜੋ ਬਾਈਡਨ ਭਾਰਤ ਬਾਰੇ ਆਪਣੀ ਰਣਨੀਤੀ ਨੂੰ ਛੱਡ ਕੇ ਕਰੀਬ ਹਰ ਮੁੱਦੇ ’ਤੇ ਅਸਹਿਮਤੀ ਜਤਾਈ ਹੈ। ਭਾਰਤ ਦੇ ਸਾਬਕਾ ਕੂਟਨੀਤਕਾਂ ਦਾ ਕਹਿਣਾ ਹੈ ਕਿ ਭਾਰਤ ਪ੍ਰਤੀ ਅਮਰੀਕੀ ਨੀਤੀ ਨੂੰ ਵਾਸ਼ਿੰਗਟਨ ਵਿੱਚ ਦੁਪੱਖੀ ਸਮਰਥਨ ਹਾਸਲ ਹੈ।

ਨੀਲਮ ਦਿਓ ਮੁਤਾਬਕ, "ਅਜਿਹਾ ਪਹਿਲੀ ਵਾਰ ਨਹੀਂ ਹੈ ਜਦੋਂ ਦੋਵਾਂ ਪਾਰਟੀਆਂ, ਡੈਮੋਕ੍ਰੇਟਿਕ ਅਤੇ ਰਿਪਬਲੀਕਨ ਦੇ ਉਮੀਦਵਾਰਾਂ ਦਾ ਭਾਰਤ ’ਤੇ ਇੱਕ ਮਤ ਹੈ। ਰਾਸ਼ਟਰਪਤੀ ਕਲਿੰਟਨ ਤੋਂ ਬਾਅਦ ਤੋਂ ਹੀ ਅਮਰੀਕੀ ਰਾਸ਼ਟਰਪਤੀ ਭਾਰਤ ਆ ਰਹੇ ਹਨ।" "ਓਬਾਮਾ ਨੇ ਦੋ ਵਾਰ ਸਾਡੇ ਨਾਲ ਮੁਲਾਕਾਤ ਕੀਤੀ। ਇਸ ਲਈ ਦੋਵਾਂ ਪੱਖਾਂ ਦੇ ਪ੍ਰਧਾਨਾਂ ਵਿਚਾਲੇ ਸਬੰਧ ਵਿਕਾਸ ਕਰ ਰਹੇ ਹਨ।"

ਇਸ ਲਈ ਅਜਿਹਾ ਲਗਦਾ ਹੈ ਕਿ ਅਮਰੀਕਾ ਚੋਣਾਂ ਤੋਂ ਬਾਅਦ ਵੀ ਚੀਨ ਖ਼ਿਲਾਫ਼ ਭਾਰਤ ਨੂੰ ਆਪਣਾ ਸਮਰਥਨ ਦੇਣ ਲਈ ਰਾਜ਼ੀ ਰਹੇਗਾ, ਪਰ ਇਹ ਨਿਸ਼ਚਿਤ ਨਹੀਂ ਹੈ ਕਿ ਭਾਰਤ ਕਿਵੇਂ ਪ੍ਰਤਿਕਿਰਿਆ ਦਿੰਦਾ ਹੈ।

# ਇਸ ਵਾਰ ਦੀਆਂ ਚੋਣਾਂ ਵਿੱਚ ਭਾਰਤੀ-ਅਮਰੀਕੀ ਵੋਟਰ ਕਿਉਂ ਅਹਿਮ ਬਣੇ

ਸੈਨੇਟਰ ਕਮਲਾ ਹੈਰਿਸ ਨੂੰ ਡੈਮੋਕਰੇਟਿਕ ਪਾਰਟੀ ਦੇ ਉਪ ਰਾਸ਼ਟਰਪਤੀ ਦੇ ਉਮੀਦਵਾਰ ਵਜੋਂ ਚੁਣੇ ਜਾਣ ਤੋਂ ਬਾਅਦ ਅਚਾਨਕ ਅਮਰੀਕਾ ਵਿੱਚ ਭਾਰਤੀ-ਅਮਰੀਕੀ ਭਾਈਚਾਰੇ ਵਿੱਚ ਚਰਚਾ ਹੋਣ ਲੱਗੀ। ਕਮਲਾ ਹੈਰੀਸ ਦਾ ਜਨਮ ਜਮਾਇਕੀ-ਅਮਰੀਕੀ ਪਿਤਾ ਡੌਨਲਡ ਹੈਰਿਸ ਅਤੇ ਭਾਰਤੀ-ਅਮਰੀਕੀ ਮਾਂ ਸ਼ਿਆਮਲਾ ਗੋਪਾਲਨ ਦੇ ਘਰ ਹੋਇਆ ਜੋ ਕਿ ਚੇਨੱਈ ਦੀ ਰਹਿਣ ਵਾਲੀ ਸੀ। ਡੌਨਲਡ ਹੈਰਿਸ 1965 ਦੇ ਇਮੀਗ੍ਰੇਸ਼ਨ ਐਂਡ ਨੈਸ਼ਨਲਿਟੀ ਐਕਟ ਪਾਸ ਹੋਣ ਤੋਂ ਇੱਕ ਸਾਲ ਪਹਿਲਾਂ 1964 ਵਿੱਚ ਅਮਰੀਕਾ ਗਏ ਸਨ। ਇਸ ਕਾਨੂੰਨ ਨੇ ਲੋਕਾਂ ਦੀ ਨਾਗਰਿਕਤਾਂ ਨਾਲੋਂ ਸਕਿੱਲ ਦੇ ਅਧਾਰ ’ਤੇ ਪਰਵਾਸ ਨੂੰ ਅਹਿਮੀਅਤ ਦਿੱਤੀ। ਮਜ਼ਬੂਤ ਕਾਨੂੰਨ ਕਾਰਨ ਏਸ਼ੀਆ ਤੋਂ ਵੱਧ ਤੋਂ ਵੱਧ ਹੁਨਰਮੰਦ ਲੋਕ ਅਮਰੀਕਾ ਜਾਣ ਲੱਗ ਪਏ।

### ਅਮਰੀਕਾ ਵਿੱਚ ਭਾਰਤੀ-ਅਮਰੀਕੀ

ਸਾਲ 1957 ਵਿੱਚ ਦਲੀਪ ਸਿੰਘ ਸੌਂਦ ਪਹਿਲੇ ਪਰਵਾਸੀ ਭਾਰਤੀ-ਅਮਰੀਕੀ (ਨੈਚੁਰਲਾਈਜ਼ ਇੰਡੀਅਨ ਅਮਰੀਕਨ) ਸਨ ਜੋ ਯੂਐੱਸ ਹਾਊਸ ਆਫ਼ ਰਿਪ੍ਰੇਜ਼ੈਂਟੇਟਿਵ ਚੁਣੇ ਗਏ ਸਨ। ਉਦੋਂ ਤੋਂ ਹੀ ਪੀਯੂਸ਼ ’ਬੌਬੀ’ ਜਿੰਦਲ ਅਤੇ ਪ੍ਰਮੀਲਾ ਜੈਅਪਾਲ ਸਣੇ ਕਈ ਭਾਰਤੀ ਅਮਰੀਕੀ ਯੂਐੱਸ ਹਾਊਸ ਆਫ਼ ਰਿਪ੍ਰੇਜ਼ੈਂਟੇਟਿਵ ਪਹੁੰਚੇ। ਭਾਰਤੀ-ਅਮਰੀਕੀ ਪੂਰੀ ਅਮਰੀਕਾ ਦੀ ਆਬਾਦੀ ਦਾ ਸਿਰਫ 1.5 ਫੀਸਦ ਹਨ। ਅਮਰੀਕਾ ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਸਾਲ 2000 ਵਿੱਚ ਅਮਰੀਕਾ ਵਿੱਚ 19 ਲੱਖ ਭਾਰਤੀ ਰਹਿੰਦੇ ਸਨ ਅਤੇ ਸਾਲ 2015 ਵਿੱਚ ਇਹ ਆਬਾਦੀ ਤਕਰੀਬਨ ਦੁੱਗਣੀ ਹੋ ਕੇ 39.82 ਲੱਖ ਹੋ ਗਈ ਸੀ। ਭਾਰਤੀ ਅਮਰੀਕੀ ਸਿਰਫ਼ ਸਭ ਤੋਂ ਅਮੀਰ ਪਰਵਾਸੀ ਹੀ ਨਹੀਂ ਹਨ ਸਗੋਂ ਦੂਜੇ ਪਰਵਾਸੀਆਂ ਨਾਲੋਂ ਚੰਗੇ ਪੜ੍ਹੇ-ਲਿਖੇ ਪਿਛੋਕੜ ਵਾਲੇ ਹਨ। ਪਿਊ ਰਿਸਰਚ ਅਨੁਸਾਰ, ਅਮਰੀਕਾ ਵਿੱਚ ਰਹਿਣ ਵਾਲੇ 40% ਭਾਰਤੀਆਂ ਨੇ ਮਾਸਟਰ ਡਿਗਰੀ ਕੀਤੀ ਹੋਈ ਹੈ ਅਤੇ 15.7% ਅਮਰੀਕੀਆਂ ਦੀ ਤੁਲਨਾ ਵਿੱਚ ਪੂਰੀ ਆਬਾਦੀ ਦਾ ਸਿਰਫ਼ 7.5% ਗਰੀਬੀ ਵਿੱਚ ਜੀ ਰਿਹਾ ਹੈ।

ਪਰ ਵੱਡਾ ਸਵਾਲ ਇਹ ਹੈ ਕਿ ਇੰਨੇ ਛੋਟੇ ਹਿੱਸੇ ਨਾਲ ਕੀ ਉਹ ਅਮਰੀਕੀ ਸਿਆਸਤ ਨੂੰ ਪ੍ਰਭਾਵਤ ਕਰ ਸਕਦੇ ਹਨ? ਇਹ ਸਮਝਣ ਲਈ ਸਾਨੂੰ ਇਹ ਜਾਣਨ ਦੀ ਲੋੜ ਹੈ ਕਿ ਭਾਰਤੀ-ਅਮਰੀਕੀ ਕਿਵੇਂ ਵੋਟ ਪਾਉਂਦੇ ਹਨ।

### ਭਾਰਤੀ-ਅਮਰੀਕੀ ਵੋਟਰਾਂ ਦਾ ਰੁਝਾਨ

ਅਮਰੀਕਾ ਵਿੱਚ 40 ਲੱਖ ਤੋਂ ਵੱਧ ਭਾਰਤੀ-ਅਮਰੀਕੀ ਹਨ ਜੋ ਮੈਕਸੀਕੋ ਤੋਂ ਬਾਅਦ ਸਭ ਤੋਂ ਤੇਜ਼ੀ ਨਾਲ ਵੱਧ ਰਿਹਾ ਪਰਵਾਸੀ ਸਮੂਹ ਹੈ। ਅਮਰੀਕੀ ਮਰਦ-ਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ, ਅਮਰੀਕਾ ਵਿੱਚ ਭਾਰਤੀਆਂ (ਇਕੱਲੇ ਜਾਂ ਮਿਲਾ ਕੇ) ਦੀ ਆਬਾਦੀ ਸਾਲ 2000 ਅਤੇ 2018 ਦੇ ਵਿਚਾਲੇ 137.2 ਫੀਸਦ ਵਧੀ ਹੈ। ਅਤੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਨਿਊਯਾਰਕ, ਸ਼ਿਕਾਗੋ, ਸੈਨ ਜੋਸ ਅਤੇ ਸੈਨ ਫ੍ਰਾਂਸਿਸਕੋ ਵਰਗੇ ਮਹਾਨਗਰਾਂ ਵਿੱਚ ਰਹਿੰਦੇ ਹਨ। ਇਕੱਲੇ ਨਿਊਯਾਰਕ ਵਿੱਚ 6,00,000 ਤੋਂ ਜ਼ਿਆਦਾ ਭਾਰਤੀ ਰਹਿੰਦੇ ਹਨ ਜਦੋਂਕਿ ਸ਼ਿਕਾਗੋ ਸ਼ਹਿਰ ਵਿੱਚ 2,00,000 ਤੋਂ ਜ਼ਿਆਦਾ ਭਾਰਤੀ ਰਹਿੰਦੇ ਹਨ। ਪਿਊ ਰਿਸਰਚ ਮੁਤਾਬਕ, ਜੇ ਯੋਗ ਵੋਟਰਾਂ ਦੀ ਗੱਲ ਕਰੀਏ ਜਿਨ੍ਹਾਂ ਦਾ ਜਨਮ ਅਸਥਾਨ ਅਮਰੀਕਾ ਨਹੀਂ ਹੈ, ਤਾਂ ਭਾਰਤੀ-ਅਮਰੀਕੀ ਮੈਕਸੀਕੋ ਅਤੇ ਫਿਲਪੀਨੀਜ਼ ਤੋਂ ਬਾਅਦ ਤੀਜਾ ਸਭ ਤੋਂ ਵੱਡਾ ਗਰੁੱਪ ਹੈ। ਸਾਲ 2016 ਦੇ ਇੱਕ ਸਰਵੇਖਣ (ਐੱਨਏਏਐੱਸ ਚੋਣ ਤੋਂ ਬਾਅਦ) ਮੁਤਾਬਕ 48 ਫੀਸਦ ਤੋਂ ਵੱਧ ਭਾਰਤੀ-ਅਮਰੀਕੀ ਡੈਮੋਕਰੈਟਜ਼ ਹਨ ਜਾਂ ਡੈਮੋਕਰੇਟਜ਼ ਵੱਲ ਝੁਕਾਅ ਹੈ ਅਤੇ ਸਿਰਫ਼ 22 ਫੀਸਦ ਰਿਪਬਲੀਕਨਜ਼ ਹਨ। ਜਿਵੇਂ-ਜਿਵੇਂ ਰਾਸ਼ਟਰਪਤੀ ਚੋਣਾਂ ਨੇੜੇ ਆ ਰਹੀਆਂ ਹਨ, ਰਿਪਬਲੀਕਨ ਅਤੇ ਡੈਮੋਕਰੇਟ ਦੋਹਾਂ ਹੀ ਉਮੀਦਵਾਰਾਂ ਵਲੋਂ ਭਾਰਤੀ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਦੌੜ ਲੱਗੀ ਹੋਈ ਹੈ। ਅਜਿਹਾ ਵਰਤਾਰਾ ਜੋ ਦਹਾਕਿਆਂ ਦੌਰਾਨ ਸ਼ਾਇਦ ਹੀ ਕਦੇ ਦੋਵਾਂ ਧਿਰਾਂ ਲਈ ਮੁਹਿੰਮ ਦਾ ਮੁੱਦਾ ਰਿਹਾ ਹੋਵੇ।



ਫਲੋਰਿਡਾ, ਪੈਨਸਿਲ ਵੇਨੀਆ ਅਤੇ ਮਿਸ਼ੀਗਨ ਵਰਗੇ ਖੇਤਰਾਂ ਵਿੱਚ ਭਾਰਤੀ-ਅਮਰੀਕੀ ਵੋਟਰਾਂ ਦੀ ਮਜ਼ਬੂਤ ਮੌਜੂਦਗੀ ਹੈ। ਇਹ ਅਜਿਹੇ ਸੂਬੇ ਹਨ ਜੋ ਆਉਣ ਵਾਲੀਆਂ ਚੋਣਾਂ ਦੌਰਾਨ ਨਤੀਜੇ ਬਦਲ ਸਕਦੇ ਹਨ।

ਇੰਡੀਅਨ ਐਟੀਟਿਊਡਜ਼ ਸਰਵੇ (ਆਈਏਐੱਸ) ਦੁਆਰਾ ਤਾਜ਼ਾ ਸਰਵੇਖਣ ਨੇ ਸੰਕੇਤ ਦਿੱਤਾ ਹੈ ਕਿ ਨਵੰਬਰ ਦੀਆਂ ਚੋਣਾਂ ਵਿੱਚ 70 ਫੀਸਦ ਤੋਂ ਵੱਧ ਅਮਰੀਕੀ-ਭਾਰਤੀ ਡੌਨਲਡ ਟਰੰਪ ਦੇ ਮੁਕਾਬਲੇ ਜੋ ਬਾਇਡਨ ਦਾ ਸਮਰਥਨ ਕਰਨ ਦਾ ਇਰਾਦਾ ਰੱਖਦੇ ਹਨ।

### ਐੱਚ-1ਬੀ ਮੁੱਦੇ ਦੀ ਅਹਿਮੀਅਤ

ਦੁਨੀਆਂ ਵਿੱਚ ਭਾਰਤੀ ਸਭ ਤੋਂ ਵੱਧ ਐੱਚ-1ਬੀ ਵੀਜ਼ਾ ਧਾਰਕ ਹਨ। ਸਾਲਾਨਾ ਜਾਰੀ ਕੀਤੇ 85,000 ਐੱਚ -1ਬੀ ਵੀਜ਼ਾ ਵਿੱਚ ਭਾਰਤੀਆਂ ਦਾ ਲਗਭਗ 70 ਫੀਸਦ ਹਿੱਸਾ ਹੁੰਦਾ ਹੈ। ਪਰ ਚੋਣਾਂ ਤੋਂ ਠੀਕ ਪਹਿਲਾਂ ਡੌਨਲਡ ਟਰੰਪ ਨੇ ਭਾਰਤੀਆਂ ਨੂੰ ਉਨ੍ਹਾਂ ਦੇ ’ਅਮਰੀਕੀ ਸੁਪਨਿਆਂ’ ਦੀ ਯੋਜਨਾ ’ਤੇ ਰੋਕ ਲਗਾ ਦਿੱਤੀ। ਅਮਰੀਕੀਆਂ ਦੀਆਂ ਨੌਕਰੀਆਂ ਨੂੰ ’ਬਚਾਉਣ’ ਦੀ ਕੋਸ਼ਿਸ਼ ਵਿੱਚ ਇਸ ਸਾਲ ਦੇ ਸ਼ੁਰੂ ਵਿੱਚ ਡੌਨਲਡ ਟਰੰਪ ਨੇ ਇੱਕ ਕਾਰਜਕਾਰੀ ਨਿਰਦੇਸ਼ ’ਤੇ ਦਸਤਖ਼ਤ ਕੀਤੇ। ਇਸ ਦਾ ਮਕਸਦ ਫੈਡਰਲ ਏਜੰਸੀਆਂ ਵੱਲੋਂ ਵਿਦੇਸ਼ੀ ਕਾਮਿਆਂ, ਖਾਸ ਕਰਕੇ ਐੱਚ-1ਬੀ ਵੀਜ਼ਾ ’ਤੇ ਰੱਖੇ ਜਾਣ ਵਾਲੇ ਵਿਦੇਸ਼ੀ ਵਰਕਰਾਂ, ਨੂੰ ਰੋਕਣਾ ਸੀ। ਆਈਟੀ ਪੇਸ਼ੇਵਰਾਂ ਲਈ ਇਹ ਇੱਕ ਬਹੁਤ ਵੱਡਾ ਝਟਕਾ ਸੀ ਜੋ ਹਰ ਸਾਲ ਅਜਿਹੇ ਵੀਜ਼ਾ ’ਤੇ ਅਮਰੀਕਾ ਜਾਂਦੇ ਹਨ। ਇਹ ਸਤੰਬਰ ਵਿੱਚ ਏਏਪੀਆਈ ਦੇ ਭਾਰਤੀ ਅਮਰੀਕੀਆਂ ਵੱਲੋਂ ਡੌਨਲਡ ਟਰੰਪ ਦੀ ਰੇਟਿੰਗ ਸਬੰਧੀ ਸਰਵੇਖਣ ਵਿੱਚ ਝਲਕਦਾ ਹੈ। ਅਮਰੀਕਾ ਵਿੱਚ ਰਹਿੰਦੇ 35% ਏਸ਼ੀਆਈ-ਭਾਰਤੀਆਂ ਨੇ ਡੌਨਲਡ ਟਰੰਪ ਨੂੰ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਮਜ਼ਬੂਤੀ ਨਾਲ ਨਕਾਰਿਆ ਹੈ। ਹੁਣ ਕਈ ਭਾਰਤੀ ਡੈਮੋਕਰੈਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜੋ ਬਾਇਡਨ ਤੋਂ ਉਮੀਦ ਕਰ ਰਹੇ ਹਨ ਜਿਨ੍ਹਾਂ ਨੇ ਭਾਰਤ ਦੇ ਆਜ਼ਾਦੀ ਦਿਹਾੜੇ ਮੌਕੇ ਮੈਸੇਜ ਦੌਰਾਨ ਐੱਚ-1ਬੀ ਦੇ ਮੁੱਦੇ ਦੀ ਗੱਲ ਕੀਤੀ।

ਉਨ੍ਹਾਂ ਕਿਹਾ, "ਮੇਰੇ ਤੁਹਾਡੇ ਸਾਰਿਆਂ ਲਈ ਹਮਦਰਦੀ ਹੈ ਜੋ ਵੱਧਦੇ ਨਸਲੀ ਅਪਰਾਧਾਂ ਦਾ ਨਿਸ਼ਾਨਾ ਰਹੇ ਹਨ, ਕਾਨੂੰਨੀ ਪਰਵਾਸ ’ਤੇ ਪਾਬੰਦੀਆਂ ਲੱਗਣ, ਜਿਸ ਵਿੱਚ ਐੱਚ-1 ਬੀ ਵੀਜ਼ਾ ’ਤੇ ਅਚਾਨਕ ਅਤੇ ਨੁਕਸਾਨਦੇਹ ਕਾਰਵਾਈਆਂ ਸ਼ਾਮਲ ਹਨ ਜਿਨ੍ਹਾਂ ਨੇ ਦਹਾਕਿਆਂ ਤੋਂ ਅਮਰੀਕਾ ਨੂੰ ਮਜ਼ਬੂਤ ਬਣਾਇਆ ਹੈ।" ਇਹ ਜ਼ਿਕਰਯੋਗ ਹੈ ਕਿ ਪਿਛਲੀਆਂ ਚੋਣਾਂ ਵਿੱਚ ਲਗਭਗ 84 ਫੀਸਦ ਭਾਰਤੀ ਅਮਰੀਕੀ ਭਾਈਚਾਰੇ ਨੇ ਓਬਾਮਾ ਨੂੰ ਵੋਟ ਦਿੱਤੀ ਸੀ। ਡੈਮੋਕਰੇਟ ਪਿਛਲੇ ਕਈ ਦਹਾਕਿਆਂ ਵਿੱਚ ਰਿਪਬਲੀਕਨ ਨਾਲੋਂ ਘੱਟ-ਗਿਣਤੀਆਂ ਅਤੇ ਪਰਵਾਸੀਆਂ ਨੂੰ ਸਵੀਕਾਰ ਕਰਨ ਵਿੱਚ ਵਧੇਰੇ ਨਰਮ ਰਹੇ ਹਨ ਅਤੇ ਕਮਲਾ ਹੈਰਿਸ ਉਪ ਰਾਸ਼ਟਰਪਤੀ ਦੀ ਚੋਣ ਵਿੱਚ ਹੋਣ ਕਾਰਨ ਇਹ ਦੇਖਾਂਗੇ ਕਿ ਕੀ ਭਾਰਤੀ ’ਚਿੱਟੀਜ਼’ ਅਸਲ ਵਿੱਚ ਉਨ੍ਹਾਂ ਦੇ ਪੱਖ ਵਿੱਚ ਹਨ ਜਾਂ ਨਹੀਂ।

# ਡੋਨਾਲਡ ਟਰੰਪ ਨੇ ਚੋਣਾਂ ਤੋਂ ਬਾਅਦ ਦਿੱਤੇ ਕਾਨੂੰਨੀ ਲੜਾਈ ਦੇ ਸੰਕੇਤ

ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਤਵਾਰ ਨੂੰ ਉਨ੍ਹਾਂ ਖ਼ਬਰਾਂ ਨੂੰ ਖ਼ਾਰਜ ਕੀਤਾ ਕਿ ਉਹ ਮੰਗਲਵਾਰ ਨੂੰ ਚੋਣਾਂ ਖ਼ਤਮ ਹੋਣ ਦੇ ਬਾਅਦ ਸਮੇਂ ਤੋਂ ਪਹਿਲਾਂ ਹੀ ਜਿੱਤ ਦਾ ਐਲਾਨ ਕਰਨ ਦੀ ਯੋਜਨਾ ਬਣਾ ਰਹੇ ਹਨ। ਹਾਲਾਂਕਿ ਉਨ੍ਹਾਂ ਚੋਣਾਂ ਖ਼ਤਮ ਹੁੰਦੇ ਹੀ ਕਾਨੂੰਨੀ ਲੜਾਈ ਦੇ ਸੰਕੇਤ ਦਿੱਤੇ ਹਨ।

ਦੱਸਣਯੋਗ ਹੈ ਕਿ ਇਸ ਤਰ੍ਹਾਂ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਸਨ ਕਿ ਟਰੰਪ ਚੋਣਾਂ ਵਾਲੀ ਰਾਤ ਸਮੇਂ ਤੋਂ ਪਹਿਲਾਂ ਆਪਣੀ ਜਿੱਤ ਦਾ ਐਲਾਨ ਕਰ ਸਕਦੇ ਹਨ। ਇਸ ਬਾਰੇ ਪੁੱਛੇ ਜਾਣ 'ਤੇ ਟਰੰਪ ਨੇ ਨਾਰਥ ਕੈਰੋਲਿਨਾ ਦੇ ਸ਼ਾਰਲੋਟੇ ਹਵਾਈ ਅੱਡੇ 'ਤੇ ਪੱਤਰਕਾਰਾਂ ਨੂੰ ਕਿਹਾ, 'ਨਹੀਂ, ਇਹ ਗ਼ਲਤ ਖ਼ਬਰ ਹੈ। ਹਾਲਾਂਕਿ ਉਸੇ ਸਮੇਂ ਉਨ੍ਹਾਂ ਇਹ ਵੀ ਸੰਕੇਤ ਦਿੱਤਾ ਕਿ ਉਨ੍ਹਾਂ ਦੀ ਟੀਮ ਚੋਣਾਂ ਵਾਲੀ ਰਾਤ ਨੂੰ ਹੀ ਕਾਨੂੰਨੀ ਲੜਾਈ ਸ਼ੁਰੂ ਕਰਨ ਦੀ ਤਿਆਰੀ ਕਰ ਰਹੀ ਹੈ।' ਟਰੰਪ ਨੇ ਕਿਹਾ, 'ਇਹ ਖ਼ਤਰਨਾਕ ਗੱਲ ਹੈ ਕਿ ਚੋਣਾਂ ਖ਼ਤਮ ਹੋਣ ਦੇ ਬਾਅਦ ਬੈਲਟ ਪੇਪਰਾਂ ਨੂੰ ਇਕੱਠਾ ਕੀਤਾ ਜਾਵੇ। ਮੈਨੂੰ ਲੱਗਦਾ ਹੈ ਕਿ ਇਹ ਖ਼ਤਰਨਾਕ ਗੱਲ ਹੈ ਕਿ ਜਦੋਂ ਲੋਕਾਂ ਜਾਂ ਸੂਬਿਆਂ ਨੂੰ ਚੋਣਾਂ ਖ਼ਤਮ ਹੋਣ ਦੇ ਬਾਅਦ ਲੰਬੇ ਸਮੇਂ ਲਈ ਬੈਲਟ ਪੇਪਰਾਂ ਨੂੰ ਜਮ੍ਹਾਂ ਕਰਨ ਦੀ ਇਜਾਜ਼ਤ ਹੋਵੇ। ਇਸ ਨਾਲ ਸਿਰਫ਼ ਇਕ ਹੀ ਚੀਜ਼ ਹੋ ਸਕਦੀ ਹੈ।' ਰਾਸ਼ਟਰਪਤੀ ਨੇ ਸਖ਼ਤ ਮੁਕਾਬਲੇ ਵਾਲੇ ਸੂਬਿਆਂ ਦੇ ਕਈ ਵੋਟਿੰਗ ਖੇਤਰਾਂ 'ਚ ਚੋਣਾਂ ਵਾਲੇ ਦਿਨ ਦੇ ਬਾਅਦ ਬੈਲਟ ਪੇਪਰ ਹਾਸਲ ਕੀਤੇ ਜਾਣ ਦੀ ਇਜਾਜ਼ਤ ਦੇਣ ਦੇ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ, 'ਅਸੀਂ ਚੋਣਾਂ ਹੁੰਦੇ ਹੀ ਉਸੇ ਰਾਤ ਆਪਣੇ ਵਕੀਲਾਂ ਨਾਲ ਤਿਆਰ ਰਹਾਂਗੇ। ਮੈਨੂੰ ਲੱਗਦਾ ਹੈ ਕਿ ਇਹ ਇਕ ਵੱਡਾ ਖ਼ਤਰਾ ਹੈ ਤੇ ਆਦੇਸ਼ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਹੋ ਸਕਦੀ ਹੈ। ਇਹ ਖ਼ਤਰਨਾਕ ਗੱਲ ਹੈ ਕਿ ਅਸੀਂ ਕੰਪਿਊਟਰ ਦੇ ਆਧੁਨਿਕ ਜ਼ਮਾਨੇ 'ਚ ਵੀ ਚੋਣਾਂ ਵਾਲੀ ਰਾਤ ਹੀ ਨਤੀਜੇ ਨਹੀਂ ਪਤਾ ਕਰ ਸਕਦੇ।'

**ਚੀਨ ਨੇ ਜੋ ਕੀਤਾ ਉਸ ਨੂੰ ਨਹੀਂ ਭੁੱਲ ਸਕਦੇ**

ਕੋਰੋਨਾ ਮਹਾਮਾਰੀ ਨੂੰ ਲੈ ਕੇ ਟਰੰਪ ਨੇ ਇਕ ਵਾਰੀ ਮੁੜ ਚੀਨ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ ਕਿ ਚੀਨ ਨੇ ਜੋ ਕੀਤਾ, ਉਸ ਨੂੰ ਅਮਰੀਕਾ ਕਦੇ ਨਹੀਂ ਭੁੱਲ ਸਕਦਾ। ਉਸ ਨੇ ਅਮਰੀਕਾ ਦੇ ਅਰਥਚਾਰੇ ਨੂੰ ਤਬਾਹ ਕਰ ਦਿੱਤਾ ਹੈ। ਉਧਰ, ਟਰੰਪ ਨੇ ਦੇਸ਼ ਦੀ ਸਭ ਤੋਂ ਵੱਡੇ ਇਨਫੈਕਟਿਡ ਬਿਮਾਰੀ ਮਾਹਿਰ ਡਾ. ਐਂਥਨੀ ਫਾਕੀ ਨੂੰ ਹਟਾਉਣ ਦੇ ਸੰਕੇਤ ਦਿੱਤੇ ਹਨ। ਦੱਸਣਯੋਗ ਹੈ ਕਿ ਫਾਕੀ ਲਗਾਤਾਰ ਮਹਾਮਾਰੀ ਨੂੰ ਲੈ ਕੇ ਟਰੰਪ ਵੱਲੋਂ ਚੁੱਕੇ ਜਾਣ ਵਾਲੇ ਕਦਮਾਂ ਦੀ ਆਲੋਚਨਾ ਕਰਦੇ ਰਹੇ ਹਨ। ਡਾ. ਫਾਕੀ ਦੇਸ਼ ਦੀ ਕੋਰੋਨਾ ਵਾਇਰਸ ਟਾਸਕ ਫੋਰਸ ਦੇ ਮੈਂਬਰ ਵੀ ਹਨ।

**ਬਿਡੇਨ ਦੇ ਹੱਕ ਆਏ ਭਾਰਤੀ-ਅਮਰੀਕੀ**

ਭਾਰਤੀ-ਅਮਰੀਕੀ ਫਿਰਕੇ ਦੇ ਸੰਗਠਨਾਂ ਨੇ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜੋ ਬਿਡੇਨ ਤੇ ਉਪ ਰਾਸ਼ਟਰਪਤੀ ਦੀ ਉਮੀਦਵਾਰ ਕਮਲਾ ਹੈਰਿਸ ਦੀ ਹਮਾਇਤ ਕੀਤੀ ਹੈ। 1,100 ਤੋਂ ਜ਼ਿਆਦਾ ਭਾਰਤੀ-ਅਮਰੀਕੀ ਫਿਰਕੇ ਦੇ ਪ੍ਰਮੁੱਖ ਲੋਕਾਂ ਨੇ ਡੈਮੋਕ੍ਰੇਟਿਕ ਪਾਰਟੀ ਪ੍ਰਤੀ ਆਪਣਾ ਭਰੋਸਾ ਪ੍ਰਗਟਾਇਆ ਹੈ। ਹਮਾਇਤ ਕਰਨ ਵਾਲਿਆਂ 'ਚ ਭਾਰਤੀ-ਅਮਰੀਕੀ ਫਿਰਕੇ ਨਾਲ ਜੁੜੇ ਕਲਾਕਾਰ ਤੇ ਕਾਰੋਬਾਰੀ ਸ਼ਾਮਲ ਹਨ।



**ਮਹਾਮਾਰੀ ਦੇ ਖ਼ਿਲਾਫ਼ ਬਣਾਵਾਂਗੇ ਯੋਜਨਾ- ਬਿਡੇਨ**

ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜੋ ਬਿਡੇਨ ਨੇ ਕਿਹਾ ਕਿ ਜੇਕਰ ਉਹ ਰਾਸ਼ਟਰਪਤੀ ਬਣਦੇ ਹਨ ਤਾਂ ਸਹੁੰ ਚੁੱਕਣ ਦੇ ਪਹਿਲੇ ਦਿਨ ਹੀ ਕੋਰੋਨਾ ਖ਼ਿਲਾਫ਼ ਆਪਣੀ ਕਾਰਜ ਯੋਜਨਾ ਨੂੰ ਜਨਤਾ ਦੇ ਸਾਹਮਣੇ ਰੱਖਣਗੇ। ਉਨ੍ਹਾਂ ਕਿਹਾ ਕਿ ਟਰੰਪ ਨੂੰ ਘਰ ਭੇਜਣ ਦਾ ਸਮਾਂ ਆ ਗਿਆ ਹੈ।

**ਆਹਮੋ-ਸਾਹਮਣੇ ਆਏ ਟਰੰਪ ਤੇ ਐੱਫਬੀਆਈ**

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਐੱਫਬੀਆਈ ਨੂੰ ਉਸ ਘਟਨਾ ਦੀ ਜਾਂਚ ਬੰਦ ਕਰ ਦੇਣੀ ਚਾਹੀਦੀ ਹੈ ਜਿਸ ਵਿਚ ਉਨ੍ਹਾਂ ਦੇ ਹਮਾਇਤੀਆਂ ਨੇ ਟੈਕਸਾਸ 'ਚ ਬਿਡੇਨ ਮੁਹਿੰਮ ਨਾਲ ਜੁੜੀ ਬੱਸ ਨੂੰ ਘੇਰ ਲਿਆ ਸੀ। ਇਸ ਦੇ ਬਾਅਦ ਡੈਮੋਕ੍ਰੇਟਿਕ ਪਾਰਟੀ ਨੂੰ ਆਪਣਾ ਪ੍ਰੋਗਰਾਮ ਰੱਦ ਕਰਨਾ ਪਿਆ ਸੀ। ਦੱਸਣਯੋਗ ਹੈ ਕਿ ਟਰੰਪ ਦਾ ਇਹ ਟਵੀਟ ਐੱਫਬੀਆਈ ਦੇ ਉਸ ਬਿਆਨ ਦੇ ਬਾਅਦ ਆਇਆ ਹੈ ਜਿਸ ਵਿਚ ਜਾਂਚ ਏਜੰਸੀ ਨੇ ਕਿਹਾ ਸੀ ਕਿ ਘਟਨਾ ਉਸ ਦੇ ਨੋਟਿਸ ਵਿਚ ਹੈ ਤੇ ਉਹ ਇਸ ਦੀ ਜਾਂਚ ਕਰ ਰਹੀ ਹੈ।

**ਸਿਆਹਫਾਮ ਵੋਟਰਾਂ ਨੂੰ ਰਿਝਾਉਂਦੇ ਰਹੇ ਡੈਮੋਕ੍ਰੇਟ**

ਚੋਣ ਪ੍ਰਚਾਰ ਦੇ ਆਖਰੀ ਪੜਾਅ 'ਚ ਡੈਮੋਕ੍ਰੇਟ ਨੇ ਆਪਣਾ ਸਾਰਾ ਧਿਆਨ ਸਿਆਹਫਾਮ ਵੋਟਰਾਂ 'ਤੇ ਲਗਾ ਦਿੱਤਾ ਸੀ। ਐਤਵਾਰ ਨੂੰ ਫਿਲਾਡੈਲਫੀਆ 'ਚ 'ਸੋਲਸ ਟੂ ਦ ਪੋਲਸ' ਮੁਹਿੰਮ 'ਚ ਹਿੱਸਾ ਲੈਂਦੇ ਹੋਏ ਬਿਡੇਨ ਨੇ ਸਿਆਹਫਾਮ ਫਿਰਕੇ ਨੂੰ ਮੱਤਦਾਨ ਕੇਂਦਰਾਂ 'ਚ ਜਾ ਕੇ ਆਪਣਾ ਵੋਟ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਟਰੰਪ ਨੇ ਜਿਸ ਤਰ੍ਹਾਂ ਨਾਲ ਮਹਾਮਾਰੀ ਨੂੰ ਸੰਭਾਲਿਆ ਹੈ, ਉਹ ਇਕ ਅਪਰਾਧਕ ਹਰਕਤ ਹੈ। ਇਸ ਬਿਮਾਰੀ ਨਾਲ ਸਭ ਤੋਂ ਜ਼ਿਆਦਾ ਸਿਆਹਫਾਮ ਫਿਰਕੇ ਦੇ ਲੋਕ ਮਾਰੇ ਗਏ ਹਨ।

ਇਧਰ ਡੋਨਾਲਡ ਟਰੰਪ ਨੇ ਚੋਣ ਵਿਚ ਵੱਡੀ ਜਿੱਤ ਦੀ ਭਵਿੱਖਵਾਣੀ ਕੀਤੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਇਸ ਵਾਰ ਦੀ ਜਿੱਤ ਚਾਰ ਸਾਲ ਪਹਿਲੇ ਮਿਲੀ ਜਿੱਤ ਤੋਂ ਵੱਡੀ ਹੋਵੇਗੀ। ਉਧਰ, ਡੈਮੋਕ੍ਰੇਟਿਕ ਪਾਰਟੀ ਵੱਲੋਂ ਉਮੀਦਵਾਰ ਜੋ ਬਿਡੇਨ ਨੇ ਟਰੰਪ ਨੂੰ ਰਾਸ਼ਟਰਪਤੀ ਅਹੁਦੇ ਤੋਂ ਹਟਾਉਣ ਲਈ ਅਮਰੀਕੀਆਂ ਨੂੰ ਵੋਟ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦੋਸ਼ ਲਇਆ ਹੈ ਕਿ ਪਿਛਲੇ ਚਾਰ ਸਾਲਾਂ ਦੌਰਾਨ ਟਰੰਪ ਨੇ ਰਾਸ਼ਟਰ ਨੂੰ ਵੰਡਿਆ ਹੈ। ਸ਼ਨਿਚਰਵਾਰ ਨੂੰ ਸਖ਼ਤ ਮੁਕਾਬਲੇ ਵਾਲੇ ਸੂਬੇ ਪੈਨਸਿਲਵੇਨੀਆ ਵਿਚ ਚਾਰ ਵੱਖ-ਵੱਖਰੈਲੀਆਂ ਨੂੰ ਸੰਬੋਧਨ ਕਰਦੇ ਹੋਏ ਟਰੰਪ ਨੇ ਕਿਹਾ ਕਿ ਸਾਡੀ ਸਰਕਾਰ ਨੇ ਚਾਰ ਸਾਲਾਂ ਦੌਰਾਨ ਜ਼ਬਰਦਸਤ ਉਪਲੱਬਧੀਆਂ ਹਾਸਲ ਕੀਤੀਆਂ ਹਨ। ਇਸ ਵਾਰ ਦਾ ਮੰਗਲਵਾਰ ਬਹੁਤ ਦਿਲਚਸਪ ਹੋਣ ਜਾ ਰਿਹਾ। ਅਜਿਹਾ ਪਹਿਲੇ ਕਦੇ ਕਿਸੇ ਨੇ ਨਹੀਂ ਦੇਖਿਆ ਹੋਵੇਗਾ। ਰੈਲੀ ਦੌਰਾਨ ਟਰੰਪ ਨੇ ਵਿਰੋਧੀ ਬਿਡੇਨ 'ਤੇ ਭ੍ਰਿਸ਼ਟਾਚਾਰ ਦਾ ਦੋਸ਼ ਲਉਣ ਦੇ ਨਾਲ ਹੀ ਕਿਹਾ ਕਿ ਜੇਕਰ ਉਹ ਚੋਣ ਜਿੱਤੇ ਤਾਂ ਦੇਸ਼ ਨੂੰ ਸਮਾਜਵਾਦ ਦੇ ਰਸਤੇ 'ਤੇ ਲੈ ਆਉਣਗੇ। ਪੈਨਸਿਲਵੇਨੀਆ ਸਮੇਤ ਸਖ਼ਤ ਮੁਕਾਬਲੇ ਵਾਲੇ ਹੋਰ ਸੂਬਿਆਂ ਵਿਚ ਬਿਡੇਨ ਤੋਂ ਪਿੱਛੇ ਚੱਲ ਰਹੇ ਟਰੰਪ ਨੇ ਕਿਹਾ ਕਿ ਉਹ ਇਨ੍ਹਾਂ ਸੂਬਿਆਂ ਵਿਚ ਹਰ ਹਾਲ ਵਿਚ ਜਿੱਤ ਦਰਜ ਕਰਨਗੇ ਅਤੇ ਉਨ੍ਹਾਂ ਦੀ ਜਿੱਤ ਦਾ ਅੰਤਰ ਸਾਲ 2016 ਤੋਂ ਵੀ ਜ਼ਿਆਦਾ ਹੋਵੇਗਾ। ਮਿਸ਼ੀਗਨ ਵਿਚ ਇਕ ਕਾਰ ਰੈਲੀ ਨੂੰ ਸੰਬੋਧਨ ਕਰਦੇ ਹੋਏ ਬਿਡੇਨ ਨੇ ਕਿਹਾ ਕਿ ਅਸੀਂ ਅਜਿਹੇ ਵਿਅਕਤੀ ਨੂੰ ਹਟਾਉਣ ਜਾ ਰਹੇ ਹਾਂ ਜਿਸ ਨੇ ਦੇਸ਼ ਨੂੰ ਵੰਡਣ ਦਾ ਕੰਮ ਕੀਤਾ ਹੈ, ਜਿਸ ਨੇ ਦੇਸ਼ ਨੂੰ ਨਫ਼ਰਤ ਦੀ ਅੱਗ ਵਿਚ ਝੋਕ ਦਿੱਤਾ ਹੈ। ਸਾਬਕਾ ਉਪ ਰਾਸ਼ਟਰਪਤੀ ਨੇ ਕਿਹਾ ਕਿ ਉਹ ਇਸ ਬਾਰੇ ਵਿਚ ਪੂਰੀ ਤਰ੍ਹਾਂ ਭਰੋਸੇਮੰਦ ਹਨ ਕਿ ਇਸ ਵਾਰ ਅਮਰੀਕੀ ਟਰੰਪ ਨੂੰ ਸੱਤਾ ਤੋਂ ਬਾਹਰ ਕਰਨ ਲਈ ਵੋਟ ਕਰਨਗੇ। ਉਨ੍ਹਾਂ ਕਿਹਾ ਕਿ ਲੱਖਾਂ ਅਮਰੀਕੀ ਪਹਿਲੇ ਹੀ ਵੋਟ ਕਰ ਚੁੱਕੇ ਹਨ। ਆਉਣ ਵਾਲੇ ਦਿਨਾਂ ਵਿਚ ਲੱਖਾਂ ਹੋਰ ਲੋਕ ਵੋਟਾਂ ਪਾਉਣਗੇ। ਮੇਰਾ ਤੁਹਾਡੇ ਲਈ ਬਹੁਤ ਹੀ ਸਰਲ ਸੰਦੇਸ਼ ਹੈ। ਇਸ ਦੇਸ਼ ਨੂੰ ਬਦਲਣ ਦੀ ਸ਼ਕਤੀ ਤੁਹਾਡੇ ਹੱਥਾਂ ਵਿਚ ਹੈ।

ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਆਪਣੇ ਉਤਾਰਧਿਕਾਰੀ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਕੋਰੋਨਾ ਮਹਾਮਾਰੀ ਨੂੰ ਗੰਭੀਰਤਾ ਨਾਲ ਨਾ ਲੈਣ ਦਾ ਦੋਸ਼ ਲਾਇਆ। ਮਿਸ਼ੀਗਨ ਵਿਚ ਬਿਡੇਨ ਦੇ ਸਮਰਥਨ ਵਿਚ ਰੈਲੀ ਨੂੰ ਸੰਬੋਧਨ ਕਰਦੇ ਹੋਏ ਓਬਾਮਾ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਦੌਰਾਨ ਟਰੰਪ ਨੇ ਖ਼ੁਦ ਦੇ ਸਿਵਾਏ ਦੇਸ਼ ਦੀ ਕਿਸੇ ਵੀ ਸਮੱਸਿਆ ਨੂੰ ਸੁਲਝਾਉਣ ਵਿਚ ਕਦੇ ਕੋਈ ਦਿਲਚਸਪੀ ਨਹੀਂ ਦਿਖਾਈ। ਬਿਡੇਨ ਦੀ ਪ੍ਰਸ਼ੰਸਾ ਕਰਦੇ ਹੋਏ ਓਬਾਮਾ ਨੇ ਉਨ੍ਹਾਂ ਨੂੰ ਆਪਣਾ ਭਰਾ ਦੱਸਿਆ।

ਉਨ੍ਹਾਂ ਕਿਹਾ ਕਿ ਬਿਡੇਨ ਇਕ ਮਹਾਨ ਰਾਸ਼ਟਰਪਤੀ ਸਾਬਿਤ ਹੋਣਗੇ ਅਤੇ ਉਹ ਸਾਰਿਆਂ ਨਾਲ ਇਕ ਸਮਾਨ ਵਿਹਾਰ ਕਰਨਗੇ।

**ਯੋਧਾ ਹਨ ਡੋਨਾਲਡ ਟਰੰਪ : ਇਵਾਂਕਾ**

ਡੋਨਾਲਡ ਟਰੰਪ ਦੀ ਧੀ ਇਵਾਂਕਾ ਨੇ ਕਿਹਾ ਹੈ ਕਿ ਉਨ੍ਹਾਂ ਦੇ ਪਿਤਾ ਨੇ ਜੋ ਵਾਅਦੇ ਕੀਤੇ ਉਸ ਤੋਂ ਕਿਤੇ ਜ਼ਿਆਦਾ ਦੇਸ਼ਵਾਸੀਆਂ ਨੂੰ ਦਿੱਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਟਰੰਪ ਇਕ ਯੋਧਾ ਹਨ ਅਤੇ ਉਨ੍ਹਾਂ ਨੂੰ ਹੋਰ ਚਾਰ ਸਾਲ ਲਈ ਰਾਸ਼ਟਰਪਤੀ ਅਹੁਦੇ 'ਤੇ ਰਹਿਣਾ ਚਾਹੀਦਾ ਹੈ। ਓਹਾਇਓ ਵਿਚ ਇਕ ਵੱਡੀ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਇਵਾਂਕਾ ਨੇ ਕਿਹਾ ਕਿ ਟਰੰਪ ਬੀਤੇ ਚਾਰ ਸਾਲਾਂ ਵਿਚ ਦੇਸ਼ ਨੂੰ ਇਕ ਸਹੀ ਦਿਸ਼ਾ ਵਿਚ ਲੈ ਕੇ ਗਏ।

# ਮਾਣਹਾਨੀ ਕੇਸ 'ਚ ਸੁਖਬੀਰ ਬਾਦਲ ਨੂੰ ਸੰਮਨ

ਚੰਡੀਗੜ੍ਹ- ਪੰਜਾਬ ਦੇ ਸਾਬਕਾ ਉਪ- ਮੁੱਖ ਮੰਤਰੀ ਸੁਖਬੀਰ ਬਾਦਲ 'ਤੇ ਚੱਲ ਰਹੇ ਮਾਣਹਾਨੀ ਕੇਸ 'ਚ ਹੁਣ ਜ਼ਿਲ੍ਹਾ ਅਦਾਲਤ ਨੇ ਸੁਖਬੀਰ ਸਿੰਘ ਨੂੰ ਦੁਬਾਰਾ ਸੰਮਨ ਜਾਰੀ ਕੀਤਾ ਹੈ। ਸੁਖਬੀਰ 'ਤੇ ਇਹ ਕੇਸ ਅਖੰਡ ਕੀਰਤਨੀ ਜਥੇ ਤੇ ਇਸ ਦੇ ਬੁਲਾਰੇ ਨੂੰ ਅੱਤਵਾਦੀ ਸੰਗਠਨ ਬੱਬਰ ਖਾਲਸਾ ਦਾ ਸਿਆਸੀ ਚਿਹਰਾ ਦੱਸਣ ਦੱਸਣ ਬਾਰੇ ਦਿੱਤੀ ਗਈ ਸ਼ਿਕਾਇਤ 'ਤੇ ਜ਼ਿਲ੍ਹਾ ਅਦਾਲਤ 'ਚ ਚੱਲ ਰਿਹਾ ਹੈ। ਇਸ ਤੋਂ ਪਹਿਲਾਂ ਕੋਰਟ ਨੇ ਇਸੇ ਸਾਲ 4 ਮਾਰਚ ਤੇ 18 ਮਾਰਚ ਨੂੰ ਸਮਨ ਜਾਰੀ ਕਰ ਕੇ ਸੁਖਬੀਰ ਬਾਦਲ ਨੂੰ ਆਪਣਾ ਪੱਖ ਰੱਖਣ ਲਈ ਕਿਹਾ ਸੀ। ਉਸ ਵੇਲੇ ਸੁਖਬੀਰ ਬਾਦਲ ਪੇਸ਼ ਨਹੀਂ ਹੋ ਸਕੇ। ਇਸ ਤੋਂ ਬਾਅਦ ਕੋਰੋਨਾ ਮਹਾਮਾਰੀ ਦੀ ਵਜ੍ਹਾ ਨਾਲ ਸਿਰਫ਼ ਜ਼ਰੂਰੀ ਕੇਸਾਂ ਦੀ ਸੁਣਵਾਈ ਹੋਈ। ਹੁਣ ਕੋਰਟ ਨੇ ਸੁਖਬੀਰ ਬਾਦਲ ਦੇ ਚੰਡੀਗੜ੍ਹ ਸੈਕਟਰ 9 ਸਥਿਤ ਹਾਊਸ ਨੰਬਰ-256 ਦੇ ਪਤੇ 'ਤੇ ਸੰਮਨ ਜਾਰੀ ਕਰ ਦਿੱਤਾ ਹੈ। ਵਰਣਨਯੋਗ ਹੈ ਕਿ ਕੋਰੋਨਾ ਮਹਾਮਾਰੀ ਤੋਂ ਪਹਿਲਾਂ ਤਕ ਇਸ ਕੇਸ ਦੀ ਸੁਣਵਾਈ ਜੇਐੱਮਆਈ ਜੱਜ ਗੀਤਾਂਜਲੀ ਗੋਇਲ ਦੀ ਅਦਾਲਤ 'ਚ ਹੋ ਰਹੀ ਸੀ। ਹੁਣ 12 ਅਕਤੂਬਰ ਤੋਂ ਕੇਸ ਦੀ ਸੁਣਵਾਈ ਅਡੀਸ਼ਨਲ ਚੀਫ ਜੂਡੀਸ਼ੀਅਲ ਮਜਿਸਟ੍ਰੇਟ ਤੇਜਪ੍ਰਤਾਪ ਸਿੰਘ ਰੰਧਾਵਾ ਦੀ ਅਦਾਲਤ 'ਚ ਹੋ ਰਹੀ ਹੈ। ਆਪਣੇ ਆਰਡਰ 'ਚ ਜੱਜ ਰੰਧਾਵਾ ਨੇ ਲਿਖਿਆ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ਾਂ 'ਤੇ ਉਨ੍ਹਾਂ ਦੀ ਕੋਰਟ 'ਚ ਇਹ ਕੇਸ ਟਰਾਂਸਫਰ ਕੀਤਾ ਗਿਆ ਹੈ। ਕੋਰਟ ਨੇ ਸੁਖਬੀਰ ਬਾਦਲ ਦੇ ਨਾਲ ਮਾਮਲੇ 'ਚ ਸ਼ਿਕਾਇਤਕਰਤਾ ਰਾਜਿੰਦਰ ਸਿੰਘ ਨੂੰ ਵੀ ਨੋਟਿਸ ਜਾਰੀ ਕੀਤਾ ਹੈ।

ਸ਼ਿਕਾਇਤ 'ਚ ਮੋਹਾਲੀ ਨਿਵਾਸੀ ਰਾਜਿੰਦਰਪਾਲ ਨੇ ਦੱਸਿਆ ਕਿ ਅਖੰਡ ਕੀਰਤਨੀ ਜਥਾ ਇਕ ਧਾਰਮਿਕ ਜਥਾ ਹੈ ਤੇ ਪੂਰੇ ਵਿਸ਼ਵ 'ਚ ਇਸ ਦਾ ਨਾਂ ਹੈ। ਸੁਖਬੀਰ ਨੇ ਉਨ੍ਹਾਂ 'ਤੇ ਅਤੇ ਜਥੇ ਬਾਰੇ ਜੋ ਕਿਹਾ, ਇਸ ਵਜ੍ਹਾ ਨਾਲ ਉਨ੍ਹਾਂ ਦਾ ਨਾਂ ਖ਼ਰਾਬ ਹੋਇਆ ਹੈ। ਦੱਸਿਆ ਕਿ ਉਨ੍ਹਾਂ ਦੇ ਇਕ ਦੋਸਤ ਨੇ ਬਾਦਲ ਦੇ ਦਿੱਤੇ ਬਿਆਨਾਂ ਤੋਂ ਬਾਅਦ ਉਸ ਨਾਲ ਗੱਲਬਾਤ ਕਰਨੀ ਛੱਡ ਦਿੱਤੀ ਹੈ। ਉਸ ਨੇ ਅਤੇ ਅਖੰਡ ਕੀਰਤਨੀ ਜਥੇ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਰੋਕਣ 'ਚ ਨਾਕਾਮ ਰਹੀ ਪੰਜਾਬ ਸਰਕਾਰ ਦੀ ਨਿਖੇਧੀ ਕੀਤੀ ਸੀ। ਇਸ ਦੇ ਨਾਲ ਹੀ ਬਾਦਲ ਇਸ ਵਜ੍ਹਾ ਨਾਲ ਵੀ ਉਨ੍ਹਾਂ ਨਾਲ ਨਫ਼ਰਤ ਕਰਦਾ ਹੈ ਕਿਉਂਕਿ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਵਿਰੋਧ 'ਚ ਪੰਜਾਬ ਦੇ ਬਹਿਲਬਲ ਕਲਾਂ ਪਿੰਡ 'ਚ ਸਿੱਖ ਸੰਗਤ ਇਕੱਠੀ ਹੋਈ ਸੀ। ਸ਼ਾਂਤੀਪੂਰਨ ਵਿਰੋਧ ਕਰ ਰਹੀ ਸੰਗਤ 'ਤੇ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੇ ਪਿਤਾ ਪ੍ਰਕਾਸ਼ ਸਿੰਘ ਬਾਦਲ ਨੇ ਗੋ.ਲੀਆ ਚਲਵਾਈਆਂ ਸਨ, ਜਿਸ ਦੀ ਨਿੰਦਾ ਕੀਰਤਨੀ ਜਥਾ ਤੇ ਰਾਜਿੰਦਰਪਾਲ ਲਗਾਤਾਰ ਕਰ ਰਹੇ ਹਨ।

ਰਾਜਿੰਦਰਪਾਲ ਨੇ ਆਪਣੇ ਕੇਸ 'ਚ ਦੋਸ਼ ਲਗਾਏ ਹਨ ਕਿ 4 ਜਨਵਰੀ, 2017 ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਉਨ੍ਹਾਂ ਦੇ ਘਰ ਸਵੇਰ ਵੇਲੇ ਉਨ੍ਹਾਂ ਨੂੰ ਮਿਲਣ ਆਏ ਸਨ। ਉਨ੍ਹਾਂ ਵਿਚਕਾਰ ਸਾਧਾਰਨ ਗੱਲਬਾਤ ਹੋਈ। ਇਹ ਗੱਲ ਕਈ ਅਖ਼ਬਾਰਾਂ 'ਚ ਛਪੀ।

ਇਸ ਤੋਂ ਬਾਅਦ ਇਕ ਅਖ਼ਬਾਰ ਨੂੰ ਇੰਟਰਵਿਊ ਦਿੰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਕੇਜਰੀਵਾਲ ਪੰਜਾਬ ਤੋਂ ਚੋਣ ਲੜਨੀ ਚਾਹੁੰਦੇ ਹਨ। ਉਨ੍ਹਾਂ ਨੂੰ ਪੰਜਾਬ ਦੀ ਕੁਦਰਤੀ, ਪਰੰਪਰਾ ਤੇ ਪੰਥ ਬਾਰੇ ਕੁਝ ਪਤਾ ਨਹੀਂ। ਭਗਵਾਨ ਨਾ ਕਰੇ ਜੇਕਰ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਆਉਂਦੀ ਹੈ ਤਾਂ ਉਹ ਇੱਥੇ ਅਰਾਜਕਤਾ ਫੈਲਾ ਦੇਵੇਗੀ। 'ਆਪ' ਅੰਦੋਲਨ 'ਚ ਯਕੀਨ ਕਰਦੀ ਹੈ ਸ਼ਾਸਨ 'ਚ ਨਹੀਂ।

ਕੇਜਰੀਵਾਲ ਪੰਜਾਬ 'ਚ ਆਏ ਤੇ ਭੜਕੇ ਲੋਕਾਂ ਨਾਲ ਮੇਲ-ਜੋਲ ਵਧਾ ਰਹੇ ਹਨ। ਅੱਗੇ ਬੋਲਦਿਆਂ ਕਿਹਾ ਕਿ ਕੁਝ ਦਿਨ ਪਹਿਲਾਂ ਕੇਜਰੀਵਾਲ ਨੇ ਪੰਜਾਬ 'ਚ ਅਖੰਡ ਕੀਰਤਨੀ ਜਥੇ ਨਾਲ ਬ੍ਰੇਕਫਾਸਟ ਕੀਤਾ। ਬੱਬਰ ਖਾਲਸਾ ਜਿਹਾ ਆਲਮੀ ਪੱਧਰ 'ਤੇ ਇਕ ਗਰਮਪੰਥੀ ਸੰਗਠਨ ਹੈ, ਅਖੰਡ ਕੀਰਤਨੀ ਜਥਾ ਉਸ ਦਾ ਸਿਆਸੀ ਚਿਹਰਾ ਹੈ।

# ਟਕਸਾਲੀ ਆਗੂ ਮੇਜਰ ਸਿੰਘ ਉਬੋਕੇ ਦਾ ਦੇਹਾਂਤ

ਜਲੰਧਰ- ਟਕਸਾਲੀ ਅਕਾਲੀ ਆਗੂ ਤੇ ਸਾਬਕਾ ਸੰਸਦ ਮੇਜਰ ਸਿੰਘ ਉਬੋਕੇ ਦਾ ਮੰਗਲਵਾਰ ਸਵੇਰੇ ਦੇਹਾਂਤ ਹੋ ਗਿਆ। ਉਹ ਕਾਫੀ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਉਨ੍ਹਾਂ ਦਾ ਅੱਜ ਹੀ ਅੰਤਿਮ ਸੰਸਕਾਰ ਕੀਤਾ ਜਾਵੇਗਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸ਼੍ਰੋਅਦ ਪ੍ਰਧਾਨ ਸੁਖਬੀਰ ਸਿੰਘ ਬਾਦਲ, ਅਕਾਲੀ ਦਲ ਟਕਸਾਲੀ ਪ੍ਰਧਾਨ ਰੰਜੀਤ ਸਿੰਘ ਬ੍ਰਹਿਮਪੁਰਾ, ਅਕਾਲੀ ਦਲ ਡੇਮੈਕ੍ਰੇਟਿਕ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਸਮੇਤ ਕਈ ਹੋਰ ਆਗੂਆਂ ਨੇ ਉਨ੍ਹਾਂ ਦੇ ਦੇਹਾਂਤ 'ਤੇ ਸੋਗ ਪ੍ਰਗਟਾਇਆ ਹੈ।



ਪੱਟੀ ਦੇ ਪਿੰਡ ਉਬੋਕੇ ਨਿਵਾਸੀ ਮੇਜਰ ਸਿੰਘ ਨੇ ਸ਼੍ਰੋਅਦ ਦੇ ਸਰਕਲ ਜੱਥੇਦਾਰ ਦੇ ਤੌਰ 'ਤੇ ਆਪਣਾ ਸਿਆਸੀ ਕਰੀਅਰ ਸ਼ੁਰੂ ਕੀਤਾ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਐੱਸਜੀਪੀਸੀ ਦੇ ਮੈਂਬਰ ਦੀ ਚੋਣ ਲੜ ਕੇ ਜਿੱਤ ਪ੍ਰਾਪਤ ਕੀਤੀ। ਉਹ ਦੋ ਵਾਰ ਵਿਧਾਇਕ ਵੀ ਚੁਣੇ ਗਏ ਤੇ ਸੁਰਜੀਤ ਸਿੰਘ ਬਰਨਾਲਾ ਸਰਕਾਰ 'ਚ ਮਾਲੀਆ ਮੰਤਰੀ ਰਹੇ। ਉਹ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਬੇਟੇ ਸੁਰਿੰਦਰ ਸਿੰਘ ਕੈਰੋਂ ਖ਼ਿਲਾਫ਼ 1996 ਚ ਤਰਨਤਾਰਨ ਸੀਟ ਤੋਂ ਲੋਕ ਸਭਾ ਚੋਣਾਂ ਲੜੇ ਸਨ ਤੇ ਜਿੱਤ ਦਰਜ ਕੀਤੀ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਸਿਆਸੀ ਮਤਭੇਦਾਂ ਦੇ ਚੱਲਦਿਆਂ ਉਨ੍ਹਾਂ ਨੇ ਸ਼੍ਰੋਅਦ ਦੀ ਸਰਗਰਮ ਸਿਆਸਤ ਤੋਂ ਕਿਨਾਰਾ ਕਰ ਲਿਆ। ਮੇਜਰ ਸਿੰਘ ਉਬੋਕੇ ਦੇ ਬੇਟੇ ਸੱਜਣ ਸਿੰਘ ਨੇ ਕੁਝ ਸਮੇਂ ਪਹਿਲਾਂ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ ਸੀ ਪਰ ਵਿਧਾਨ ਸਭਾ ਦੀਆਂ ਚੋਣਾਂ 'ਚ ਸੱਜਣ ਸਿੰਘ ਨੇ ਕਾਂਗਰਸ ਧਰਮਬੀਰ ਅਗਿਨਹੋਤਰੀ ਦਾ ਸਾਥ ਦਿੱਤਾ ਸੀ।




# ਸੰਪਾਦਕੀ

## ਬਾਈਡਨ ਬਣੇ ਅਮਰੀਕਾ ਦੇ 46ਵੇਂ ਰਾਸ਼ਟਰਪਤੀ

ਅਮਰੀਕਾ 'ਚ ਰਾਸ਼ਟਰਪਤੀ ਦੀ ਚੋਣ 3 ਨਵੰਬਰ ਤੋਂ ਸ਼ੁਰੂ ਹੋਈ ਸੀ ਅਤੇ ਅੱਜ 7 ਨਵੰਬਰ ਨੂੰ ਨਤੀਜੇ ਆ ਗਏ ਹਨ। ਜਿਹਨਾਂ ਵਿਚ ਸ੍ਰੀ ਜੋ ਬਾਈਡੇਨ ਅਮਰੀਕਾ ਦੇ 46ਵੇਂ ਰਾਸ਼ਟਰਪਤੀ ਵਜੋਂ ਚੁਣੇ ਗਏ ਹਨ। ਉਹਨਾਂ ਨੇ ਰਿਕਾਰਡ 290 ਵੋਟਾਂ ਨਾਲ ਰਾਸ਼ਟਰਪਤੀ ਟਰੰਪ ਨੂੰ ਕਰਾਰੀ ਹਾਰ ਦਿੱਤੀ। ਭਾਰਤੀ ਮੂਲ ਦੀ ਕਮਲ ਹੈਰਿਸ ਨੇ ਜਿੱਤ ਦਰਜ ਕਰਵਾ ਕੇ ਇਤਿਹਾਸ ਰਚ ਦਿੱਤਾ ਹੈ। ਇਸ ਵਾਰ ਦੀਆਂ ਅਮਰੀਕੀ ਚੋਣਾਂ ਗੋਰੇ ਬਨਾਮ ਕਾਲੇ ਵਿਚਕਾਰਲੇ ਭਿੰਨ-ਭੇਦ ਸਮੇਤ ਕਰੋਨਾ ਵਾਇਰਸ ਦੇ ਕਹਿਰ ਤੋਂ ਇਲਾਵਾ ਸਥਾਨਕ ਮੁੱਦਿਆਂ ਤੇ ਲੜੇ ਗਏ। ਅਮਰੀਕਾ ਵਿਚ ਇਸ ਵਾਰ ਦੀਆਂ ਚੋਣਾਂ ਤੋਂ ਪਹਿਲਾਂ ਬਹੁਤ ਹਿੰਸਾ ਵੀ ਹੋਈ ਅਤੇ ਦੰਗੇ ਵੀ ਹੋਏ। ਇੱਥੋਂ ਤੱਕ ਕਿ ਵਾਈਟ ਹਾਊਸ ਤੇ ਹਮਲਾ ਤੱਕ ਹੋਇਆ। ਨਵੇਂ ਰਾਸ਼ਟਰਪਤੀ ਨੇ ਆਪਣੇ ਪਹਿਲੇ ਸੰਦੇਸ਼ ਵਿਚ ਇਹੀ ਕਿਹਾ ਹੈ ਕਿ ਉਹ ਮੁਲਕ ਨੂੰ ਇੱਕਜੁਟ ਕਰਨਗੇ ਅਤੇ ਕਿਸੇ ਕਿਸਮ ਦਾ ਭਿੰਨ-ਭੇਦ ਨਹੀਂ ਹੋਵੇਗਾ। ਪੰਜ ਸਾਲ ਪਹਿਲਾਂ, ਡੋਨਾਲਡ ਟਰੰਪ 'ਗੋਲਡਨ ਐਸਕਲੇਟਰ' ਰਾਹੀਂ ਰਾਜਨੀਤੀ 'ਚ ਦਾਖ਼ਲ ਹੋਏ ਸਨ ਤੇ ਉਨ੍ਹਾਂ ਲਈ ਬਹੁਤ ਵੱਡੀ ਮੁਹਿੰਮ ਚਲਾਈ ਗਈ ਸੀ। ਜੇਕਰ ਪਿਛਲੀ ਚੋਣ ਦੀ ਗੱਲ ਕਰੀਏ ਤਾਂ ਟਰੰਪ ਨੇ ਵਾਅਦਾ ਕੀਤਾ ਸੀ ਕਿ ਉਹ ਦੇਸ਼ ਨੂੰ ਇਕ ਪੁਰਾਣੇ ਅਮਰੀਕਾ ਵਿਚ ਬਦਲਣਾ ਚਾਹੁੰਦੇ ਹਨ ਜਿਸ ਤੋਂ ਦੁਨੀਆ ਡਰਦੀ ਸੀ। ਇਕ ਨਵੇਂ ਸੁਪਨੇ ਨੇ ਨੌਜਵਾਨ ਵੋਟਰਾਂ ਨੂੰ ਟਰੰਪ ਵੱਲ ਮੋੜ ਦਿੱਤਾ ਸੀ। ਨਾਲ ਹੀ ਭਾਰਤੀ, ਯਹੂਦੀ, ਗ਼ੈਰ-ਅਮਰੀਕੀ ਤੇ ਹਥਿਆਰਾਂ ਦੀ ਲਾਬੀ ਵੀ ਟਰੰਪ ਦੇ ਹੱਕ 'ਚ ਆਉਣ ਲੱਗੀ ਸੀ। ਟਰੰਪ ਦੇ ਕੱਟੜ ਰਾਸ਼ਟਰਵਾਦ ਨਾਲ ਨਵੀਂ ਸਨਸਨੀ ਪੈਦਾ ਹੋਈ ਸੀ। ਹਿਲੇਰੀ ਕਲਿੰਟਨ ਦੀ ਸਿਹਤ ਨੂੰ ਟਰੰਪ ਨੇ ਮੁੱਦਾ ਬਣਾਇਆ ਸੀ।

ਟਰੰਪ ਦੀ ਜਿੱਤ ਅਤੇ ਹਿਲੇਰੀ ਦੀ ਹਾਰ ਦਾ ਵੱਡਾ ਕਾਰਨ ਈਮੇਲ ਵਿਵਾਦ ਸੀ। ਵਿਦੇਸ਼ ਮੰਤਰੀ ਹੋਣ ਦੇ ਨਾਤੇ ਹਿਲੇਰੀ ਨੇ ਨਿੱਜੀ ਸਰਵਰਾਂ ਤੋਂ ਕਈ ਸਰਕਾਰੀ ਈਮੇਲਾਂ ਭੇਜੀਆਂ ਸਨ। ਟਰੰਪ ਨੇ ਇਸ ਨੂੰ ਵੱਡਾ ਚੋਣ ਮੁੱਦਾ ਬਣਾਇਆ। ਹਾਲਾਂਕਿ ਵੋਟ ਪਾਉਣ ਤੋਂ ਕੁਝ ਦਿਨ ਪਹਿਲਾਂ ਐਫਬੀਆਈ ਨੇ ਹਿਲੇਰੀ ਨੂੰ ਕਲੀਨ ਚਿੱਟ ਦੇ ਦਿੱਤੀ ਸੀ ਪਰ ਲੋਕਾਂ ਨੇ ਇਸ ਨੂੰ ਲਾਪਰਵਾਹੀ ਕਰਾਰ ਦਿੱਤਾ ਤੇ ਉਹ ਹਾਰ ਗਈ। ਭਾਰਤ ਨੂੰ ਅਮਰੀਕਾ ਦੀ ਚੋਣ ਪ੍ਰਣਾਲੀ ਤੋਂ ਕਾਫ਼ੀ ਕੁਝ ਸਿੱਖਣ ਦੀ ਲੋੜ ਹੈ। ਅਮਰੀਕਾ ਦਾ ਸਭ ਤੋਂ ਵਧੀਆ ਡਿਬੇਟ ਕਲਚਰ ਹੈ। ਹਾਲਾਂਕਿ ਖ਼ਰਚ 'ਚ ਇਸ ਵਾਰ ਅਮਰੀਕਾ ਨੇ ਵੀ ਸਾਰੇ ਰਿਕਾਰਡ ਤੋੜ ਦਿੱਤੇ ਹਨ।

ਅਦਾਰਾ ਪਰਦੇਸ ਟਾਇਮਜ਼ ਵੱਲੋਂ ਨਵੇਂ ਰਾਸ਼ਟਰਪਤੀ ਸ੍ਰੀ ਜੋ ਬਾਈਡਨ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਸਮੇਤ ਸਾਰੇ ਸੈਨੇਟਰਾਂ ਅਤੇ ਪ੍ਰਤੀਨਿਧ ਸਦਨ ਦੇ ਮੈਂਬਰਾਂ ਨੂੰ ਲੱਖ-ਲੱਖ ਵਧਾਈ।

**-ਬਲਬੀਰ ਸਿੰਘ ਐਮ ਏ**


Balbir Singh M.A.
Editor in Chief & Publisher
e-mail: bsma54@gmail.com
Tel : 510-938-7771, Ph : 510-516-3536
36415 RUSCHIN DR. NEWARK, CA 94560

Pardes Times (2nd office)
Ranjit Kandola ,Managing Editor
530-315-1020, email-Kandola@macloans.net

Buta Ram joshi Staff Reporter, Fresno 559-803-0055

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245


The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਕਿਸਾਨ ਆਗੂ ਸਰ ਛੋਟੂ ਰਾਮ ਨੂੰ ਯਾਦ ਕਰਦਿਆਂ

ਸਰ ਛੋਟੂ ਰਾਮ ਨੇ ਆਪਣੀ ਮਿਹਨਤ ਤੇ ਲਗਨ ਦੇ ਬਲਬੂਤੇ ਕਿਸਾਨ ਭਾਈਚਾਰੇ ਖ਼ਾਸਕਰ ਜਾਟਾਂ/ਜੱਟਾਂ ਨੂੰ ਯੋਗ ਅਗਵਾਈ ਦਿੰਦਿਆਂ ਅੰਗਰੇਜ਼ ਹਕੂਮਤ ਤੋਂ ਕਿਸਾਨ ਹਿੱਤਾਂ ਲਈ ਅਹਿਮ 22 ਕਾਨੂੰਨ ਪਾਸ ਕਰਵਾਏ ਅਤੇ ਉਨ੍ਹਾਂ ਨੂੰ ਸ਼ਾਹੂਕਾਰਾਂ ਦੇ ਚੁੰਗਲ ਤੋਂ ਛੁਡਵਾਇਆ। ਛੋਟੂ ਰਾਮ ਦੀ ਸ਼ਖ਼ਸੀਅਤ ਉਸ ਵੇਲੇ ਦੇ ਜਟਿਲ ਸਿਆਸੀ ਹਾਲਾਤ ਦੀ ਦੇਣ ਸੀ। ਉਨ੍ਹਾਂ ਦੀ ਪਾਰਟੀ ਯੂਨੀਅਨਿਸਟ ਪਾਰਟੀ ਨੇ ਪੰਜਾਬ ਵਿਚ ਬਹੁਤ ਦੇਰ ਤੱਕ ਮੁਸਲਿਮ ਲੀਗ ਦੇ ਪੈਰ ਨਾ ਲੱਗਣ ਦਿੱਤੇ। ਇਹ ਲੇਖ ਉਨ੍ਹਾਂ ਦੇ ਜੀਵਨ ਬਾਰੇ ਜਾਣਕਾਰੀ ਦਿੰਦਾ ਹੈ।

**ਕਿਸਾਨ/ਸਿਆਸਤ**

ਸਰ ਛੋਟੂ ਰਾਮ ਅਖੰਡ ਪੰਜਾਬ ਦਾ ਸਿਰ ਕੱਢ ਨੇਤਾ ਹੋ ਗੁਜ਼ਰਿਆ ਹੈ। ਉਸ ਵੇਲੇ ਦਾ ਪੰਜਾਬ ਪਾਕਿਸਤਾਨੀ ਪਿਸ਼ਾਵਰ ਤੋਂ ਦਿੱਲੀ ਪਾਰ ਦੇ ਪਲਵਲ ਤੱਕ ਫੈਲਿਆ ਹੋਇਆ ਸੀ। ਯੂਰਪ ਦੇ ਕਈ ਦੇਸ਼ਾਂ ਨਾਲੋਂ ਵੱਡਾ।

ਉਹ ਆਪਣੇ ਮਾਪਿਆਂ ਦਾ ਸਭ ਤੋਂ ਛੋਟਾ ਬੇਟਾ ਸੀ। ਉਸ ਦਾ ਨਾਂ ਤਾਂ ਰਾਮ ਰਛਪਾਲ ਸੀ, ਪਰ ਛੋਟਾ ਹੋਣ ਕਾਰਨ ਉਸ ਦੀ ਅੱਲ ਛੋਟੂ ਰਾਮ ਪੈ ਗਈ। ਸਕੂਲ ਵਿਚ ਵੀ ਇਹੀਓ ਨਾਂ ਲਿਖਿਆ ਗਿਆ ਤਾਂ ਸਾਰੀ ਉਮਰ ਏਸ ਨਾਂ ਨਾਲ ਹੀ ਜੀਵਿਆ।

ਛੋਟੂ ਰਾਮ ਪੜ੍ਹਨ ਵਿਚ ਹੁਸ਼ਿਆਰ ਸੀ ਤੇ ਛੇਤੀ ਹੀ ਸਟੇਜ 'ਤੇ ਵੀ ਬੇਝਿਜਕ ਬੋਲਣ ਲੱਗ ਪਿਆ। ਉਸ ਦੀ ਪੜ੍ਹਾਈ ਜਾਰੀ ਰੱਖਣ ਲਈ ਉਸ ਦੇ ਆਰੀਆ ਸਮਾਜੀ ਪਿਤਾ ਨੂੰ ਵਾਰ ਵਾਰ ਸ਼ਾਹੂਕਾਰਾਂ ਤੋਂ ਕਰਜ਼ ਲੈਣਾ ਪਿਆ। ਜਦੋਂ ਉਸ ਨੇ ਨੌਵੀਂ ਸ਼੍ਰੇਣੀ ਵਿਚ ਜਾਣਾ ਸੀ ਤਾਂ ਪਿਤਾ ਆਪਣੇ ਬੇਟੇ ਨੂੰ ਨਾਲ ਲੈ ਕੇ ਸਿਖਰ ਦੁਪਹਿਰੇ ਇਕ ਵਾਰ ਫੇਰ ਸ਼ਾਹੂਕਾਰ ਘਾਸੀ ਰਾਮ ਦੇ ਘਰ ਪਹੁੰਚਿਆ। ਘਾਸੀ ਰਾਮ ਉਸ ਦੇ ਪਿਤਾ ਨੂੰ ਛੱਤ ਵਾਲੇ ਪੱਖੇ ਦੀ ਰੱਸੀ ਖਿੱਚਣ ਲਾ ਕੇ ਖ਼ੁਦ ਗੱਦੇ 'ਤੇ ਲੇਟ ਕੇ ਘੁਰਾੜੇ ਮਾਰਨ ਲੱਗ ਪਿਆ। ਮਾੜੀ ਗੱਲ ਇਹ ਕਿ ਉਸ ਨੂੰ ਕਰਜ਼ ਦੇਣ ਤੋਂ ਵੀ ਨਾਂਹ ਕਰ ਦਿੱਤੀ। ਇਹ ਕਹਿ ਕੇ ਕਿ ਹੁਣ ਬੇਟਾ ਮਿਡਲ ਪਾਸ ਹੋ ਗਿਆ ਹੈ ਤੇ ਪਟਵਾਰੀ ਲੱਗ ਸਕਦਾ ਹੈ। ਛੋਟੂ ਰਾਮ ਨੂੰ ਪਿਤਾ ਦਾ ਉਹ ਵਾਲਾ ਨਿਰਾਦਰ ਸਾਰੀ ਉਮਰ ਨਹੀਂ ਭੁੱਲਿਆ। ਉਹਦੇ ਮਨ ਵਿਚ ਦੇਸੀ ਸ਼ਾਹੂਕਾਰਾਂ ਵਿਰੁੱਧ ਹੀ ਨਹੀਂ ਵਿਸ਼ਵ ਵਪਾਰ ਸੰਗਠਨ ਵਿਰੁੱਧ ਵੀ ਨਫ਼ਰਤ ਭਰੀ ਗਈ, ਜਿਹੜੇ ਕਿਸਾਨਾਂ ਨੂੰ ਕਰਜ਼ਾਈ ਕਰਕੇ ਖ਼ੁਦਕੁਸ਼ੀਆਂ ਦੇ ਰਾਹ ਤੋਰਦੇ ਸਨ।

ਇਹ ਸਬੱਬ ਦੀ ਗੱਲ ਹੈ ਕਿ ਇਨ੍ਹਾਂ ਦਿਨਾਂ ਵਿਚ ਹੀ ਨੌਜਵਾਨ ਛੋਟੂ ਰਾਮ ਦੀ ਗਾਜ਼ੀਆਬਾਦ ਦੇ

**ਗੁਲਜ਼ਾਰ ਸਿੰਘ ਸੰਧੂ**

ਰੇਲਵੇ ਸਟੇਸ਼ਨ 'ਤੇ ਛੱਜੂ ਰਾਮ ਨਾਂ ਦੇ ਇਕ ਪਰਉਪਕਾਰੀ ਸੇਠ ਨਾਲ ਮੁਲਾਕਾਤ ਹੋ ਗਈ। ਸੇਠ ਉਸ ਦੀ ਲਿਆਕਤ ਤੇ ਸਲੀਕੇ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਬੁੱਧੀਮਾਨ ਨੌਜਵਾਨ ਦੀ ਰੱਜ ਕੇ ਮਦਦ ਕੀਤੀ, ਬੀਏ ਪਾਸ ਕਰਨ ਤੱਕ।

ਛੋਟੂ ਰਾਮ ਨੇ ਬੀਏ ਪਾਸ ਕਰਕੇ ਦੋ ਤਿੰਨ



ਦੇਸੀ ਰਿਆਸਤਾਂ ਦੇ ਰਾਜਿਆਂ, ਮਹਾਰਾਜਿਆਂ ਕੋਲ ਛੁਟ-ਪੁੱਟ ਨੌਕਰੀ ਕਰਨ ਉਪਰੰਤ ਆਗਰਾ ਦੇ ਲਾਅ ਕਾਲਜ ਤੋਂ ਵਕਾਲਤ ਵੀ ਪਾਸ ਕਰ ਲਈ ਤੇ ਉਥੋਂ ਦੀ ਕਚਹਿਰੀ ਵਿਚ ਵਕਾਲਤ ਕੀਤੀ। ਭਾਵੇਂ ਛੇਤੀ ਹੀ ਛੋਟੂ ਰਾਮ ਦਾ ਨਾਂ ਫ਼ੌਜਦਾਰੀ ਮੁਕੱਦਮਿਆਂ ਦੇ ਮਾਹਰ ਵਜੋਂ ਪ੍ਰਸਿੱਧ ਹੋ ਗਿਆ, ਪਰ ਉਸ ਦਾ ਮਨ ਇਸ ਧੰਦੇ ਵਿਚ ਨਹੀਂ ਸੀ ਲੱਗ ਰਿਹਾ। ਅੰਤ ਉਸ ਨੇ ਰਾਜਨੀਤੀ ਵਿਚ ਕੁੱਦਣ ਦਾ ਮਨ ਬਣਾ ਲਿਆ ਤੇ 1923 ਦੀਆਂ ਪੰਜਾਬ ਕਾਉਂਸਲ ਚੋਣਾਂ ਲੜ ਕੇ ਭਾਰੀ ਮਤਦਾਨ ਨਾਲ ਜੇਤੂ ਰਿਹਾ। ਇਸ ਜਿੱਤ ਤੋਂ ਪਿੱਛੋਂ ਉਸ ਦਾ ਸੰਪਰਕ ਸਿਕੰਦਰ ਹਯਾਤ ਖ਼ਾਨ ਤੇ ਫ਼ੈਸਲ-ਏ-ਹੁਸੈਨ ਖਾਂ ਨਾਲ ਹੋ ਗਿਆ ਤੇ ਇਕ ਸ਼ਕਤੀਸ਼ਾਲੀ ਤਿੱਕੜੀ ਹੋਂਦ ਵਿਚ ਆ ਗਈ। ਫੇਰ ਤਿੰਨਾਂ ਨੇ ਮਿਲ ਕੇ ਇਕ ਵੱਖਰੀ ਯੂਨੀਅਨਿਸਟ ਪਾਰਟੀ ਦਾ ਗਠਨ ਕਰ ਲਿਆ।

ਇਸ ਪਾਰਟੀ ਦਾ ਮੂਲ ਏਜੰਡਾ ਧਰਮ, ਜਾਤੀ ਤੇ ਵਰਗ ਤੋਂ ਉੱਤੇ ਉੱਠ ਕੇ ਆਮ ਜਨਤਾ ਨੂੰ ਸਮਾਜ ਸੁਧਾਰ ਦੇ ਰਾਹ ਤੋਰਨਾ ਸੀ। ਪਾਰਟੀ ਦੇ ਕਿਸਾਨ ਚਿਹਰੇ ਵਜੋਂ ਜਾਣੀ ਜਾਂਦੀ ਜ਼ਿਮੀਂਦਾਰਾ ਲੀਗ ਵਿਚ ਵੀ ਨਵੀਂ ਰੂਹ ਫੂਕੀ ਗਈ। ਪਾਰਟੀ ਦੇ ਕਾਇਦੇ ਕਾਨੂੰਨ ਹਿੰਦੂਆਂ ਲਈ ਵੇਦ ਤੇ ਮੁਸਲਮਾਨਾਂ ਲਈ ਕੁਰਾਨ ਦੀ ਪਦਵੀ ਧਾਰ ਗਏ। ਫੇਰ ਜਦੋਂ ਚੌਧਰੀ ਛੋਟੂ ਰਾਮ ਨੂੰ ਖੇਤੀਬਾੜੀ, ਸਿੱਖਿਆ ਤੇ ਉਦਯੋਗ ਦੇ ਮਹਿਕਮਿਆਂ ਦਾ ਮੰਤਰੀ ਥਾਪਿਆ ਗਿਆ ਤਾਂ ਉਸ ਦੇ ਮੋਢਿਆਂ 'ਤੇ ਭਾਰੀ ਜ਼ਿੰਮੇਵਾਰੀ ਆ ਪਈ, ਜੋ ਉਸ ਨੇ ਪੂਰੀ ਦ੍ਰਿੜ੍ਹਤਾ, ਦਲੀਲ ਤੇ ਈਮਾਨਦਾਰੀ ਨਾਲ ਨਿਭਾਈ। ਜੇ ਸੱਚ ਪੁੱਛਦੇ ਹੋ ਤਾਂ ਗੋਰੇ ਹਾਕਮਾਂ ਤੋਂ 1930-1942 ਦੇ ਤੇਰਾਂ ਸਾਲਾਂ ਵਿਚ ਕਿਸਾਨ ਭਲਾਈ ਦੇ ਬਾਈ ਐਕਟ ਤੇ ਬਿੱਲ ਪਾਸ ਕਰਵਾਉਣ ਦਾ ਸਿਹਰਾ ਕੇਵਲ ਉਸ ਦੇ ਹੀ ਸਿਰ ਬੱਝਦਾ ਹੈ।

1937 ਦੀਆਂ ਚੋਣਾਂ ਵਿਚ ਤਾਂ ਹੱਦ ਹੀ ਹੋ ਗਈ। ਕੁੱਲ 124 ਸੀਟਾਂ ਵਿਚੋਂ ਯੂਨੀਅਨਿਸਟ ਪਾਰਟੀ ਨੂੰ 95, ਕਾਂਗਰਸ ਨੂੰ 18, ਅਕਾਲੀਆਂ ਨੂੰ 10 ਤੇ ਮੁਸਲਿਮ ਲੀਗ ਨੂੰ ਕੇਵਲ ਇਕ ਸੀਟ ਮਿਲੀ। ਅੰਤ ਮੁਹੰਮਦ ਅਲੀ ਜਿਨਾਹ ਨੇ ਯੂਨੀਅਨਿਸਟ ਪਾਰਟੀ ਦੇ ਮੁਸਲਮਾਨ ਨੇਤਾਵਾਂ ਦੇ ਬੇਟਿਆਂ ਨੂੰ ਭਰਮਾਉਣਾ ਸ਼ੁਰੂ ਕਰ ਦਿੱਤਾ। ਜਦੋਂ ਸਿਕੰਦਰ ਹਯਾਤ ਖਾਂ ਦਾ ਬੇਟਾ ਵੀ ਜਿਨਾਹ ਨਾਲ ਹੋ ਤੁਰਿਆ ਤਾਂ ਜਿਨਾਹ ਨੇ ਮਮਦੋਟ ਵਿਲਾ ਵਿਖੇ ਇਕ ਮੀਟਿੰਗ ਰੱਖੀ, ਜਿਸ ਵਿਚ ਹੋਰਨਾਂ ਗੱਲਾਂ ਤੋਂ ਬਿਨਾਂ ਸੁਤੰਤਰਤਾ ਪ੍ਰੋਗਰਾਮ ਦਾ ਮੁੱਦਾ ਵੀ ਸ਼ਾਮਲ ਸੀ। ਜਦੋਂ ਉਸ ਨੇ ਭਵਿੱਖੀ ਸਰਕਾਰ ਵਿਚ ਛੋਟੂ ਰਾਮ ਨੂੰ ਮੰਤਰੀ ਬਣਾਉਣ ਦਾ ਚੋਗਾ ਪਾਉਣਾ ਚਾਹਿਆ ਤਾਂ ਛੋਟੂ ਰਾਮ ਨੇ ਮੇਜ਼ 'ਤੇ ਮੁੱਕਾ ਮਾਰ ਕੇ 'ਨਹੀਂ, ਨਹੀਂ, ਕਦੀ ਨਹੀਂ ਮਿਸਟਰ ਜਿਨਾਹ' ਕਿਹਾ ਤੇ ਮੀਟਿੰਗ ਵਿਚੋਂ ਉੱਠ ਗਿਆ। ਉਸ ਪਿੱਛੋਂ ਜਿਨਾਹ ਛੋਟੂ ਰਾਮ ਵਿਰੁੱਧ ਥਾਂ-ਥਾਂ ਜ਼ਹਿਰ ਉਗਲਣ ਦੇ ਨਾਲ 'ਅਗਰ ਪਾਕਿਸਤਾਨ ਨਹੀਂ ਤੋ ਹਿੰਦੁਸਤਾਨ ਭੀ ਨਹੀਂ' ਨਾਅਰੇ ਲਾਉਣ ਲੱਗ ਪਿਆ। ਅੰਤ ਛੋਟੂ ਰਾਮ ਵੱਲੋਂ ਜਿਨਾਹ ਨੂੰ ਇਕ ਤਰ੍ਹਾਂ ਦਾ ਹੁਕਮ ਭਿਜਵਾਇਆ

**(ਬਾਕੀ ਸਫਾਂ 23 'ਤੇ)**

# ਖ਼ੁਦਕੁਸ਼ੀਆਂ ਦੇ ਰਾਹ ਕਿਉਂ ਪਏ ਪੰਜਾਬੀ?

ਪੰਜਾਬ ਦੇ ਲੋਕ ਹਮੇਸ਼ਾ ਜ਼ਿੰਦਾਦਿਲ ਰਹੇ ਹਨ ਅਤੇ ਹਰ ਔਖੀ ਘੜੀ ਦਾ ਡਟ ਕੇ ਸਾਹਮਣਾ ਕੀਤਾ ਹੈ ਪਰ ਪਿਛਲੇ ਕੁਝ ਸਮੇਂ ਤੋਂ ਇਹ ਆਪਣੀ ਇਸ ਜ਼ਿੰਦਾਦਿਲੀ ਤੋਂ ਅੱਖਾਂ ਚੁਰਾ ਰਹੇ ਹਨ ਕਿਉਂਕਿ ਆਏ ਦਿਨ ਪੂਰੇ ਦੇ ਪੂਰੇ ਪਰਿਵਾਰਾਂ ਵੱਲੋਂ ਅਪਣਾਇਆ ਗਿਆ ਖ਼ੁਦਕੁਸ਼ੀਆਂ ਦਾ ਰਾਹ ਪੰਜਾਬੀਆਂ ਅੰਦਰਲੀ ਨੀਰਸ ਹੋ ਚੁੱਕੀ ਵਿਸਫੋਟਕ ਸਥਿਤੀ ਨੂੰ ਬਿਆਨ ਕਰ ਰਿਹਾ ਹੈ।

ਅਜਿਹੀਆਂ ਕਿਹੜੀਆਂ ਸਥਿਤੀਆਂ ਪੈਦਾ ਹੋ ਰਹੀਆਂ ਹਨ ਕਿ ਪੂਰਾ ਪਰਿਵਾਰ ਉਸ ਦਾ ਸਾਹਮਣਾ ਕਰਨ ਦੀ ਬਜਾਏ ਮੌਤ ਨੂੰ ਗਲੇ ਲਾ ਕੇ ਜ਼ਿੰਦਗੀ ਜਿਉਣ ਤੋਂ ਭੱਜ ਰਿਹਾ ਹੈ।

**ਗੁਰਤੇਜ ਸਿੰਘ ਬਰਾੜ**

ਬਿਨਾਂ ਸ਼ੱਕ ਅੱਜ ਵੱਡੇ ਪੱਧਰ 'ਤੇ ਲੋਕਾਂ ਦੇ ਰੁਜ਼ਗਾਰ ਖੁੱਸ ਗਏ ਹਨ ਤੇ ਵੱਡੇ ਪੱਧਰ 'ਤੇ ਲੋਕ ਆਪਣੇ ਪਰਿਵਾਰ ਦਾ ਪੇਟ ਪਾਲਣ ਤੋਂ ਲੈ ਕੇ ਮਾਨਸਿਕ ਪਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਹਨ ਪਰ ਫਿਰ ਵੀ ਖ਼ੁਦਕੁਸ਼ੀ ਅਜਿਹੇ ਹਾਲਾਤ ਤੋਂ ਛੁਟਕਾਰੇ ਦਾ ਰਾਹ ਨਹੀਂ ਹੋਣੀ ਚਾਹੀਦੀ।

ਖ਼ਾਸ ਕਰਕੇ ਪੰਜਾਬ ਵਰਗੇ ਸੂਬੇ 'ਚ ਜੇ ਅਜਿਹਾ ਵਾਪਰਦਾ ਹੈ ਤਾਂ ਇਹ ਉਸ ਤੋਂ ਮੰਦਭਾਗਾ ਹੈ ਕਿਉਂਕਿ ਜ਼ਿੰਦਗੀ ਤੋਂ ਨਿਰਾਸ਼ ਹੋਣਾ ਤਾਂ ਪੰਜਾਬੀਆਂ ਨੇ ਕਦੇ ਸਿੱਖਿਆ ਹੀ ਨਹੀਂ ਸੀ। ਪੰਜਾਬ ਅਜਿਹਾ ਸੂਬਾ ਹੈ , ਜੋ ਪਤਾ ਨਹੀਂ ਕਿੰਨੀ ਵਾਰ ਉਜੜਿਆ ਪਰ ਇੱਥੋਂ ਦੇ ਕਦੇ ਨਾ ਅੱਕਣ ਤੇ ਨਾ ਥੱਕਣ ਵਾਲੇ ਲੋਕਾਂ ਨੇ ਇਕ-ਦੂਜੇ ਨਾਲ ਸਿਰ ਜੋੜ ਕੇ ਇਸ ਨੂੰ ਫਿਰ ਤੋਂ ਪੈਰਾਂ ਸਿਰ ਖੜ੍ਹਾ ਕੀਤਾ ਹੈ।ਪਰ ਹੁਣ ਅਜਿਹੀਆਂ ਕਿਹੜੀਆਂ ਸਥਿਤੀਆਂ ਪੈਦਾ ਹੋ ਰਹੀਆਂ ਹਨ, ਜਿਨ੍ਹਾਂ ਨੇ ਪੰਜਾਬੀਆਂ ਦੀ ਜ਼ਿੰਦਗੀ ਨੂੰ ਜ਼ਿੰਦਾਦਿਲ ਦੀ ਬਜਾਏ ਤੰਗਦਿਲ ਬਣਾ ਕੇ ਰੱਖ ਦਿੱਤਾ ਹੈ। ਜਿਸ ਤਰ੍ਹਾਂ ਸਾਡੀ ਭਾਈਚਾਰਕ ਸਾਂਝ ਦਿਨੋਂ-ਦਿਨ ਸੁੰਗੜਦੀ ਜਾ ਰਹੀ ਹੈ, ਉਸੇ ਤਰ੍ਹਾਂ ਹੀ ਸਾਡੀ ਜ਼ਿੰਦਗੀ ਵਿਚ ਔਖੀ ਘੜੀ ਨਾਲ ਲੜਨ ਦੀ ਇੱਛਾ ਸ਼ਕਤੀ ਸੁੰਗੜਦੀ ਜਾ ਰਹੀ ਹੈ। ਪੰਜਾਬੀਆਂ ਦੇ ਮਨੋਬਲ ਦਾ ਸਭ ਤੋਂ ਵੱਡਾ ਸੋਮਾ ਹੀ ਭਾਈਚਾਰਕ ਸਾਂਝ ਸੀ ਪਰ ਅੱਜ ਹਰ ਪਰਿਵਾਰ ਆਪਣੇ ਆਪ ਵਿਚ ਹੀ ਸੀਮਤ ਹੋ ਕੇ ਰਹਿ ਗਿਆ ਹੈ , ਜਿਸ ਕਾਰਨ ਕਿਸੇ ਨਾਲ ਦੁੱਖ- ਸੁੱਖ ਸਾਂਝਾ ਕਰਨ ਦਾ ਸਭ ਤੋਂ ਵੱਡਾ ਪਲੇਟਫਾਰਮ ਅਸੀ ਗੁਆ ਲਿਆ ਹੈ ਤੇ ਅੱਜ ਅਸੀਂ ਪਰੇਸ਼ਾਨੀਆਂ ਦਾ ਟੋਕਰਾ ਆਪਣੇ ਸਿਰਾਂ 'ਤੇ ਲੱਦੀ ਫਿਰ ਰਹੇ ਹਾਂ।

ਪਹਿਲਾਂ ਇਹ ਪਰੇਸ਼ਾਨੀਆਂ ਸਾਂਝੇ ਪਰਿਵਾਰਾਂ, ਸ਼ਰੀਕੇ -ਕਬੀਲੇ, ਆਂਢ- ਗੁਆਂਢ ਨਾਲ ਸਾਂਝੀਆਂ ਕਰ ਕੇ ਇਨ੍ਹਾਂ ਦਾ ਭਾਰ ਸਿਰੋਂ ਲਾਹ ਲਿਆ ਜਾਂਦਾ ਸੀ ਤੇ ਇਨ੍ਹਾਂ ਦਾ ਹੱਲ ਵੀ ਰਲ- ਮਿਲ ਕੇ ਕੱਢ ਲਿਆ ਜਾਂਦਾ ਸੀ।। ਇਸ ਲਈ ਖ਼ੁਦਕੁਸ਼ੀ ਜਿਹਾ ਮਹਾਪਾਪ ਕਰਨਾ ਤਾਂ ਦੂਰ ਸੋਚਣ ਦੀ ਨੌਬਤ ਵੀ ਨਹੀਂ ਸੀ ਆਉਂਦੀ ਪਰ ਹੌਲੀ -ਹੌਲੀ ਲੋਕ ਪਹਿਲਾਂ ਪਰਿਵਾਰਾਂ ਵਿਚ ਸੁੰਗੜ ਕੇ ਰਹਿ ਗਏ ਤੇ ਹੁਣ ਪਰਿਵਾਰਾਂ ਤੋਂ ਵੀ ਇਕੱਲਾ- ਇਕੱਲਾ ਜੀਅ ਕਮਰਿਆਂ ਵਿਚ ਸੁੰਗੜ ਕੇ ਰਹਿ ਗਿਆ ਹੈ।

ਕਦੇ ਨਾ ਡੋਲਣ ਵਾਲਾ ਪੰਜਾਬੀ ਇਨ੍ਹਾਂ ਪਰੇਸ਼ਾਨੀਆਂ ਦੇ ਭਾਰ ਤੋਂ ਛੁਟਕਾਰਾ ਪਾਉਣ ਲਈ ਸਣੇ ਟੋਕਰੇ ਅਜਿਹੇ ਟੋਏ 'ਚ ਛਾਲ ਮਾਰ ਰਿਹਾ ਹੈ, ਜਿੱਥੋਂ ਕੋਈ ਕਦੇ ਵਾਪਸ ਨਹੀਂ ਆਉਂਦਾ। ਇਸ ਲਈ ਆਓ ਭਾਈਚਾਰਕ ਸਾਂਝ ਨੂੰ ਫਿਰ ਤੋਂ ਮਜ਼ਬੂਤ ਕਰੀਏ ਤੇ ਆਪਣੇ ਦੁੱਖਾਂ- ਸੁੱਖਾਂ ਨੂੰ ਪਰਿਵਾਰਾਂ, ਆਂਢ- ਗੁਆਂਢ ਤੇ ਸਕੇ ਸਬੰਧੀਆਂ ਨਾਲ ਵੰਡਾ ਕੇ ਪਰੇਸ਼ਾਨੀਆਂ ਦੇ ਟੋਕਰੇ ਨੂੰ ਸਿਰ ਤੋਂ ਲਾਹੀਏ ਤੇ ਲੁਹਾਈਏ।


## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | | |
|---|---|---|---|
| (1) ਸ. ਦੀਦਾਰ ਸਿੰਘ ਬੈਂਸ | (10) ਡਾ. ਚਰਨਜੀਤ ਸਿੰਘ ਉੱਪਲ | (19) ਕਸ਼ਮੀਰ ਸਿੰਘ ਧੁੱਗਾ | (28) ਹੈਰੀ ਸਿੱਧੂ |
| (2) ਅਵਤਾਰ ਸਿੰਘ ਸਹੋਤਾ | (11) ਕੁਲਦੀਪ ਸਿੰਘ ਅਟਵਾਲ | (20) ਅਮੋਲਕ ਸਿੰਘ ਗਾਖਲ | (29) ਜਸਵੀਰ ਸਿੰਘ ਕੁਲਾਰ |
| (3) ਗੈਰੀ ਬਸਰਾਏ | (12) ਸੁਰਜੀਤ ਸਿੰਘ ਅਟਵਾਲ | (21) ਹਰਨੇਕ ਸਿੰਘ ਅਟਵਾਲ | (30) ਰਾਜ ਬਡਵਾਲ |
| (4) ਹਰਦੀਪ ਸਿੰਘ ਢਾਡਲੀ | (13) ਬਘੇਲ ਸਿੰਘ ਜਸਵਾਲ | (22) ਬਲਦੇਵ ਸਿੰਘ ਮਾਨ | (31) ਕਮਲਜੀਤ ਸਿੰਘ ਅਟਵਾਲ |
| (5) ਬਲਬੀਰ ਸਿੰਘ ਸੋਹਲ | (14) ਗੁਰਵਿੰਦਰ ਸਿੰਘ ਮਾਵੀ | (23) ਸ੍ਰੀ ਸੁੱਚਾ ਰਾਮ ਜੀ | (32) ਡਾ. ਭੁਪਿੰਦਰ ਭੰਡਾਰੀ |
| (6) ਗੁਰਨਾਮ ਸਿੰਘ ਪੰਮਾ | (15) ਡਾ ਦਲਵੀਰ ਪੰਨੂ | (24) ਜੌਹਨ ਸਿੰਘ ਗਿੱਲ | (33) ਅਜੈਬ ਸਿੰਘ ਮੱਲੀ |
| (7) ਦਲਵੀਰ ਸਿੰਘ ਗਿੱਲ | (16) ਡਾ. ਹਰਮੇਸ਼ ਕੁਮਾਰ | (25) ਉਂਕਾਰ ਸਿੰਘ ਸੈਣੀ | (34) ਹਰਜੀਤ ਗਿੱਲ |
| (8) ਗੁਰਮੇਜ ਸਿੰਘ ਗਿੱਲ | (17) ਸੁਰਿੰਦਰ ਸਿੰਘ ਧਨੋਆ | (26) ਕੁਲਵੰਤ ਸਿੰਘ ਨਿਜਰ | (35) ਸਰਬਜੀਤ ਸਿੰਘ ਸਾਬੀ |
| (9) ਸੁਖਰਾਜ ਸਿੰਘ ਢਿੱਲੋਂ | (18) ਅਵਤਾਰ ਸਿੰਘ ਤਾਰੀ | (27) ਸੁਖਵੀਰ ਸਿੰਘ ਨਿਜਰ | (36) ਕੁਲਦੀਪ ਸਿੰਘ ਸਹੋਤਾ (ਡੀਪੀਈ) |

# ਕੌਮੀ ਹਿੱਤਾਂ ਨੂੰ ਹੀ ਨੁਕਸਾਨ ਪਹੁੰਚਾ ਰਿਹਾ ਹੈ ਪਾਕਿਸਤਾਨ

ਪਾਕਿਸਤਾਨ ਇਕ ਵਾਰ ਫਿਰ ਖ਼ੁਦ ਆਪਣੇ ਹੀ ਹੱਥੋਂ ਬੇਨਕਾਬ ਹੋ ਗਿਆ ਹੈ। ਉੱਥੋਂ ਦੀ ਸੰਸਦ ਵਿਚ ਕੇਂਦਰੀ ਮੰਤਰੀ ਫਵਾਦ ਚੌਧਰੀ ਵੱਲੋਂ ਪੁਲਵਾਮਾ ਹਮਲੇ ਨੂੰ ਇਮਰਾਨ ਖ਼ਾਨ ਦੀ ਵੱਡੀ ਕਾਮਯਾਬੀ ਕਰਾਰ ਦਿੱਤੇ ਜਾਣ ਵਾਲੇ ਬਿਆਨ ਤੋਂ ਬਾਅਦ ਪਾਕਿਸਤਾਨ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਬੁਰੀ ਤਰ੍ਹਾਂ ਸ਼ਰਮਸਾਰ ਹੋਇਆ ਹੈ।

ਇਹ ਬਿਆਨ ਪੀਐੱਮਐੱਲ-ਐੱਨ ਦੇ ਸੰਸਦ ਮੈਂਬਰ ਅਯਾਜ਼ ਸਾਦਿਕ ਦੇ ਇਸ ਬਿਆਨ ਦੇ ਜਵਾਬ ਵਿਚ ਆਇਆ ਸੀ ਕਿ ਵਿੰਗ ਕਮਾਂਡਰ ਅਭਿਨੰਦਨ ਦੀ ਰਿਹਾਈ ਇਸ ਲਈ ਹੋਈ ਕਿਉਂਕਿ ਭਾਰਤ ਦੇ ਹਮਲੇ ਦੇ ਖ਼ਦਸ਼ੇ ਕਾਰਨ ਫ਼ੌਜ ਮੁਖੀ ਬਾਜਵਾ ਅਤੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਦੇ ਪੈਰ ਕੰਬ ਰਹੇ ਸਨ ਅਤੇ ਪਸੀਨੇ ਛੁੱਟ ਰਹੇ ਸਨ।

ਪੁਲਵਾਮਾ ਹਮਲੇ ਦੇ ਪਿੱਛੇ ਪਾਕਿਸਤਾਨ ਦਾ ਹੱਥ ਹੋਣ ਦੀ ਗੱਲ ਪਹਿਲੀ ਵਾਰ ਸਾਹਮਣੇ ਨਹੀਂ ਆਈ। ਐੱਨਆਈਏ ਦੀ ਚਾਰਜਸ਼ੀਟ ਵੀ ਇਹੀ ਕਹਿ ਰਹੀ ਹੈ ਕਿ ਇਸ ਹਮਲੇ ਦੀ ਸਾਜ਼ਿਸ਼ ਪਾਕਿਸਤਾਨ ਵਿਚ ਘੜੀ ਗਈ ਸੀ। ਪੁਲਵਾਮਾ ਹਮਲੇ ਦੀ ਤਰ੍ਹਾਂ ਸੰਸਦ ਅਤੇ ਮੁੰਬਈ 'ਤੇ ਹਮਲਾ ਵੀ ਪਾਕਿਸਤਾਨ ਦੀ ਸਾਜ਼ਿਸ਼ ਦਾ ਨਤੀਜਾ ਸੀ। ਇਸੇ ਤਰ੍ਹਾਂ ਪਠਾਨਕੋਟ, ਉੜੀ, ਗੁਰਦਾਸਪੁਰ ਸਮੇਤ ਹੋਰ ਹਮਲੇ ਵੀ ਪਾਕਿਸਤਾਨ ਦੀ ਸਾਜ਼ਿਸ਼ ਦਾ ਹੀ ਨਤੀਜਾ ਸਨ। ਪਾਕਿਸਤਾਨ ਨੇ ਇਨ੍ਹਾਂ ਅਣਗਿਣਤ ਅੱਤਵਾਦੀ ਹਮਲਿਆਂ ਦੀ ਸਾਜ਼ਿਸ਼ ਘੜਨ ਵਾਲਿਆਂ ਵਿਰੁੱਧ ਕਦੇ ਕੋਈ ਕਾਰਵਾਈ ਨਹੀਂ ਕੀਤੀ। ਇਸੇ ਕਾਰਨ ਦੁਨੀਆ ਇਸ ਨਤੀਜੇ 'ਤੇ ਪੁੱਜ ਰਹੀ ਹੈ ਕਿ ਪਾਕਿਸਤਾਨ ਅੱਤਵਾਦ ਦਾ ਅੱਡਾ ਹੈ। ਅੱਤਵਾਦ ਨੂੰ ਸਮਰਥਨ ਦੇਣ ਕਾਰਨ ਹੀ ਪਾਕਿਸਤਾਨ, ਫਾਈਨਾਂਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫਏਟੀਐੱਫ) ਦੀ ਗ੍ਰੇ ਸੂਚੀ ਵਿਚ ਹੈ। ਉਹ ਇਸ ਸੂਚੀ ਤੋਂ ਬਾਹਰ ਤਾਂ ਆਉਣਾ ਚਾਹੁੰਦਾ ਹੈ ਪਰ ਆਪਣੇ ਇੱਥੇ ਅੱਤਵਾਦੀ ਧੜਿਆਂ ਨੂੰ ਨੱਥ ਪਾਏ ਬਿਨਾਂ। ਇਸੇ ਕਾਰਨ ਹਾਲ ਹੀ ਵਿਚ ਐੱਫਏਟੀਐੱਫ ਨੇ ਇਕ ਵਾਰ ਫਿਰ ਉਸ ਨੂੰ ਗ੍ਰੇ ਸੂਚੀ ਵਿਚ ਬਰਕਰਾਰ ਰੱਖਣ ਦਾ ਫ਼ੈਸਲਾ ਕੀਤਾ ਹੈ। ਹਾਲਾਂਕਿ ਭਾਰਤ ਨੂੰ ਦੁਸ਼ਮਣ ਮੰਨਣ ਦੀ ਸਨਕ ਵਿਚ ਪਾਕਿਸਤਾਨ ਬਰਬਾਦ ਹੋ ਰਿਹਾ ਹੈ ਪਰ ਉਹ ਸੁਧਰਨ ਨੂੰ ਤਿਆਰ ਨਹੀਂ। ਦਰਅਸਲ, ਪਾਕਿਸਾਤਨ 1947 ਤੋਂ ਹੀ ਕਸ਼ਮੀਰ ਨੂੰ ਹੜੱਪਣ ਦੀ ਨੀਤੀ 'ਤੇ ਚੱਲ ਰਿਹਾ ਹੈ। ਇਸ ਤੋਂ ਹੁਣ ਸਾਰੀ ਦੁਨੀਆ ਜਾਣੂ ਹੈ ਕਿ ਅਕਤੂਬਰ 1947 ਵਿਚ ਕਸ਼ਮੀਰ ਵਿਚ ਜੋ ਕਬਾਇਲੀ ਹਮਲਾ ਹੋਇਆ ਸੀ, ਉਹ ਅਸਲ ਵਿਚ ਪਾਕਿਸਤਾਨੀ ਫ਼ੌਜ ਵੱਲੋਂ ਕੀਤਾ ਗਿਆ ਸੀ।

ਇਹ ਵੀ ਕਿਸੇ ਤੋਂ ਲੁਕਿਆ ਨਹੀਂ ਕਿ ਕਸ਼ਮੀਰ ਦੇ ਹਾਲਾਤ ਇਸ ਲਈ ਵੀ ਖ਼ਰਾਬ ਹੋਏ ਕਿਉਂਕਿ ਨਹਿਰੂ ਨੇ ਕਸ਼ਮੀਰੀ ਲੋਕਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਦੀ ਥਾਂ ਸ਼ੇਖ ਅਬਦੁੱਲਾ ਦੀ ਚਾਹਤ ਪੂਰੀ ਕੀਤੀ। ਇਸੇ ਦੇ ਨਤੀਜੇ ਵਜੋਂ ਸੰਵਿਧਾਨ ਦੀ ਧਾਰਾ 370 ਹੋਂਦ ਵਿਚ ਆਈ। ਇਸ ਧਾਰਾ ਦੇ ਓਹਲੇ ਕਸ਼ਮੀਰ ਵਿਚ ਜੋ ਵੱਖਵਾਦੀ ਰਾਜਨੀਤੀ ਸ਼ੁਰੂ ਹੋਈ, ਉਸ ਦਾ ਅੰਤ ਬੀਤੇ ਸਾਲ ਉਦੋਂ ਹੋਇਆ ਜਦ ਮੋਦੀ ਸਰਕਾਰ ਨੇ ਉਸ ਨੂੰ ਹਟਾ ਦਿੱਤਾ। ਤ੍ਰਾਸਦੀ ਇਹ ਹੈ ਕਿ ਭਾਰਤ ਦੀਆਂ ਕਈ ਵਿਰੋਧੀ ਪਾਰਟੀਆਂ ਅਤੇ ਖ਼ਾਸ ਤੌਰ 'ਤੇ ਕਾਂਗਰਸ ਕਸ਼ਮੀਰ ਵਿਚ ਵੱਖਵਾਦ ਨੂੰ ਹਵਾ ਦੇਣ ਵਾਲਿਆਂ ਵਿਰੁੱਧ ਖੜ੍ਹਨ ਦੀ ਥਾਂ ਮੋਦੀ ਸਰਕਾਰ ਨੂੰ ਹੀ ਕਟਹਿਰੇ ਵਿਚ ਖੜ੍ਹੀ ਕਰ ਰਹੀਆਂ ਹਨ।

ਮਹਿਬੂਬਾ ਮੁਫ਼ਤੀ ਅਤੇ ਫਾਰੂਕ ਅਬਦੁੱਲਾ ਦੇ ਹਾਲੀਆ ਬਿਆਨ ਇਹੀ ਦੱਸ ਰਹੇ ਹਨ ਕਿ ਉਹ ਪਾਕਿਸਤਾਨ ਦੇ ਏਜੰਡੇ ਨੂੰ ਅੱਗੇ ਵਧਾ ਰਹੇ ਹਨ। ਕਾਂਗਰਸ ਮਹਿਬੂਬਾ ਮੁਫ਼ਤੀ ਅਤੇ ਅਬਦੁੱਲਾ ਵੱਲੋਂ ਬਣਾਏ ਗਏ ਗੁਪਕਾਰ ਗੱਠਜੋੜ ਵਿਚ ਭਾਵੇਂ ਹੀ ਸ਼ਾਮਲ ਨਾ ਹੋਈ ਹੋਵੇ ਪਰ ਉਹ ਇਨ੍ਹਾਂ ਨੇਤਾਵਾਂ ਦੇ ਭਾਰਤ ਵਿਰੋਧੀ ਬਿਆਨਾਂ ਦਾ



ਵਿਰੋਧ ਕਰਨ ਨੂੰ ਤਿਆਰ ਨਹੀਂ। ਉਸ ਨੂੰ ਸਪਸ਼ਟ ਕਰਨਾ ਚਾਹੀਦਾ ਹੈ ਕਿ ਚਿਦਾਂਬਰਮ ਕਿਸ ਹੈਸੀਅਤ ਨਾਲ ਧਾਰਾ 370 ਦੀ ਵਾਪਸੀ ਦੀ ਮੰਗ ਕਰ ਰਹੇ ਹਨ? ਚਿਦਾਂਬਰਮ ਦੇ ਬਿਆਨ 'ਤੇ ਕਾਂਗਰਸ ਦੀ ਚੁੱਪੀ ਇਹੀ ਦੱਸਦੀ ਹੈ ਕਿ ਉਹ ਆਪਣਾ ਰਾਸ਼ਟਰਵਾਦੀ ਚਰਿੱਤਰ ਗੁਆਉਂਦੀ ਜਾ ਰਹੀ ਹੈ। ਰਾਹੁਲ ਗਾਂਧੀ ਤਾਂ ਇਸ ਗੱਲ ਵਿਚ ਫ਼ਰਕ ਹੀ ਨਹੀਂ ਕਰ ਪਾਉਂਦੇ ਕਿ ਕੀ ਬੋਲਣਾ ਭਾਰਤ ਦੇ ਹਿੱਤ ਵਿਚ ਹੈ ਅਤੇ ਕੀ ਵਿਰੋਧ ਵਿਚ? ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਪੁਲਵਾਮਾ ਹਮਲੇ ਤੋਂ ਬਾਅਦ ਕਾਂਗਰਸ ਅਤੇ ਕੁਝ ਹੋਰ ਪਾਰਟੀਆਂ ਦੇ ਨੇਤਾਵਾਂ ਨੇ ਕਿਸ ਤਰ੍ਹਾਂ ਇਹ ਕਹਿਣ ਦੀ ਕੋਸ਼ਿਸ਼ ਕੀਤੀ ਸੀ ਕਿ ਚੋਣਾਂ ਵਿਚ ਲਾਹਾ ਲੈਣ ਲਈ ਇਹ ਹਮਲਾ ਸਰਕਾਰ ਵੱਲੋਂ ਹੀ ਕਰਵਾਇਆ ਗਿਆ।

ਇਹ ਠੀਕ ਉਹ ਨੈਰੇਟਿਵ ਸੀ ਜੋ ਪਾਕਿਸਤਾਨ ਸਾਹਮਣੇ ਲਿਆਉਣਾ ਚਾਹੁੰਦਾ ਸੀ। ਇਸ ਨਾਲ ਨਾ ਸਿਰਫ਼ ਦੇਸ਼ ਦੇ ਹਿੱਤਾਂ ਨੂੰ ਨੁਕਸਾਨ ਪੁੱਜਾ ਬਲਕਿ ਪਾਕਿਸਾਤਨ ਨੂੰ ਭਾਰਤ ਵਿਰੁੱਧ ਕੂੜ-ਪ੍ਰਚਾਰ ਕਰਨ ਵਿਚ ਆਸਾਨੀ ਹੋਈ। ਕਾਂਗਰਸ ਨੂੰ ਇਨ੍ਹਾਂ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ ਕਿ ਆਖ਼ਰ ਰਾਹੁਲ ਗਾਂਧੀ ਅਜਿਹੇ ਸਵਾਲ ਕਰ ਕੇ ਕਿਸ ਦੇ ਹਿੱਤਾਂ ਦੀ ਪੈਰਵੀ ਕਰ ਰਹੇ ਸਨ ਕਿ ਪੁਲਵਾਮਾ ਹਮਲੇ ਤੋਂ ਕਿਸ ਨੂੰ ਫ਼ਾਇਦਾ ਮਿਲਿਆ?

ਕਾਂਗਰਸ ਦੇ ਇਸੇ ਰਵੱਈਏ ਦੀ ਯਾਦ ਦਿਵਾਉਂਦੇ ਹੋਏ ਪ੍ਰਧਾਨ ਮੰਤਰੀ ਨੇ ਇਹ ਕਿਹਾ ਕਿ ਪੁਲਵਾਮਾ ਦੇ ਜਵਾਨਾਂ ਦੇ ਬਲੀਦਾਨ 'ਤੇ ਕੁਝ ਲੋਕਾਂ ਨੇ ਦੁੱਖ ਜ਼ਾਹਰ ਕਰਨ ਦੀ ਥਾਂ ਗੰਦੀ ਸਿਆਸਤ ਖੇਡੀ। ਇਹ ਹੈਰਾਨੀ ਵਾਲੀ ਗੱਲ ਹੈ ਕਿ ਸ਼ਸ਼ੀ ਥਰੂਰ ਵਰਗੇ ਕਾਂਗਰਸੀ ਨੇਤਾ ਅਜੇ ਵੀ ਆਪਣੇ ਪੁਰਾਣੇ ਰਵੱਈਏ 'ਤੇ ਅੜੇ ਹੋਏ ਹਨ। ਉਨ੍ਹਾਂ ਦੀ ਸਮਝ ਮੁਤਾਬਕ ਪਾਕਿਸਤਾਨ ਦੀ ਦਗ਼ਾਬਾਜ਼ੀ ਉਨ੍ਹਾਂ ਲਈ ਕੋਈ ਖ਼ਬਰ ਹੀ ਨਹੀਂ। ਸਾਫ਼ ਹੈ ਕਿ ਉਹ ਇਸ ਗੱਲ ਨੂੰ ਯਾਦ ਕਰਨ ਲਈ ਤਿਆਰ ਨਹੀਂ ਕਿ ਪੁਲਵਾਮਾ ਹਮਲੇ ਅਤੇ ਫਿਰ ਏਅਰ ਸਟ੍ਰਾਈਕ ਤੋਂ ਬਾਅਦ ਕਾਂਗਰਸ ਨੇ ਕਿੱਦਾਂ-ਕਿੱਦਾਂ ਦੇ ਸਵਾਲ ਖੜ੍ਹੇ ਕੀਤੇ ਸਨ? ਇਨ੍ਹਾਂ ਸਵਾਲਾਂ ਕਾਰਨ ਤਾਂ ਇਹ ਮਸਲੇ ਚੋਣ ਮੁੱਦਾ ਬਣੇ ਸਨ।

ਫਵਾਦ ਚੌਧਰੀ ਦੇ ਬਿਆਨ ਤੋਂ ਬਾਅਦ ਜਦ ਕਾਂਗਰਸ ਨੂੰ ਉਸ ਦੇ ਨੇਤਾਵਾਂ ਦੇ ਪੁਰਾਣੇ ਬਿਆਨਾਂ ਲਈ ਕਟਹਿਰੇ ਵਿਚ ਖੜ੍ਹਾ ਕੀਤਾ ਜਾ ਰਿਹਾ ਹੈ ਤਾਂ ਉਸ ਦੇ ਬੁਲਾਰੇ ਇਹ ਪੁੱਛ ਰਹੇ ਹਨ ਕਿ ਜਦ ਦੇਸ਼ ਵਿਚ ਚੋਣਾਂ ਹੋ ਰਹੀਆਂ ਹੁੰਦੀਆਂ ਹਨ ਤਾਂ ਹੀ ਮੋਦੀ ਸਰਕਾਰ ਨੂੰ ਪਾਕਿਸਤਾਨ ਦੀ ਯਾਦ ਕਿਉਂ ਆਉਂਦੀ ਹੈ? ਇਹ ਹਾਸੋਹੀਣਾ ਸਵਾਲ ਹੈ ਕਿਉਂਕਿ ਪੁਲਵਾਮਾ ਹਮਲੇ 'ਤੇ ਬਿਆਨ ਤਾਂ ਪਾਕਿਸਤਾਨੀ ਮੰਤਰੀ ਨੇ ਦਿੱਤਾ ਹੈ।

ਜੇਕਰ ਫਵਾਦ ਚੌਧਰੀ ਦਾ ਇਹ ਅਨਜਾਣੇ ਵਿਚ ਹੋਇਆ ਕਬੂਲਨਾਮਾ ਸਾਹਮਣੇ ਨਾ ਆਉਂਦਾ ਤਾਂ ਵਿਰੋਧੀ ਪਾਰਟੀਆਂ ਮੋਦੀ ਸਰਕਾਰ 'ਤੇ ਤੁਹਮਤਾਂ ਲਾਉਣ ਦਾ ਸਿ-ਲਸਿਲਾ ਮੱਠਾ ਨਾ ਕਰਦੀਆਂ। ਕੁਝ ਵੀ ਹੋਵੇ, ਪਾਕਿਸਤਾਨ ਦੀ ਹਕੀਕਤ ਸਾਹਮਣੇ ਆਉਣ ਨਾਲ ਕਾਂਗਰਸ ਸਮੇਤ ਸਾਰੀ ਵਿਰੋਧੀ ਧਿਰ ਲਈ ਸ਼ਰਮਿੰਦਗੀ ਵਾਲੀ ਸਥਿਤੀ ਤਾਂ ਬਣ ਹੀ ਗਈ ਹੈ। ਖ਼ੈਰ! ਕਾਂਗਰਸ ਨੂੰ ਇਹ ਸਮਝਣਾ ਹੋਵੇਗਾ ਕਿ ਚੀਨ ਅਤੇ ਪਾਕਿਸਤਾਨ ਨੂੰ ਲੈ ਕੇ ਰਾਹੁਲ ਗਾਂਧੀ ਦੇ ਬਿਆਨ ਭਾਰਤ ਦੀ ਰਾਜਨੀਤਕ ਇਕਜੁੱਟਤਾ ਨੂੰ ਖੰਡਿਤ ਕਰਨ ਵਾਲੇ ਰਹੇ ਹਨ ਅਤੇ ਇਸੇ ਕਾਰਨ ਇਨ੍ਹਾਂ ਦੋਵਾਂ ਦੇਸ਼ਾਂ ਨੇ ਇਨ੍ਹਾਂ ਬਿਆਨਾਂ ਦਾ ਲਾਹਾ ਲੈਣ ਦੀ ਕੋਸ਼ਿਸ਼ ਕੀਤੀ। ਕੋਈ ਵੱਡੀ ਗੱਲ ਨਹੀਂ ਕਿ ਰਾਹੁਲ ਗਾਂਧੀ ਆਪਣੀ ਗ਼ਲਤੀ ਮੰਨਣ ਦੀ ਬਜਾਏ ਫਿਰ ਅਜਿਹਾ ਕੋਈ ਬਿਆਨ ਦੇ ਦੇਣ ਜਿਸ ਦਾ ਪਾਕਿਸਤਾਨ ਜਾਂ ਚੀਨ ਬੇਵਜ੍ਹਾ ਇਸਤੇਮਾਲ ਕਰ ਲੈਣ। ਜੋ ਵੀ ਹੋਵੇ, ਭਾਰਤ ਇਕ ਜਮਹੂਰੀ ਮੁਲਕ ਹੈ। ਲਿਹਾਜ਼ਾ ਰਾਜਨੀਤਕ ਬਿਆਨਬਾਜ਼ੀ ਤਾਂ ਹੋਵੇਗੀ, ਪਰ ਇਹ ਠੀਕ ਨਹੀਂ ਕਿ ਇਹ ਬਿਆਨਬਾਜ਼ੀ ਦੇਸ਼ ਦੇ ਕੌਮਾਂਤਰੀ ਅਕਸ ਨੂੰ ਪ੍ਰਭਾਵਿਤ ਕਰੇ।


ਸੰਜੇ ਗੁਪਤ

ਬਦਕਿਸਮਤੀ ਨਾਲ ਕਾਂਗਰਸ ਨੂੰ ਇਸ ਦੀ ਪਰਵਾਹ ਨਹੀਂ। ਸ਼ਾਇਦ ਇਸੇ ਕਾਰਨ ਉਸ ਦੇ ਨੇਤਾ ਫ਼ੌਜ ਦੇ ਮਨੋਬਲ ਨੂੰ ਤੋੜਨ ਵਾਲੇ ਬਿਆਨ ਵੀ ਦਿੰਦੇ ਰਹਿੰਦੇ ਹਨ। ਕੀ ਕੋਈ ਇਸ ਨੂੰ ਭੁੱਲ ਸਕਦਾ ਹੈ ਕਿ ਕਾਂਗਰਸ ਅਤੇ ਕੁਝ ਹੋਰ ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਨੇ ਕਿਸ ਤਰ੍ਹਾਂ ਸਰਜੀਕਲ ਸਟ੍ਰਾਈਕ ਦੇ ਸਬੂਤ ਮੰਗੇ ਸਨ ਅਤੇ ਫਿਰ ਏਅਰ ਸਟ੍ਰਾਈਕ ਦੇ ਸਮੇਂ ਵੀ ਕਿਸ ਤਰ੍ਹਾਂ ਇਹ ਕਿਹਾ ਸੀ ਕਿ ਇਸ ਦੇ ਕੀ ਸਬੂਤ ਕਿ ਬਾਲਾਕੋਟ ਵਿਚ ਅੱਤਵਾਦੀ ਮਾਰੇ ਗਏ ਹਨ? ਅਜਿਹੀਆਂ ਗੱਲਾਂ ਫ਼ੌਜੀ ਅਫ਼ਸਰਾਂ ਦੇ ਅਜਿਹੇ ਬਿਆਨਾਂ ਤੋਂ ਬਾਅਦ ਵੀ ਕੀਤੀਆਂ ਗਈਆਂ ਸਨ ਕਿ ਬਾਲਾਕੋਟ ਵਿਚ ਭਾਰੀ ਨੁਕਸਾਨ ਹੋਇਆ ਅਤੇ ਅੱਤਵਾਦੀਆਂ ਦੀਆਂ ਲਾਸ਼ਾਂ ਗਿਣਨਾ ਸਾਡਾ ਕੰਮ ਨਹੀਂ। ਕੀ ਅਜਿਹੀਆਂ ਗੱਲਾਂ ਫ਼ੌਜ ਦਾ ਮਨੋਬਲ ਤੋੜਨ ਵਾਲੀਆਂ ਨਹੀਂ ਸਨ?


ਚੀਨੀ ਫ਼ੌਜ ਦੇ ਹਮਲਾਵਰ ਰੌਅ 'ਤੇ ਵੀ ਕਾਂਗਰਸੀ ਨੇਤਾਵਾਂ ਦੇ ਬਿਆਨ ਕੁੱਲ ਮਿਲਾ ਕੇ ਚੀਨ ਦੇ ਏਜੰਡੇ ਨੂੰ ਹੀ ਪਕੇਰਾ ਕਰਨ ਵਾਲੇ ਰਹੇ ਹਨ। ਉਨ੍ਹਾਂ ਨੂੰ ਗ਼ੈਰ-ਜ਼ਿੰਮੇਵਾਰਾਨਾ ਰੁਖ਼ ਛੱਡਣਾ ਚਾਹੀਦਾ ਹੈ। ਆਖ਼ਰ ਕਾਂਗਰਸ ਦੀ ਇਹ ਕਿਹੋ ਜਿਹੀ ਰਾਸ਼ਟਰਵਾਦੀ ਰਾਜਨੀਤੀ ਹੈ ਜੋ ਰਾਸ਼ਟਰੀ ਹਿੱਤਾਂ ਨੂੰ ਹੀ ਨੁਕਸਾਨ ਪਹੁੰਚਾਉਂਦੀ ਹੈ? ਚੰਗਾ ਹੋਵੇ ਕਿ ਫਵਾਦ ਚੌਧਰੀ ਦੇ ਬਿਆਨ ਤੋਂ ਬਾਅਦ ਕਾਂਗਰਸ ਦੀਆਂ ਅੱਖਾਂ ਖੁੱਲ੍ਹ ਜਾਣ। ਇਸੇ ਵਿਚ ਖ਼ੁਦ ਉਸ ਦੀ ਅਤੇ ਸਮੁੱਚੇ ਮੁਲਕ ਦੀ ਵੀ ਭਲਾਈ ਲੁਕੀ ਹੋਈ ਹੈ।

# ਖ਼ੁਦ ਹੀ ਆਪਣੇ ਮੁਲਕ ਦੀ ਸਚਾਈ ਬਿਆਨ ਕਰ ਰਹੇ ਨੇ ਨਵਾਜ਼ ਸਾਹਿਬ

ਇਕ ਦਾਰਸ਼ਨਿਕ ਨੇ ਕਿਹਾ ਹੈ ਕਿ ਜਦੋਂ ਕੋਈ ਸੱਚ ਅਤੇ ਸਿਰਫ਼ ਸੱਚ ਹੀ ਬੋਲਦਾ ਹੈ ਤਾਂ ਉਹ ਇਕੱਲਾ ਰਹਿ ਜਾਂਦਾ ਹੈ। ਪਾਕਿਸਤਾਨ ਦੀ ਹਾਲਤ ਕਿਸੇ ਤੋਂ ਛੁਪੀ ਨਹੀਂ ਹੈ। ਖਾਣ-ਪੀਣ ਦੀਆਂ ਵਸਤਾਂ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੀਆਂ ਹਨ। ਭ੍ਰਿਸ਼ਟਾਚਾਰ ਸਿਖ਼ਰ 'ਤੇ ਹੈ। ਪਾਕਿਸਤਾਨੀ ਫ਼ੌਜ ਸਰਕਾਰ ਦੇ ਹਰ ਵਿਭਾਗ ਵਿਚ ਦਖ਼ਲ ਦੇ ਰਹੀ ਹੈ। ਨਵਾਜ਼ ਸ਼ਰੀਫ ਆਪਣਾ ਇਲਾਜ ਕਰਾਉਣ ਲਈ ਜੇਲ੍ਹ ਤੋਂ ਪੈਰੋਲ 'ਤੇ ਰਿਹਾਅ ਹੋਏ ਪਰ ਪਾਕਿਸਤਾਨ ਦੇ ਹੁਕਮਰਾਨ ਮਨਮਾਨੀ 'ਤੇ ਉਤਰ ਆਏ ਅਤੇ ਨਵਾਜ਼ ਸ਼ਰੀਫ ਨੂੰ ਭਗੌੜਾ, ਮਫਰੂਰ, ਗ਼ਦਾਰ ਅਤੇ ਨਾ ਜਾਣੇ ਕਿੰਨੇ ਹੀ ਨਾਵਾਂ ਨਾਲ ਪੁਕਾਰਨ ਲੱਗੇ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਖ਼ੁਦ ਇਹ ਨਾਅਰਾ ਲਾਉਣ ਲੱਗ ਪਏ ਕਿ 'ਜੋ ਮੋਦੀ ਦਾ ਯਾਰ ਹੈ, ਉਹ ਦੇਸ਼ ਦਾ ਗ਼ਦਾਰ ਹੈ।' ਇਹ ਬਦਕਿਸਮਤੀ ਦੀ ਗੱਲ ਹੈ ਕਿ ਭਾਰਤ ਦੇ ਕੁਝ ਲੀਡਰ ਜਿਨ੍ਹਾਂ ਵਿਚ ਮਣੀਸ਼ੰਕਰ ਅਈਅਰ, ਸ਼ਸ਼ੀ ਥਰੂਰ ਅਤੇ ਨਵਜੋਤ ਸਿੰਘ ਸਿੱਧੂ ਵੀ ਸ਼ਾਮਲ ਹਨ, ਪਾਕਿਸਤਾਨੀ ਲੀਡਰਾਂ ਨੂੰ ਜਾਣੇ-ਅਨਜਾਣੇ ਸ਼ਹਿ ਦਿੰਦੇ ਰਹਿੰਦੇ ਹਨ। ਨਵਾਜ਼ ਸ਼ਰੀਫ ਨੇ ਇਕ ਇੰਟਰਵਿਊ ਵਿਚ ਕਿਹਾ ਹੈ ਕਿ ਨਕਾਰਾ, ਨਿਕੰਮੇ ਅਤੇ ਨਾ-ਅਹਿਲ ਲੋਕਾਂ ਨੂੰ ਜਨਰਲ ਕਮਰ ਜਾਵੇਦ ਬਾਜਵਾ ਨੇ ਜਮਹੂਰੀਅਤ ਦਾ ਮਜ਼ਾਕ ਉਡਾਉਂਦੇ ਹੋਏ ਗੱਦੀ 'ਤੇ ਬਿਠਾ ਦਿੱਤਾ ਹੈ। ਹੁਣ ਇਸ ਨੂੰ ਕੀ ਕਹੋਗੇ ਕਿ ਪਾਕਿਸਤਾਨ ਕੰਗਾਲੀ ਦੇ ਹਨੇਰੇ ਵਿਚ ਗੁੰਮ ਹੋਣ ਲੱਗਾ ਤਾਂ ਉਸ ਨੇ ਚੀਨ ਹੱਥੋਂ ਵਿਕਣ ਵਿਚ ਰੱਤੀ ਭਰ ਸ਼ਰਮ ਮਹਿਸੂਸ ਨਹੀਂ ਕੀਤੀ। ਨਵਾਜ਼ ਸ਼ਰੀਫ ਨੇ ਜਨਰਲ ਮੁਸ਼ੱਰਫ 'ਤੇ ਵੀ ਇਲਜ਼ਾਮ ਲਾਉਂਦੇ ਹੋਏ ਕਿਹਾ ਕਿ ਉਸ ਨੇ ਲੋਕਤੰਤਰ ਦੀ ਹੱਤਿਆ ਕਰ ਕੇ ਚੁਣੀ ਹੋਈ ਸਰਕਾਰ ਨੂੰ ਤੋੜ ਕੇ ਪਾਕਿਸਤਾਨ ਵਿਚ ਜਿਹੜੇ ਆਰਥਿਕ ਸੁਧਾਰ ਹੋ ਰਹੇ ਸਨ, ਉਨ੍ਹਾਂ ਨੂੰ ਤਬਾਹ ਕਰ ਦਿੱਤਾ ਸੀ ਜਦਕਿ ਇਮਰਾਨ ਖ਼ਾਨ ਨੇ ਹਾਲ ਹੀ ਵਿਚ ਇਕ ਜਲਸੇ ਨੂੰ ਸੰਬੋਧਨ ਕਰਦੇ ਹੋਏ ਨਵਾਜ਼ ਸ਼ਰੀਫ ਦਾ ਮਜ਼ਾਕ ਉਡਾਉਂਦੇ ਹੋਏ ਕਿਹਾ ਕਿ ਉਹ ਜ਼ਿਆ-ਉਲ-ਹੱਕ ਦੀਆਂ ਜੁੱਤੀਆਂ ਸਾਫ਼ ਕਰਦੇ ਹੁੰਦੇ ਸਨ। ਕੀ ਅਜਿਹੀ ਟਿੱਪਣੀ ਇਕ ਐਸੇ ਰਾਜਨੇਤਾ 'ਤੇ ਕਰਨੀ ਵਾਜਿਬ ਹੈ ਜਿਹੜਾ ਤਿੰਨ ਵਾਰ ਪਾਕਿਸਤਾਨ ਦਾ ਵਜ਼ੀਰੇ-ਆਜ਼ਮ ਬਣਿਆ ਹੋਵੇ? ਸ਼ਿਮਲਾ ਸਮਝੌਤਾ ਉਦੋਂ ਹੋਇਆ ਜਦੋਂ ਜਨਰਲ ਯਹੀਆ ਖ਼ਾਨ ਪਾਕਿਸਤਾਨ 'ਤੇ ਕਾਬਜ਼ ਸੀ। ਜੇਕਰ ਉਸ ਵੇਲੇ ਕੋਈ ਜਮਹੂਰੀਅਤ ਦਾ ਨੁਮਾਇੰਦਾ ਹੁੰਦਾ ਤਾਂ ਸ਼ਾਇਦ ਇਹ ਸਮਝੌਤਾ ਨਾ ਹੁੰਦਾ। ਇਹ ਵੀ ਹਕੀਕਤ ਹੈ ਕਿ ਪਾਕਿਸਤਾਨ ਨੇ ਹਿੰਦੁਸਤਾਨ ਨਾਲ ਜਦੋਂ ਵੀ ਜੰਗ ਛੇੜੀ ਉਦੋਂ ਪਾਕਿਸਤਾਨ 'ਤੇ ਫ਼ੌਜੀ ਹੁਕਮਰਾਨ ਕਾਬਜ਼ ਸਨ ਅਤੇ ਹਰ ਵਾਰ ਉਹ ਹਿੰਦੁਸਤਾਨੀ ਫ਼ੌਜ ਹੱਥੋਂ ਬੁਰੀ ਤਰ੍ਹਾਂ ਹਾਰਦੇ ਰਹੇ। ਕਿਸੇ ਦੇਸ਼ ਦੇ 93000 ਫ਼ੌਜੀ ਹਥਿਆਰ ਸੁੱਟ ਦੇਣ, ਇਹ ਡੁੱਬ ਮਰਨ ਵਾਲੀ ਗੱਲ ਹੁੰਦੀ ਹੈ। ਜਦੋਂ ਅਟਲ ਬਿਹਾਰੀ ਵਾਜਪਾਈ ਭਾਰਤ ਦੇ ਪ੍ਰਧਾਨ ਮੰਤਰੀ ਸਨ ਤਾਂ ਉਨ੍ਹਾਂ ਨੇ ਪਾਕਿਸਤਾਨ ਨਾਲ ਦੋਸਤੀ ਕਾਇਮ ਕਰਨ ਦਾ ਯਤਨ ਕੀਤਾ। ਨਵਾਜ਼ ਸ਼ਰੀਫ ਦੇ ਦੌਰ ਵਿਚ ਉਹ ਇਕ ਬੱਸ ਸਰਵਿਸ ਵੀ ਸ਼ੁਰੂ ਕਰਨ ਹਿੱਤ ਲਾਹੌਰ ਗਏ ਸਨ ਜਿਸ ਨੂੰ ਲਾਹੌਰ ਐਗਰੀਮੈਂਟ ਕਿਹਾ ਜਾਂਦਾ ਹੈ। ਪਾਕਿਸਤਾਨ ਦੀ ਇਹ ਬਦਕਿਸਮਤੀ ਸੀ ਕਿ ਪਰਵੇਜ਼ ਮੁਸ਼ੱਰਫ ਨੇ ਆਉਂਦਿਆਂ ਹੀ ਉਹ ਸਾਰੇ ਰਾਹ ਬੰਦ ਕਰ ਦਿੱਤੇ ਜਿਨ੍ਹਾਂ ਸਦਕਾ ਭਾਰਤ ਨਾਲ ਗੱਲਬਾਤ ਜਾਰੀ ਰਹਿ ਸਕਦੀ ਸੀ। ਆਗਰੇ ਵਿਚ ਪਰਵੇਜ਼ ਮੁਸ਼ੱਰਫ ਨੇ ਉਹ ਤਮਾਸ਼ਾ ਕੀਤਾ ਜਿਸ ਕਾਰਨ ਸਾਰਾ ਗੁੜ ਗੋਬਰ ਹੋ ਗਿਆ। ਇਸ ਤੋਂ ਪਹਿਲਾਂ ਜਨਰਲ ਮੁਸ਼ੱਰਫ ਨੇ ਨਵਾਜ਼ ਸ਼ਰੀਫ ਦੀ ਇੱਜ਼ਤ ਤਾਰ-ਤਾਰ ਕਰਨ ਲਈ ਕਾਰਗਿਲ ਯੁੱਧ ਛੇੜ ਦਿੱਤਾ। ਸੰਨ 1999 ਵਿਚ ਪਾਕਿਸਤਾਨੀ ਫ਼ੌਜ ਵੱਲੋਂ ਖੇਡੀ ਗਈ ਇਸ ਖ਼ੂਨੀ ਖੇਡ ਦਾ ਮੁੱਖ ਖਿਡਾਰੀ ਜਨਰਲ ਮੁਸ਼ੱਰਫ ਸੀ। ਇਹ ਕਹਿਣਾ ਹੈ ਉੱਥੋਂ ਦੇ ਰਿਟਾਇਰਡ ਜਨਰਲ ਸ਼ਾਹਿਦ ਅਜ਼ੀਜ਼ ਦਾ। ਲਾਹੌਰ ਯਾਤਰਾ ਨੂੰ ਬੜੀ ਮੁਸ਼ਕਲ ਨਾਲ ਤਿੰਨ ਮਹੀਨੇ ਹੀ ਹੋਏ ਹੋਣਗੇ ਕਿ ਕਾਰਗਿਲ ਵਿਚ ਕਬਾਇਲੀਆਂ ਵੱਲੋਂ ਘੁਸਪੈਠ ਦੀ ਸੂਚਨਾ ਇਕ ਗਸ਼ਤੀ ਦਲ ਨੂੰ ਇਕ ਚਰਵਾਹੇ ਨੇ ਦਿੱਤੀ ਸੀ। ਗਸ਼ਤੀ ਦਲ ਨੇ ਇਹ ਸੂਚਨਾ ਆਪਣੇ ਸੈਨਿਕ ਅਧਿਕਾਰੀਆਂ ਨੂੰ ਦਿੱਤੀ। ਸ਼ਾਹਿਦ ਅਜ਼ੀਜ਼ ਕਹਿੰਦੇ ਹਨ ਕਿ ਇਹ ਕਬਾਇਲੀ ਘੁਸਪੈਠੀਏ ਨਹੀਂ ਸਨ ਬਲਕਿ ਪਾਕਿਸਤਾਨੀ ਫ਼ੌਜ ਦੇ ਨਿਯਮਤ ਫ਼ੌਜੀ ਸਨ ਜਿਨ੍ਹਾਂ ਨੂੰ ਭੇਸ ਵਟਾ ਕੇ ਕਾਰਗਿਲ ਵਿਚ ਭੇਜਿਆ ਗਿਆ ਸੀ। ਇਸ ਪਿੱਛੇ ਮਕਸਦ ਇਹ ਸੀ ਕਿ ਸ਼ਾਂਤੀ ਅਤੇ ਸਦਭਾਵਨਾ ਦੀ ਜਿਹੜੀ ਲਹਿਰ ਦੋਹਾਂ ਦੇਸ਼ਾਂ ਵਿਚ ਚੱਲਣ ਵਾਲੀ ਸੀ, ਉਸ ਨੂੰ ਢਾਹ ਲਾਈ ਜਾਵੇ। ਸਾਡੇ ਦੇਸ਼ ਦੇ ਰਾਜਨੇਤਾਵਾਂ ਨੂੰ ਜਦੋਂ ਪਰਵੇਜ਼ ਮੁਸ਼ੱਰਫ ਦੀ ਇਹ ਹਰਕਤ ਪਤਾ ਲੱਗੀ ਤਾਂ ਭਾਰਤ ਦੇ ਪ੍ਰਧਾਨ ਮੰਤਰੀ ਨੇ ਪਾਕਿਸਤਾਨ ਦੇ ਆਪਣੇ ਹਮਰੁਤਬਾ ਨਵਾਜ਼ ਸ਼ਰੀਫ ਨਾਲ ਫੋਨ 'ਤੇ ਇਸ ਮਾਮਲੇ ਦੀ ਗੰਭੀਰਤਾ ਦਾ ਜ਼ਿਕਰ ਕੀਤਾ। ਹੈਰਾਨੀ ਤਾਂ ਤਦ ਹੋਈ ਜਦੋਂ ਨਵਾਜ਼ ਸ਼ਰੀਫ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਮੇਜਰ ਜਨਰਲ ਸ਼ਾਹਿਦ ਅਜ਼ੀਜ਼ ਨੇ ਦੱਸਿਆ ਕਿ ਜਨਰਲ ਮੁਸ਼ੱਰਫ ਨੇ ਪਾਕਿਸਤਾਨੀ ਸੈਨਿਕਾਂ ਨੂੰ ਗੁਮਰਾਹ ਕਰਕੇ ਉੱਥੇ ਮਰਨ ਲਈ ਭਿਜਵਾਇਆ ਸੀ। ਉਸ 'ਤੇ ਅਫ਼ਸੋਸ ਦੀ ਗੱਲ ਕਿ ਤਿੰਨ ਸੌ ਤੋਂ ਵੱਧ ਸੈਨਿਕ ਜੋ ਭਾਰਤੀ ਫ਼ੌਜ ਹੱਥੋਂ ਮਾਰੇ ਗਏ ਸਨ, ਉਨ੍ਹਾਂ ਦੀਆਂ ਲਾਸ਼ਾਂ ਲੈਣ ਤੋਂ ਵੀ ਇਨਕਾਰ ਕਰ ਦਿੱਤਾ ਸੀ। ਪੂਰੇ ਸਨਮਾਨ ਅਤੇ ਮਜ਼ਹਬੀ ਰਸਮਾਂ ਨਾਲ ਉਨ੍ਹਾਂ ਦੇ ਸਸਕਾਰ ਦਾ ਕੰਮ ਭਾਰਤੀ ਸੈਨਾ ਨੇ ਅੰਜਾਮ ਦਿੱਤਾ ਸੀ। ਅੱਜਕੱਲ੍ਹ ਲੰਡਨ ਵਿਚ ਆਪਣੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਨਵਾਜ਼ ਸ਼ਰੀਫ ਕਹਿ ਰਹੇ ਹਨ ਕਿ ਇਸ ਨਾਲਾਇਕ ਹਕੂਮਤ ਨੇ ਗ਼ਰੀਬ ਦੀ ਰੋਜ਼ੀ-ਰੋਟੀ ਵੀ ਖੋਹ ਲਈ ਹੈ। 'ਕੋਰੋਨਾ' ਦੇ ਇਸ ਭਿਆਨਕ ਦੌਰ ਵਿਚ ਹਸਪਤਾਲਾਂ ਵਿਚ ਦਵਾਈਆਂ ਨਹੀਂ ਹਨ, ਇਲਾਜ ਦਾ ਕੋਈ ਪ੍ਰਬੰਧ ਨਹੀਂ ਹੈ ਅਤੇ ਇਮਰਾਨ ਖ਼ਾਨ ਵਿਰੋਧੀ ਧਿਰ 'ਤੇ ਊਟ-ਪਟਾਂਗ ਦੋਸ਼ਾਂ ਦੀ ਝੜੀ ਲਾ ਰਹੇ ਹਨ। ਅਸੀਂ ਕਿਸੇ ਵੀ ਦੇਸ਼ ਦੇ ਅੰਦਰੂਨੀ ਮਸਲਿਆਂ ਵਿਚ ਦਖ਼ਲ ਦੇਣ ਦੇ ਹੱਕ ਵਿਚ ਨਹੀਂ ਹਾਂ ਪਰ ਪਾਕਿਸਤਾਨ ਦੇ ਆਮ ਲੋਕ ਜੋ ਕਦੇ ਹਿ-ੰਦੁਸਤਾਨ ਦੇ ਸ਼ਹਿਰੀ ਹੋਇਆ ਕਰਦੇ ਸਨ, ਉਨ੍ਹਾਂ ਦੀ ਅਜਿਹੀ ਹਾਲਤ ਦੇਖ ਕੇ ਮਨੁੱਖਤਾ ਦੇ ਨਾਤੇ ਭਾਰਤੀ ਸਮਾਜ ਵਿਚ ਚਿੰਤਾ ਤਾਂ ਹੈ ਹੀ।



ਅੱਜ ਤੋਂ ਕੁਝ ਮਹੀਨੇ ਪਹਿਲਾਂ ਜਦੋਂ ਨਵਾਜ਼ ਸ਼ਰੀਫ ਦੀ ਬੇਗਮ ਮੋਹਤਰਮਾ ਕੁਲਸਮ ਦਾ ਇੰਤਕਾਲ ਹੋਇਆ ਤਾਂ ਭਾਰਤ ਦੇ ਬਹੁਤ ਸਾਰੇ ਨੇਤਾਵਾਂ ਨੇ ਨਵਾਜ਼ ਸ਼ਰੀਫ ਨਾਲ ਸੰਵੇਦਨਾ ਪ੍ਰਗਟ ਕੀਤੀ ਸੀ। ਉਦੋਂ ਅਜਿਹਾ ਜਾਪਦਾ ਸੀ ਕਿ ਨਵਾਜ਼ ਸ਼ਰੀਫ ਨੂੰ ਪਾਕਿਸਤਾਨ ਦੇ ਹੁਕਮ-ਰਾਨ ਕਿਸੇ ਜੁਰਮ ਵਿਚ ਫਾਂਸੀ 'ਤੇ ਲਟਕਾ ਦੇਣਗੇ ਜਿੱਦਾਂ ਜ਼ੁਲਫਕਾਰ ਅਲੀ ਭੁੱਟੋ ਨਾਲ ਹੋਇਆ ਸੀ।


ਦੀਪਕ ਜਲੰਧਰੀ

ਅੱਜਕੱਲ੍ਹ ਨਵਾਜ਼ ਸ਼ਰੀਫ ਦੀ ਬੇਟੀ ਮਰੀਅਮ ਨਵਾਜ਼ ਮੁਸਲਿਮ ਲੀਗ (ਨਵਾਜ਼) ਦੀ ਮੁਖੀ ਹੈ ਤੇ ਇਮਰਾਨ ਸਰਕਾਰ ਵਿਰੁੱਧ ਸੰਘਰਸ਼ ਵਿਚ ਉਤਰੀ ਹੋਈ ਹੈ ਜਦਕਿ ਉਸ ਦੇ ਚਾਚਾ ਸ਼ਾਹਬਾਜ਼ ਸ਼ਰੀਫ ਨੂੰ ਜੇਲ੍ਹ ਵਿਚ ਠੂਸ ਦਿੱਤਾ ਗਿਆ ਹੈ। ਨਵਾਜ਼ ਸ਼ਰੀਫ ਤਾਂ ਅਜਿਹੇ ਸਮੇਂ ਸੱਚ ਬੋਲਣ ਲੱਗੇ ਹਨ ਜਦੋਂ ਗਿਆਰਾਂ ਵਿਰੋਧੀ ਦਲ ਇਕੱਠੇ ਗੁਜਰਾਂਵਾਲਾ ਤੋਂ ਇਮਰਾਨ ਸਰਕਾਰ ਵਿਰੁੱਧ ਤਹਿਰੀਕ ਸ਼ੁਰੂ ਕਰ ਰਹੇ ਹਨ। ਮੋਹਤਰਮਾ ਮਰੀਅਮ ਨਵਾਜ਼ ਨੂੰ ਯਾਦ ਹੋਵੇਗਾ ਕਿ ਮੋਹਤਰਮਾ ਬੇਨਜ਼ੀਰ ਭੁੱਟੋ ਨੂੰ ਫ਼ੌਜੀ ਜਨਰਲ ਮੁਸ਼ੱਰਫ ਨੇ ਮੌਤ ਦੇ ਘਾਟ ਉਤਰਵਾ ਦਿੱਤਾ ਸੀ ਅਤੇ ਉਸੇ ਜੁਰਮ ਵਿਚ ਉਹ ਅੱਜਕੱਲ੍ਹ ਮਫਰੂਰ ਹਨ। ਨਵਾਜ਼ ਸ਼ਰੀਫ ਸਾਹਿਬ ਨੇ ਸੱਚ ਬੋਲਣ ਤੋਂ ਪਹਿਲਾਂ ਖ਼ੂਬ ਚਿੰਤਨ ਕੀਤਾ ਹੋਵੇਗਾ ਅਤੇ ਉਨ੍ਹਾਂ ਨੇ ਹਰ ਤਰ੍ਹਾਂ ਦੇ ਦੋਸ਼ ਝੱਲਣ ਦੇ ਬਾਵਜੂਦ ਇਹ ਸੋਚਿਆ ਹੋਵੇਗਾ :

'ਹੱਕ ਕੀ ਬਾਤ ਕਹੇਂਗੇ, ਸਰੇਦਾਰ ਕਹੇਂਗੇ,
ਏਕ ਬਾਰ ਨਹੀਂ, ਸੌ ਬਾਰ ਕਹੇਂਗੇ£''

ਇਸ ਦਾ ਭਾਵ ਹੈ ਕਿ ਸੱਚ ਬੋਲਾਂਗੇ ਭਾਵੇਂ ਫਾਂਸੀ 'ਤੇ ਲਟਕਣਾ ਪਵੇ ਅਤੇ ਸੱਚ ਇਕ ਵਾਰ ਨਹੀਂ, ਵਾਰ-ਵਾਰ ਬੋਲਾਂਗੇ।

# ਰਾਜਨੀਤਕ ਤੋਤੇ

**ਪੰਜਾਬ ਦੀ ਅਜੋਕੀ ਹਾਲਤ ਕਿਸੇ ਹੋਰ ਨੇ ਨਹੀਂ ਵਿਗਾੜੀ, ਪੰਜਾਬ ਦੇ ਰਾਜਨੀਤਕ ਤੋਤਿਆਂ ਦੀ ਮੇਹਰਬਾਨੀ ਹੈ। ਸਿਖ ਦੁਨੀਆਂ ਦਾ ਹਰ ਯੁੱਧ ਜ੍ਰਿਤ ਸਕਦਾ ਹੈ। ਦਿਲੀ ਦੇ ਲਾਲ ਕਿਲੇ ਤੇ ਵੀ ਝੰਡਾ ਲਾ ਦਿਤਾ ਸੀ। ਲੇਕਿਨ ਜਿੰਨਾਂ ਚਿਰ ਪੰਜਾਬ ਦੇ ਰਾਜਨੀਤਕ ਤੋਤੇ ਦਿਲੀ ਦੀ ਚੂਰੀ ਖਾਂਦੇ ਰਹਿਣਗੇ ਯਕੀਨ ਕਰਿਓ ਪਿੰਜਰੇ ਵਿਚ ਹੀ ਰਹਿਣਗੇ। ਪੰਜਾਬ ਦੀ ਸਿਆਸੀ ਪਾਰਟੀ ਅਕਾਲੀ ਦਲ ਉਮਰ ਵਿਚ ਬੀ ਜੇ ਪੀ ਤੋਂ ਬਹੁਤ ਵੱਢੀ ਹੈ, ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਨਾਲੋਂ ਵਢੇਰੀ ਹੈ ਉਮਰ ਵਿਚ।**



ਸੁਰਿੰਦਰ ਸੁੱਨੜ
(530) 921 0097

ਪੰਜਾਬ ਦੀ ਜੇ ਗੱਲ ਕਰਨੀ ਹੈ ਤਾਂ ਪੰਜਾਬੀ ਭਾਸ਼ਾ ਤੋਂ ਸ਼ੁਰੂ ਕਰਨੀ ਪਵੇਗੀ, ਗੁਰੂ ਗ੍ਰੰਥ ਤੋਂ ਸ਼ੁਰੂ ਕਰਨੀ ਪਵੇਗੀ, ਖਾਲਸਾ ਪੰਥ ਤੋਂ ਸ਼ੁਰੂ ਕਰਨੀ ਪਵੇਗੀ, ਗੁਰੂ ਨਾਨਕ ਤੋਂ ਸ਼ੁਰੂ ਕਰਨੀ ਪਵੇਗੀ। ਪੰਜਾਬੀ ਭਾਸ਼ਾ ਦੁਨੀਆਂ ਦੀ ਪਲੇਠੀ ਭਾਸ਼ਾ ਹੈ, ਪੰਜਾਬੀ ਤੋਂ ਪਹਿਲਾਂ ਦੁਨੀਆਂ ਵਿਚ ਭਾਸ਼ਾ ਸੀ ਹੀ ਨਹੀਂ। ਦਰਿਆਵਾਂ ਦੀ ਧਰਤੀ ਪੰਜਾਬ ਵਿਚ ਪਾਣਨੀ ਨੇ, ਪੰਜਾਬੀ ਪਾਣਨੀ ਨੇਂ ਦੁਨੀਆਂ ਨੂੰ ਭਾਸ਼ਾ ਲਿਖਣ ਦਾ ਵਿਧੀ ਵਿਧਾਨ ਦੱਸਿਆ। ਭਾਸ਼ਾ ਜਦ ਹਾਲੇ ਲਿਖੀ ਨਹੀਂ ਸੀ ਜਾਂਦੀ ਉਸ ਵਕਤ ਵੀ ਪੰਜਾਬ ਵਿਚ ਨਾਟਕ ਖੇਡੇ ਜਾਂਦੇ ਸੀ। ਕਿਸੇ ਨੇ ਅਗਨ ਬਣ ਜਾਣਾਂ ਕਿਸੇ ਨੇ ਇੰਦਰ ਬਣ ਜਾਣਾਂ, ਜਲ ਦੇਵਤਾ ਬਣ ਜਾਣਾਂ, ਵਾਯੂ ਦੇਵਤਾ ਬਣ ਜਾਣਾਂ। ਸਦੀਆਂ ਤੱਕ ਉਹ ਨਾਟਕ ਖੇਡੇ ਜਾਂਦੇ ਰਹੇ ਜੋ ਸਿਖਿਆ ਦਾਇਕ ਨਾਟਕ ਸਨ। ਉਨ੍ਹਾਂ ਨਾਟਕਾਂ ਦੀ ਬਿਨਾਂ ਤੇ ਵੇਦਾਂ ਦੀ ਰਚਨਾਂ ਕੀਤੀ। ਰਿਗ ਵੇਦ ਜੋ ਦੁਨੀਆਂ ਦਾ ਸਭ ਤੋਂ ਪਹਿਲਾ ਗ੍ਰੰਥ ਹੈ ਉਸ ਵਿਚ ਅਗਨੀਂ, ਵਾਯੂ, ਜਲ, ਇੰਦਰ ਸੂਰਜ ਦੇਵਤੇ ਨੂੰ ਰੱਬ ਸਮਝਿਆ ਹੈ। ਜਿਸ ਤੋਂ ਸੁਖ ਮਿਲੇ ਉਹ ਹੀ ਰੱਬ ਹੈ ਇਸ ਵਾਸਤੇ ਲੋਕ ਦੇਵਤਿਆਂ ਨੂੰ ਰੱਬ ਕਹਿਣ ਲੱਗੇ, ਮੰਨਣ ਲੱਗੇ। ਸਮਾਂ ਪੈਣ ਤੇ ਸਿਆਸਤ ਨੇ ਰੱਬ ਨੂੰ ਰਾਜਾ ਬਣਾ ਲਿਆ ਭਗਵਾਨ ਰਾਮ ਤੇ ਭਗਵਾਨ ਕਰਿਸ਼ਨ ਨੂੰ ਰੱਬ ਬਣਾ ਕੇ ਲੰਬਾ ਸਮਾਂ ਰਾਜ ਕੀਤਾ ਸਿਆਸਤ ਨੇ। ਇਕ ਸਮਾਂ ਆਇਆ ਕਿ ਸਿਆਸਤ ਨੇ ਰੱਬ ਤੇ ਕਬਜ਼ਾ ਕਰ ਲਿਆ। ਹਰ ਵਿਅਕਤੀ ਰਾਮ ਰਾਮ ਵੀ ਨਹੀਂ ਸੀ ਕਰ ਸਕਦਾ। ਸਿਰਫ ਚੋਣਵੇਂ ਵਿਅਕਤੀ ਹੀ ਰਾਮ ਰਾਮ ਕਰ ਸਕਦੇ ਸੀ। ਸਮੇਂ ਦੇ ਬੀਤਣ ਨਾਲ ਦੁਨੀਆਂ ਜਾਗਰੂਕ ਹੋ ਚੁੱਕੀ ਸੀ। ਦੁਨੀਆਂ ਨੇ ਆਪੋ ਆਪਣੇ ਰੱਬ ਨਿਰਧਾਰਤ ਕਰਨੇ ਸ਼ੁਰੂ ਕੀਤੇ। ਇਸਲਾਮ ਪੈਦਾ ਹੋਣ ਦੀ ਨੌਬਤ ਹੀ ਨਹੀਂ ਸੀ ਆਉਣੀ ਜੇ ਸਿਆਸਤ ਧਰਮ ਤੇ ਕਬਜ਼ਾ ਨਾਂ ਕਰਦੀ ਤਾਂ। ਪਰ ਇਸਲਾਮੀਆਂ ਨੇਂ ਰੱਬ ਅਨੇਕ ਦੀ ਥਾਂ ਇਕ ਅੱਲਾ ਦਾ ਜੋ ਸੰਕਲਪ ਦੁਨੀਆਂ ਨੂੰ ਸਮਝਾਇਆ ਉਸ ਵਿਚ ਦੁਨੀਆਂ ਨੇ ਯਕੀਨ ਕਰ ਲਿਆ। ਅੱਲਾ ਇਕ ਹੈ ਤੇ ਉਸਦੀ ਮੂਰਤ ਨਹੀਂ ਬਣਾ ਸਕਦੇ, ਬਿਲਕੁਲ ਸਹੀ ਗੱਲ ਸੀ। ਹਜ਼ਰਤ ਮੁਹੰਮਦ ਦੇ ਮੂੰਹ ਚੋਂ ਨਕਿਲੇ ਸ਼ਬਦਾਂ ਨੂੰ ਸਵਿਕਾਰਤਾ ਮਿਲੀ। ਇਸਲਾਮ ਸਨਾਤਨ ਧਰਮ ਤੇ ਹਾਵੀ ਹੋਣ ਲੱਗਾ। ਰੱਬ ਨੇੜੇ ਕਿ ਘਸੁੰਨ ਡਰਦਿਆਂ ਲੋਕ ਮੁਸਲਮਾਨ ਬਣੇ। ਹਿੰਦੂ ਮੁਸਲਮ ਵਿਰੋਧ ਜਦ ਦੁਖਾਂਤ ਵਿਚ ਬਦਲ ਗਿਆ ਤਾਂ ਗੁਰੂ ਨਾਨਕ ਨੇ ਦੁਨੀਆਂ ਨੂੰ ਰੱਬ ਦੀ ਪ੍ਰੀਭਾਂਸ਼ਾ ਦੱਸੀ। " ਇਕ ਹੈ, ਸਭ ਵਿਚ ਇਕਮਿਕ ਹੈ, ਸਤਿ ਹੈ ਸਤਿਨਾਮ ਹੈ, ਕਰਨ ਕਰਾਵਨਹਾਰ ਹੈ, ਨਿਰਭਓ ਹੈ, ਨਿਰਵੈਰ ਹੈ, ਅਜੂਨੀ ਹੈ। ਆਦਿ ਸੱਚ ਜੁਗਾਦ ਸੱਚ ਹੈ ਭੀ ਸੱਚ ਨਾਨਕ ਹੋਸੀ ਭੀ ਸੱਚ।" ਗੁਰੂ ਨਾਨਕ ਦੀ ਗੱਲ ਹਿੰਦੂਆਂ ਤੇ ਮੁਸਲਮਾਨਾਂ ਨੇਂ ਦੋਹਾਂ ਧਰਮਾਂ ਨੇ ਸਵੀਕਾਰੀ, ਆਪਸੀ ਧਰਮਯੁੱਧ ਨੂੰ ਠੱਲ ਤਾਂ ਪੈਣੀਂ ਹੀ ਸੀ ਪਰ ਨਾਂ ਹਿੰਦੂਆਂ ਤੇ ਨਾਂ ਮੁਸਲਮਾਨਾਂ ਨੇਂ ਗੁਰੂ ਨਾਨਕ ਦਾ ਸਿਖ ਸਿਧਾਂਤ ਅਪਣਾਇਆ।

ਸੰਸਕਿਰਤ ਤੇ ਹਿੰਦੂਆਂ ਦਾ ਤੇ ਅਰਬੀ ਤੇ ਮੁਸਲਮਾਨਾਂ ਦਾ ਕਬਜ਼ਾ ਰਿਹਾ। ਭਾਵੇਂ ਸੰਸਕਿਰਤ ਅਤੇ ਅਰਬੀ ਦੋਵੇਂ ਪੰਜਾਬੀ ਭਾਸ਼ਾਵਾਂ ਸੀ, ਦੇਵਨਾਗਰੀ ਵੀ ਪੰਜਾਬੀ ਸੀ ਤੇ ਸ਼ਾਹਮੁਖੀ ਵੀ ਪੰਜਾਬੀ ਸੀ, ਪੰਜਾਬੀ ਭਾਸ਼ਾ ਤਾਂ ਵਿਆਕਰਣਕ ਤੌਰ ਤੇ ਅਤੇ ਸਾਹਿਤਕ ਤੌਰ ਤੇ ਬਹੁਤ ਚਿਰ ਤੋਂ ਲਿਖੀ ਜਾ ਰਹੀ ਸੀ। ਬਾਬਾ ਫਰੀਦ ਜੀ ਨੇਂ ਗੁਰੂ ਨਾਨਕ ਤੋਂ ਤਿੰਨ ਸਦੀਆਂ ਪਹਿਲਾਂ ਜੋ ਰਚਨਾ ਪੰਜਾਬੀ ਵਿਚ ਕੀਤੀ, ਜੋ ਕਿ ਗੂ ਗ੍ਰੰਥ ਸਾਹਿਬ ਵਿਚ ਵੀ ਅੰਕਿਤ ਹੈ, ਕਬੀਰ ਜੀ ਵੀ ਉਮਰ ਵਿਚ ਗੁਰੂ ਨਾਨਕ ਤੋਂ ਵਡੇਰੇ ਸਨ, ਸਾਰੀ ਭਗਤ ਬਾਣੀ ਪੰਜਾਬੀ ਵਿਚ ਸੀ। ਪਰ ਗੁਰੂ ਨਾਨਕ ਨਾ ਹੀ ਹਿੰਦੂ ਤੇ ਨਾਂ ਹੀ ਮੁਸਲਮਾਨ ਕਹਾਉਣਾਂ ਚਾਹੁੰਦੇ ਸੀ ਇਸ ਕਰਕੇ ਗੁਰਾਂ ਨੇ 1532 _ 1539 ਤੱਕ ਸੱਤ ਸਾਲ ਲਗਾ ਕੇ ਗੁਰਮੁਖੀ ਲਿੱਪੀ ਤਿਆਰ ਕਰਕੇ ਸਾਰੀ ਬਾਣੀ ਗੁਰਮੁਖੀ ਵਿਚ ਲਿਖੀ। ਸਿਖੀ ਸਿਧਾਂਤ ਗੁਰਮੁਖੀ ਵਿਚ ਗੁਰੂ ਗ੍ਰੰਥ ਸਾਹਿਬ ਤੱਕ ਹੀ ਸੀਮਤ ਰਿਹਾ। ਪਾਕਿਸਤਾਨ ਬਣਿਆਂ ਤਾਂ ਪਾਕਿਸਤਾਨੀਆਂ ਨੇਂ ਪੰਜਾਬੀ ਨੂੰ ਸ਼ਾਹਮੁਖੀ ਵਿਚ ਲਿਖ ਕੇ ਉਰਦੂ ਬਣਾ ਲਿਆ ਤੇ ਭਾਰਤ ਵਿਚ ਪੰਜਾਬੀ ਨੂੰ ਦੇਵਨਾਗਰੀ ਵਿਚ ਲਿਖ ਕੇ ਹਿੰਦੀ ਭਾਸ਼ਾ ਕਿਹਾ ਜਾਂਦਾ ਹੈ। ਅਜੋਕੇ ਪੰਜਾਬ ਵਿਚ ਵੀ ਪੰਜਾਬੀ ਅਲੋਪ ਹੋ ਰਹੀ ਹੈ ਇਸਦਾ ਕਾਰਣ ਇਹ ਹੈ ਕਿ ਪੰਜਾਬ ਦੇ ਰਾਜਨੀਤਕ ਤੋਤਿਆਂ ਨੇਂ ਚੂਰੀ ਖਾਣ ਦੇ ਲਾਲਚ ਵਿਚ ਭਾਰਤੀ ਸਿਆਸਤ ਦੇ ਤੋਤੇ ਬਣ ਕੇ ਹੀ ਉਮਰ ਭੋਗੀ। ਸਰਦਾਰ ਬਲਦੇਵ ਸਿੰਘ ਨੇ ਪੰਜਾਬੀ ਦੀ ਗੱਲ ਨਹੀਂ ਕੀਤੀ, ਸਰਦਾਰ ਸਵਰਨ ਸਿੰਘ ਨੇ, ਸਰਦਾਰ ਗੁਰਦਿਆਲ ਸਿੰਘ ਢਿਲੋਂ ਨੇ ਕਦੇ ਪੰਜਾਬੀ ਦੀ ਗੱਲ ਨਹੀਂ ਕੀਤੀ। ਗਿਆਨੀ ਜ਼ੈਲ ਸਿੰਘ ਗੁਰੂ ਘਰ ਦੇ ਪਾਠੀ ਵੀ ਰਹੇ ਪਰ ਸਾਰੀ ਉਮਰ ਹੀ ਸਿਆਸਤ ਦੇ ਗੂੰਗੇ ਤੋਤੇ ਵਾਂਗ ਮੁੱਖ ਮੰਤਰੀ ਤੇ ਪ੍ਰੈਜ਼ੀਡੈਂਟ ਦੀ ਕੁਰਸੀ ਤੇ ਬੈਠ ਕੇ ਵੀ ਸਿਆਸੀ ਚੂਰੀ ਹੀ ਖਾਂਦੇ ਰਹੇ। ਹਰ ਤਰਾਂ ਦੇ ਰੁਤਬਿਆਂ ਤੇ ਹੁੰਦਿਆਂ ਹੋਇਆਂ ਵੀ ਰਾਜਨੀਤਕ ਤੋਤਿਆਂ ਨੇਂ ਆਪਣੀ ਮਾਂ ਬੋਲੀ ਬਾਰੇ ਕੁਝ ਨਹੀਂ ਕੀਤਾਂ। ਪਰਧਾਨਮੰਤਰੀ ਮਨਮੋਹਨ ਸਿੰਘ ਨੂੰ ਮੈਂ ਰਾਜਨੀਤਕ ਤੋਤਿਆਂ ਦੀ ਕਿਤਾਰ ਵਿਚ ਨਹੀਂ ਗਿਣਦਾ ਕਿਉਕਿ ਉਹ ਰਾਜਨੀਤਕ ਨਹੀਂ ਹਨ। ਮਨਮੋਹਨ ਸਿੰਘ ਦੀ ਲਿਆਕਤ ਨੂੰ ਰਾਜਨੀਤੀ ਨੇਂ ਮਜ਼ਬੂਰਨ ਇਸਤੇਮਾਲ ਕੀਤਾ ਪਰ ਉਹ ਰਾਜਨੀਤਕ ਤੋਤੇ ਨਹੀਂ ਹਨ।

ਮੇਰਾ ਦਿਲ ਕਰਦਾ ਹੈ ਕਿ ਪੰਜਾਬ ਦੇ ਸਾਰੇ ਸਿਆਸਤਦਾਨਾਂ ਤੋਂ ਗੁਰੂ ਨਾਨਕ ਤੇ ਇਕ ਲੇਖ ਲਿਖਣ ਵਾਸਤੇ ਕਹਾਂ। ਜਿਸਮਾਨੀ ਤੌਰ ਤੇ ਜੋ ਜਨਮ ਲੈਂਦਾ ਹੈ ਉਹ ਜਿਸਮ ਆਪਣੀ ਉਮਰ ਭੋਗ ਕੇ ਚਲਾ ਜਾਂਦਾ ਹੈ, ਪਰ ਗੁਰੂ ਨਾਨਕ ਇਕ ਵਿਅਕਤੀ ਨਹੀਂ ਸ਼ਕਤੀ ਹੈ। ਗੁਰੂ ਨਾਨਕ ਦਾ ਗੁਰੂ ਸ਼ਬਦ ਹੈ, "ਸ਼ਬਦ ਗੁਰੂ ਸੁਰਤ ਧੁਨ ਚੇਲਾ" ਨਾਨਕ ਗੁਰੂ ਹੈ ਤੇ ਗੁਰੂ ਨਾਨਕ ਹੈ। ਦਸ ਪਾਤਸ਼ਾਹੀਆਂ ਜਿਸਮਾਨੀ ਤੌਰ ਤੇ ਭਾਵੇਂ ਦਸ ਸਨ ਪਰ ਨਾਨਕ ਹੀ ਹਨ, ਸਮੁੱਚੀ ਬਾਣੀ ਨਾਨਕ ਹੈ, ਗੁਰੂ ਸਿਰਫ ਨਾਨਕ ਹੈ, ਗੁਰੂ ਗ੍ਰੰਥ ਸਾਹਿਬ ਨਾਨਕ ਹੈ, ਗੁਰੂ ਨਾਨਕ ਵਿਚਾਰਧਾਰਾ ਵਿਅਕਤੀ ਨਹੀਂ ਹੈ ਸ਼ਕਤੀ ਹੈ। ਗੁਰੂ ਨਾਨਕ ਪਰਤੱਖ ਹਰ ਹੈ, ਹਾਜ਼ਰ ਨਾਜ਼ਰ ਅਕਾਲਪੁਰਖ ਹੈ। ਗੁਰੂ ਗ੍ਰੰਥ ਸਾਹਿਬ ਨੂੰ ਨੀਝ ਨਾਲ ਵਾਰ ਵਾਰ ਸਿਮਰਣ ਕਰਨ ਨਾਲ ਗੁਰੂ ਦੀ ਉਪਮਾਂ ਕਰਨ ਦਾ ਹੌਸਲਾ ਬਣਦਾ ਹੈ। ਮੇਰੀ ਗੁਰੂ ਦੀ ਉਪਮਾਂ ਕਰਨ ਦੀ ਰੀਝ ਰਹੀ ਸਾਰੀ ਉਮਰ। ਮੈਂ ਗੁਰੂ ਗ੍ਰੰਥ ਸਾਹਿਬ ਨੂੰ ਜਿੰਨਾਂ ਕੁ ਸਮਝਿਆ ਉਸਦਾ ਅੰਗ੍ਰੇਜ਼ੀ ਵਿਚ "ONE ALMIGHTY" ਨਾਮ ਦੀ ਇਕ ਪੁਸਤਕ ਦੇ ਰੂਪ ਵਿਚ ਛਪਵਾਇਆ, ਉਸਦੀ ਚੌਥੀ ਅਡੀਸ਼ਨ ਹੁਣ ਅਮੈਰੀਕਾ ਵਿਚ ਛਪੀ ਹੈ ਐਮਜ਼ਾਨ ਅਤੇ ਦੁਨੀਆਂ ਦੀਆਂ ਸਾਰੀਆਂ ਵੱਢੀਆਂ ਲਾਇਬ੍ਰੇਰੀਆਂ ਵਿਚ ਮਿਲਦੀ ਹੈ। ਗੁਰੂ ਨਾਨਕ ਨੂੰ ਸਿਆਸਤ ਸਾਰਾ ਜ਼ੋਰ ਲਾਅ ਕੇ ਦੇਵ ਬਣਾਉਂਦੀ ਰਹੀ। ਪੰਜਾਬੀਆਂ ਨੂੰ ਹੁਣ ਤਾਂ ਇਹ ਵੀ ਪਤਾ ਨਹੀਂ ਕਿ ਗੁਰੂ ਨਾਨਕ ਨੂੰ ਦੇਵ ਕਹਿਣਾਂ ਗੁਰੂ ਨਾਨਕ ਦੀ ਤੌਹੀਨ ਹੈ। ਨਾਨਕ 33 ਕਰੋੜ ਦੇਵਤਿਆਂ ਵਿਚੋਂ ਇਕ ਨਹੀਂ ਹਨ, ਨਾਨਕ ਤਾਂ ਅਕਾਲਪੁਰਖ ਹੈ। ਗੁਰੂ ਨਾਨਕ ਦੇ ਸਿਖ ਸਿਧਾਂਤ ਨੇਂ ਗੀਤ ਤੋਂ ਤਲਵਾਰ ਤੱਕ ਦਾ ਸਫਰ ਕੀਤਾ ਹੈ। ਦਸਮ ਪਿਤਾ ਦੀ ਤਲਵਾਰ ਅਤੇ ਨਾਨਕ ਦੇ ਗੀਤ ਵਿਚ ਅੰਤਰ ਨਹੀਂ ਹੈ। ਜਦ ਹੋਰ ਚਾਰਾ ਨਾਂ ਚੱਲੇ, ਗੀਤਾਂ ਨਾਲ ਗੱਲ ਨਾਂ ਬਣੇ ਤਾਂ ਧਾਰਮਕ ਹਿਫਾਜ਼ਤ ਵਾਸਤੇ ਹਥਿਆਰ ਚੁੱਕਣਾਂ ਸਾਡਾ ਧਰਮ ਹੈ। ਸਿਰਫ ਪੰਜ ਕਕਾਰ ਪਹਿਨਕੇ ਖਾਲਸਾ ਨਹੀਂ ਬਣ ਜਾਂਦਾ, ਜਿੰਨਾਂ ਚਿਰ ਸਿਖ ਆਪਣਾਂ ਸੀਸ ਗੁਰੂ ਨੂੰ ਭੇਂਟ ਨਹੀਂ ਕਰਦਾ ਉਹ ਖਾਲਸਾ ਨਹੀਂ ਹੈ। ਆਪਣੀਂ ਮਰਜ਼ੀ ਤਿਆਗ ਕੇ "ਹੁਕਮ ਰਜ਼ਾਈ ਚੱਲਣਾਂ" ਸਿਖਣਾ ਪਵੇਗਾ। ਜੇਹੜਾ ਚਾਰ ਕੁ ਦਿਨ ਨਿਤਨੇਮ ਕਰਨ ਤੋਂ ਬਾਅਦ ਸਿਖ ਸਮਝਦਾ ਹੈ ਉਸਨੂੰ ਨਾਨਕ ਲਿਖਦੇ ਹਨ "ਧਰਮੀਂ ਧਰਮ ਕਰੇ ਗਵਾਵੇ ਮੰਗੇ ਮੋਖ ਦੁਆਰ"। ਗੁਰੂ ਨਾਨਕ ਵਾਂਗ ਖਾਲਸਾ ਵੀ ਸ਼ਕਤੀ ਹੈ ਵਿਅਕਤੀ ਨਹੀਂ ਹੈ। ਖਾਲਸੇ ਦਾ ਹਮੇਸ਼ਾਂ ਅਵਤਾਰ ਦਿਵਸ ਹੀ ਮਨਾਇਆ ਜਾਵੇਗਾ, ਆਗਮਣ ਦਿਵਸ ਹੀ ਮਨਾਇਆ ਜਾਵੇਗਾ, ਗੁਰੂ ਖਾਲਸੇ ਦਾ, ਗੁਰੂ ਨਾਨਕ ਦਾ ਅਤੇ ਗੁਰੂ ਗ੍ਰੰਥ ਸਾਹਿਬ ਦਾ ਕਦੇ ਅੰਤ ਹੋ ਹੀ ਨਹੀਂ ਸਕਦਾ। ਬਰਾਹਮਣਵਾਦ ਦੇ ਪਿੰਜਰੇ ਵਿਚ ਬੈਠੇ ਮਿਠੀ ਮਿਠੀ ਚੂਰੀ ਖਾਂਦੇ ਅਤੇ ਸਿਖ ਅਖਵਾਉਂਦੇ ਮਾਜੂਦਾ ਸਿਆਸਤਦਾਨਾਂ ਦੀ ਗੱਲ ਕਰਨੀ ਬਣਦੀ ਹੈ।

ਪੰਜਾਬ ਦੀ ਅਜੋਕੀ ਹਾਲਤ ਕਿਸੇ ਹੋਰ ਨੇ ਨਹੀਂ ਵਿਗਾੜੀ, ਪੰਜਾਬ ਦੇ ਰਾਜਨੀਤਕ ਤੋਤਿਆਂ ਦੀ ਮੇਹਰਬਾਨੀ ਹੈ। ਸਿਖ ਦੁਨੀਆਂ ਦਾ ਹਰ ਯੁੱਧ ਜ੍ਰਿਤ ਸਕਦਾ ਹੈ। ਦਿਲੀ ਦੇ ਲਾਲ ਕਿਲੇ ਤੇ ਵੀ ਝੰਡਾ ਲਾ ਦਿਤਾ ਸੀ। ਲੇਕਿਨ ਜਿੰਨਾਂ ਚਿਰ ਪੰਜਾਬ ਦੇ ਰਾਜਨੀਤਕ ਤੋਤੇ ਦਿਲੀ ਦੀ ਚੂਰੀ ਖਾਂਦੇ ਰਹਿਣਗੇ ਯਕੀਨ ਕਰਿਓ ਪਿੰਜਰੇ ਵਿਚ ਹੀ ਰਹਿਣਗੇ। ਪੰਜਾਬ ਦੀ ਸਿਆਸੀ ਪਾਰਟੀ ਅਕਾਲੀ ਦਲ ਉਮਰ ਵਿਚ ਬੀ ਜੇ ਪੀ ਤੋਂ ਬਹੁਤ ਵੱਢੀ ਹੈ, ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਨਾਲੋਂ ਵਢੇਰੀ ਹੈ ਉਮਰ ਵਿਚ। ਪਰ ਰਾਜਨੀਤਕ ਤੋਤੇ ਬਣ ਕੇ ਰਹਿਣ ਦੀ ਗੱਲ ਸਮਝ ਵਿਚ ਨਹੀਂ ਆਉਂਦੀ। ਜੇ ਪੰਜਾਬ ਦੀ ਸਾਰੀ ਸਿਆਸਤ ਦਿਲੀ ਤੋਂ ਹੀ ਚੱਲਣੀ ਹੈ ਤਾਂ ਪੁਰਾਣੇ ਪੰਜਾਬ ਦਾ ਸਤਵਾਂ ਹਿੱਸਾ ਰਹਿ ਚੁੱਕਿਆ ਇਹ ਅਜੋਕਾ ਪੰਜਾਬ ਬੱਸ ਚੂਰੀ ਖਾਣ ਵਾਲੇ ਤੋਤਿਆਂ ਹਵਾਲੇ ਹੀ ਰਹੇਗਾ। ਪੰਜਾਬ ਵਿਚ ਕਾਂਗਰਸ ਰਸਕਾਰ ਹੈ ਇਸ ਵਕਤ 117 ਵਿਚੋਂ 82 ਵਧਾਇਕ ਹਨ ਪਰ ਕਿਉਂਕਿ ਦਿਲੀ ਤੋਂ ਪੁੱਛੇ ਬਿਨਾਂ ਪੰਜਾਬ ਕਾਂਗਰਸ ਕੁਝ ਵੀ ਨਹੀਂ ਕਰ ਸਕਦੀ ਇਸ ਵਾਸਤੇ ਹੱਥਲ ਹੈ। ਨਵਜੋਤ ਸਿੰਘ ਸਿਧੂ ਨੂੰ ਸਿਆਸੀ ਤੋਤਾ ਨਹੀਂ ਬਣਨਾਂ ਆਉਂਦਾ ਇਸ ਕਰਕੇ ਖੂੰਜੇ ਲੱਗ ਕੇ ਬੈਠਾ ਹੈ। ਪੰਜਾਬ ਕਾਂਗਰਸ ਮਰਦੀ ਮਰ ਜਾਊ ਪਰ ਸਿਧੂ ਦੇ ਹੱਥ ਵਾਗਡੋਰ ਨਹੀਂ ਦੇਣੀਂ ਕਿਸੇ ਨੇ ਕਿਉਂਕਿ ਸਿਧੂ ਨੂੰ ਤੋਤਾ ਬਣਕੇ ਚੂਰੀ ਖਾਣ ਨਾਲੋਂ ਤੇ ਪਿੰਜਰੇ ਵਿਚ ਰਹਿਣ ਨਾਲੋਂ ਅਜ਼ਾਦੀ ਚੰਗੀ ਲਗਦੀ ਹੈ। ਭਗਵੰਤ ਮਾਨ ਲੋਕ ਸਭਾ ਵਿਚ ਬੜੀਆਂ ਕਰਾਰੀਆਂ ਗੱਲਾਂ ਕਰਦਾ ਹੈ ਚੰਗੀਆਂ ਵੀ ਲੱਗਦੀਆਂ ਪਰ ਪੰਜਾਬ ਦੀ ਰਾਜਨੀਤੀ ਦਾ ਭਗਵੰਤ ਮਾਨ ਸਭ ਤੋਂ ਵੱਧ ਚੂਰੀ ਖਾਣ ਵਾਲਾ ਤੋਤਾ ਹੈ। ਆਮ ਆਦਮੀਂ ਪਾਰਟੀ ਪੰਜਾਬ ਦੀ ਅਕਾਲੀ ਦਲ ਤੋਂ ਬਾਅਦ ਸਭ ਤੋਂ ਵੱਢੀ ਪਾਰਟੀ ਬਣ ਜਾਣੀ ਸੀ ਜੇਕਰ ਭਗਵੰਤ ਮਾਨ ਦਿਲੀ ਦਾ ਤੋਤਾ ਨਾਂ ਹੁੰਦਾ ਤਾਂ। ਦਿਲੀ ਦੇ ਪਿੰਜਰੇ ਵਿਚ ਬੈਠਾ ਤੋਤਾ ਭਗਵੰਤ ਮਾਨ ਪੰਜਾਬ ਦਾ ਨੁਕਸਾਨ ਤਾਂ ਕਰ ਰਿਹਾ ਹੈ ਪਰ ਫਾਇਦਾ ਨਹੀਂ। ਕੇਜਰੀਵਾਲ ਦਿਲੀ ਵਾਸਤੇ ਠੀਕ ਹੈ ਪਰ ਪੰਜਾਬ ਨੂੰ ਬਰਬਾਦ ਕਰਨ ਤੋਂ ਬਿਨਾਂ, ਲੁੱਟਣ ਤੋਂ ਬਿਨਾਂ ਕੁਝ ਨਹੀਂ ਕਰਨ ਵਾਲਾ। ਮਹਾਤਮਾਂ ਗਾਂਧੀ ਨੂੰ ਸਾਰੀ ਦੁਨੀਆਂ ਪੂਜਦੀ ਫਿਰਦੀ ਹੈ ਪਰ ਗਾਂਧੀ ਪੰਜਾਬ ਦੀ ਬਰਬਾਦੀ ਤੱਕਦਾ ਰਿਹਾ। ਪੰਜਾਬ ਦਾ 60% ਪਾਕਿਸਤਾਨ ਨੂੰ ਦੇਣ ਵਾਲਾ ਗਾਂਧੀ 1947 ਦੇ ਵੱਢ ਵਢਾਂਗੇ ਬਾਅਦ ਬੋਲਦਾ ਹੈ, "ਮੁਸ਼ਲਮਾਨ ਭਾਇਓਂ ਕੇ ਜੋ ਘਾਵ ਆਇ ਹੈਂ ਵੋ ਸ਼ਿਖੋਂ ਕੀ ਤਲਵਾਰੋਂ ਸੇ ਆਇ ਹੈਂ" ਗਾਂਧੀ ਗੁਰੂ ਗੋਬਿੰਦ ਸਿੰਘ ਨੂੰ ਭੁੱਲਿਆ ਹੋਇਆ ਦੇਸ਼ ਭਗਤ ਲਿਖਦਾ ਹੈ। ਕੇਜਰੀਵਾਲ ਪੰਜਾਬ ਵਾਸਤੇ ਗਾਂਧੀ ਨਾਲੋਂ ਵੱਧ ਜ਼ਹਿਰ ਰੱਖਦਾ ਹੈ। ਖਹਿਰਾ ਇਕ ਚੇਹਰਾ ਬਣ ਕੇ ਉੱਭਰਿਆ ਸੀ, ਕੇਜਰੀਵਾਲ ਨੇ ਕੱਢ ਕੇ ਬਾਹਰ ਮਾਰਿਆ। ਬ੍ਰਹਮਪੁਰਾ, ਢੀਂਡਸਾ, ਸੇਖਵਾਂ, ਬੈਂਸ ਇਹ ਸਾਰੇ ਵਧੀਆ ਲੋਕ ਸੀ, ਪੁਰਾਣੇ ਸਿਆਸਤਦਾਨ ਸੀ ਪਰ ਅਕਾਲੀ ਦਲ ਵਿਚੋਂ ਬਾਹਰ ਹੋ ਕੇ ਖਤਮ ਹੋ ਚੁੱਕੇ ਹਨ। ਇਹ ਵੀ ਸੱਚ ਹੈ ਕਿ ਅਕਾਲੀ ਦਲ ਦਾ ਵੀ ਨੁਕਸਾਨ ਹੋਇਆ ਹੈ ਪਰ ਹੁਣ ਉਹ ਪੰਜਾਬ ਵਾਸਤੇ ਕੁਝ ਨਹੀਂ ਕਰ ਸਕਦੇ। ਡੱਡੂਆਂ ਦੀ ਪਸੇਰੀ ਇਕ ਛਾਬੇ ਵਿਚ ਨਹੀ ਬੈਠ ਸਕਦੀ। ਅਕਾਲੀ ਦਲ ਕੋਲੋਂ ਵੀ ਜੋ ਜੋ ਪੰਜਾਬ ਦਾ ਨੁਕਸਾਨ ਹੋਇਆ ਰਾਜਨੀਤਕ ਤੋਤੇ ਬਣਨ ਕਰਕੇ ਹੀ ਹੋਇਆ। ਗ਼ਲਤੀਆਂ ਇਨਸਾਨ ਕੋਲੋਂ ਹੋ ਜਾਂਦੀਆਂ, "ਮੰਜ਼ਿਲ ਪਰ ਚਲਨੇ ਵਾਲੋਂ ਕੋ ਪਥ ਮੇਂ ਰਾਤ ਹੁਆ ਕਰਤੀ ਹੈ" ਅਕਾਲੀ ਦਲ ਨੂੰ ਪੰਜਾਬ ਵਿਚੋਂ ਕਮਜ਼ੋਰ ਕਰਨ ਵਾਲੇ ਪੰਜਾਬ ਨੂੰ ਕਮਜ਼ੋਰ ਕਰ ਰਹੇ ਹਨ। ਮੁਖਾਲਫਤ ਕਰਨ ਦੀ ਬਜ਼ਾਇ ਜੇ ਸਾਰੇ ਰਲ ਕੇ ਅਕਾਲੀ ਦਲ ਦੀਆਂ ਗ਼ਲਤੀਆਂ ਸੁਧਾਰਣ ਦਾ ਯਤਨ ਕਰਨ ਤਾਂ ਗੱਲ ਬਣ ਸਕਦੀ ਹੈ। ਬਾਕੀ ਰਾਜਨੀਤਕ ਤੋਤਿਆ ਤੋਂ ਪੁੱਛ ਲਓ॥

# ਪੂਰਬੀ ਸਰਹੱਦ 'ਤੇ ਭਾਰਤ ਲਈ ਚੁਣੌਤੀਆਂ



ਜੀ ਪਾਰਥਾਸਾਰਥੀ

ਭਾਰਤ ਦੇ ਥਲ ਸੈਨਾ ਮੁਖੀ ਜਨਰਲ ਮਨੋਜ ਵਿਕਰਮ ਨਰਵਾਣੇ ਅਤੇ ਵਿਦੇਸ਼ ਸਕੱਤਰ ਹਰਸ਼ ਵਰਧਨ ਸ਼੍ਰਿੰਗਲਾ ਦਾ ਹਾਲੀਆ ਮਿਆਂਮਾਰ ਦੌਰਾ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਭਾਰਤ ਆਪਣੇ ਇਸ ਉੱਤਰ ਪੂਰਬੀ ਗੁਆਂਢੀ ਜਿਸ ਨਾਲ ਇਸ ਦੀ 1643 ਕਿਲੋਮੀਟਰ ਜ਼ਮੀਨੀ ਸਰਹੱਦ ਲਗਦੀ ਹੈ, ਨਾਲ ਸਬੰਧਾਂ ਨੂੰ ਕਿੰਨਾ ਉੱਚਾ ਰਣਨੀਤਕ ਮਹੱਤਵ ਦਿੰਦਾ ਹੈ। ਇਹ ਸਰਹੱਦ ਉੱਤਰ ਵਿਚ ਚੀਨ ਤੋਂ ਲੈ ਕੇ ਦੱਖਣ ਵਿਚ ਬੰਗਲਾਦੇਸ਼ ਤਕ ਜਾਂਦੀ ਹੈ। ਚੰਗੇ ਰਾਜਸੀ ਸਬੰਧਾਂ ਦੇ ਬਾਵਜੂਦ 1990ਵਿਆਂ ਤੱਕ ਭਾਰਤ ਅਤੇ ਮਿਆਂਮਾਰ ਦਰਮਿਆਨ ਆਰਥਿਕ ਸਹਿਯੋਗ ਥੋੜ੍ਹਾ ਹੀ ਰਿਹਾ ਹੈ ਜਿਸ ਦਾ ਮੁੱਖ ਕਾਰਨ ਇਹ ਸੀ ਕਿ ਮਿਆਂਮਾਰ ਨੇ ਆਰਥਿਕ ਤੌਰ ਤੇ ਅਲੱਗ ਥਲੱਗ ਰਹਿਣ ਦੀਆਂ ਨੀਤੀਆਂ ਅਪਣਾਈਆਂ ਹੋਈਆਂ ਸਨ। ਅਸਾਮ ਵਿਚ ਉਲਫਾ, ਨਾਗਾਲੈਂਡ ਵਿਚ ਐਨਐਸਸੀਐਨ (ਆਈਐਮ) ਅਤੇ ਮਿਆਂਮਾਰ ਵਿਚ ਸਰਗਰਮ ਕਚੀਨ ਆਜ਼ਾਦੀ ਸੰਗਠਨ ਜਿਹੇ ਗਰੁਪਾਂ ਦੀਆਂ ਸਰਹੱਦ ਦੇ ਆਰ ਪਾਰ ਹਥਿਆਰਬੰਦ ਬਾਗ਼ੀ ਸਰਗਰਮੀਆਂ ਨਾਲ ਸਿੱਝਣ ਲਈ ਭਾਰਤ ਅਤੇ ਮਿਆਂਮਾਰ ਦਰਮਿਆਨ ਸੁਰੱਖਿਆ ਸਹਿਯੋਗ ਨਾਮਾਤਰ ਹੀ ਰਿਹਾ ਹੈ।

ਭਾਰਤ ਅਤੇ ਮਿਆਂਮਾਰ ਦੀਆਂ ਸਰਕਾਰਾਂ ਨੇ 1990ਵਿਆਂ ਵਿਚ ਗੱਲਬਾਤ ਸ਼ੁਰੂ ਕੀਤੀ ਸੀ ਜਿਸ ਦੇ ਸਿੱਟੇ ਵਜੋਂ ਦੋਹਾਂ ਮੁਲਕਾਂ ਨੇ ਸਰਹੱਦ ਪਾਰਲੀਆਂ ਬਗ਼ਾਵਤਾਂ ਅਤੇ ਨਸ਼ਿਆਂ ਦੀ ਤਸਕਰੀ ਨਾਲ ਸਾਂਝੇ ਤੌਰ ਤੇ ਸਿੱਝਣ ਲਈ ਸਮਝੌਤੇ ਸਹੀਬੰਦ ਕੀਤੇ ਸਨ। ਇਹ ਸਮਝੌਤੇ ਭਾਰਤ ਵਿਚ ਐਨਐਸਸੀਐਨ (ਆਈਐਮ) ਤੇ ਉਲਫਾ ਅਤੇ ਮਿਆਂਮਾਰ ਦੇ ਕਚੀਨ ਸੂਬੇ ਦੇ ਸਰਹੱਦੀ ਖੇਤਰ ਵਿਚ ਸਰਗਰਮ ਕਚੀਨ ਆਜ਼ਾਦੀ ਸੰਗਠਨ (ਕੇਆਈਓ) ਅਤੇ ਅਰਾਕਾਨ ਆਰਮੀ ਜਿਹੇ ਹਥਿਆਰਬੰਦ ਬਾਗ਼ੀ ਗਰੁਪਾਂ ਨੂੰ ਕਾਬੂ ਕਰਨ ਵਿਚ ਅਸਰਦਾਰ ਸਾਬਿਤ ਹੋਏ ਹਨ। ਕੇਆਈਓ ਜਿਹੇ ਵੱਖਵਾਦੀ ਗਰੁਪਾਂ ਨਾਲ ਭਾਰਤ ਦੇ ਵੱਖਵਾਦੀ ਗਰੁਪਾਂ ਨੂੰ ਚੀਨ ਦੇ ਯਾਨਾਨ ਪ੍ਰਾਂਤ ਨਾਲ ਲਗਦੇ ਖੇਤਰਾਂ ਵਿਚ ਦਾਖ਼ਲ ਹੋ ਕੇ ਉੱਥੋਂ ਆਪਣੀਆਂ ਸਰਗਰਮੀਆਂ ਚਲਾਉਣ ਵਿਚ ਮਦਦ ਮਿਲੀ ਹੈ ਤੇ ਇਸ ਦੇ ਨਾਲ ਹੀ ਉੱਥੇ ਉਨ੍ਹਾਂ ਨੂੰ ਸੁਰੱਖਿਅਤ ਪਨਾਹ ਅਤੇ ਚੀਨ ਦੀਆਂ ਸਰਕਾਰੀ ਏਜੰਸੀਆਂ ਤੋਂ ਫ਼ੌਜੀ ਇਮਦਾਦ ਵੀ ਹਾਸਲ ਹੋ ਰਹੀ ਹੈ।



1990ਵਿਆਂ ਤੋਂ ਲੈ ਕੇ ਹੁਣ ਤੱਕ ਵਿਆਪਕ ਐਂਗਲੋ-ਅਮਰੀਕੀ ਪਾਬੰਦੀਆਂ ਕਾਰਨ ਵਿੱਤੀ ਤੰਗੀ ਦਾ ਸਾਹਮਣੇ ਕਰ ਰਿਹਾ ਮਿਆਂਮਾਰ ਚੀਨ ਤੇ ਬਹੁਤ ਜ਼ਿਆਦਾ ਨਿਰਭਰ ਹੋ ਗਿਆ। ਉਂਜ, ਮਿਆਂਮਾਰ ਨੇ ਭਾਰਤ ਅਤੇ ਥਾਈਲੈਂਡ, ਸਿੰਗਾਪੁਰ, ਜਪਾਨ ਤੇ ਦੱਖਣੀ ਕੋਰੀਆ ਜਿਹੇ ਪੂਰਬੀ ਏਸ਼ਿਆਈ ਮੁਲਕਾਂ ਨਾਲ ਆਪਣੇ ਤਾਲੁਕਾਤ ਵਧਾਏ ਹਨ। ਇਸ ਨੇ ਚੀਨ ਦੇ ਯਾਨਾਨ ਪ੍ਰਾਂਤ ਵਿਚ ਸੁਰੱਖਿਅਤ ਪਨਾਹ ਹਾਸਲ ਕਰਨ ਲਈ ਉਸ ਦੇ ਸਰਹੱਦੀ ਖੇਤਰਾਂ ਵਿਚ ਆ ਰਹੇ ਭਾਰਤੀ ਵੱਖਵਾਦੀ ਗਰੁਪਾਂ ਖਿਲਾਫ਼ ਸਖ਼ਤੀ ਵਰਤੀ ਹੈ। ਮਿਆਂਮਾਰ ਦੀ ਰਣਨੀਤਕ ਮਹੱਤਵ ਨੂੰ ਅਣਡਿੱਠ ਕਰਨ ਵਾਲੇ ਅਮਰੀਕਾ ਤੇ ਉਸ ਦੇ ਪੱਛਮੀ ਸਹਿਯੋਗੀ ਮੁਲਕਾਂ ਨੇ ਰੋਹਿੰਗੀਆ ਮੁਸਲਮਾਨਾਂ ਉੱਤੇ ਵਧੀਕੀਆਂ ਖਿਲਾਫ਼ ਮਿਆਮਾਰ ਤੇ ਆਰਥਿਕ ਪਾਬੰਦੀਆਂ ਲਾ ਦਿੱਤੀਆਂ ਸਨ। ਰੋਹਿੰਗੀਆ ਭਾਈਚਾਰੇ ਦੇ ਲੋਕ ਮਿਆਂਮਾਰ ਦੇ ਰਖਾਇਨ ਪ੍ਰਾਂਤ ਦੇ ਵਸਨੀਕ ਹਨ ਜਿਸ ਦੀ ਸਰਹੱਦ ਭਾਰਤ ਅਤੇ ਬੰਗਲਾਦੇਸ਼ ਨਾਲ ਲਗਦੀ ਹੈ। ਉਂਜ, ਅਮਰੀਕਾ ਤੇ ਉਸ ਦੇ ਯੂਰੋਪੀਅਨ ਭਿਆਲਾਂ ਵਲੋਂ ਮਿਆਂਮਾਰ ਤੇ ਪਾਬੰਦੀਆਂ ਲਾਉਣ ਲਈ ਸੰਯੁਕਤ ਰਾਸ਼ਟਰ ਵਿਚ ਲਿਆਂਦੇ ਮਤਿਆਂ ਨੂੰ ਚੀਨ ਨੇ ਵੀਟੋ ਕਰ ਦਿੱਤਾ ਸੀ। ਅਮਰੀਕਾ ਅਤੇ ਉਸ ਦੇ ਯੂਰੋਪੀਅਨ ਭਿਆਲਾਂ ਨੇ ਰੋਹਿੰਗੀਆ ਸ਼ਰਨਾਰਥੀਆਂ ਦੀ ਰਖਾਇਨ ਪ੍ਰਾਂਤ ਵਿਚ ਵਾਪਸੀ ਤੇ ਮੁੜ ਵਸੇਬੇ ਲਈ ਠੋਸ ਯੋਜਨਾਵਾਂ ਤਿਆਰ ਕਰਨ ਤੇ ਫੰਡਾਂ ਦਾ ਪ੍ਰਬੰਧ ਕਰਨ ਵਾਸਤੇ ਮਿਆਂਮਾਰ ਦੇ ਨੇੜਲੇ ਗੁਆਂਢੀਆਂ ਤੇ ਜਪਾਨ ਨਾਲ ਵੀ ਕੋਈ ਤਾਲਮੇਲ ਨਹੀਂ ਕੀਤਾ। ਅਮਰੀਕਾ ਤੇ ਉਸ ਦੇ ਯੂਰੋਪੀਅਨ ਸਹਿਯੋਗੀ ਮੁਲਕਾਂ ਦੀਆਂ ਅਜਿਹੀਆਂ ਨੀਤੀਆਂ ਦਾ ਸਭ ਤੋਂ ਵੱਧ ਲਾਭ ਚੀਨ ਨੂੰ ਹੋਇਆ ਜਿਸ ਤੇ ਮਿਆਂਮਾਰ ਹੁਣ ਬਹੁਤ ਜ਼ਿਆਦਾ ਟੇਕ ਰੱਖਦਾ ਹੈ ਤਾਂ ਕਿ ਸੰਯੁਕਤ ਰਾਸ਼ਟਰ ਵਿਚ ਮਨੁੱਖੀ ਅਧਿਕਾਰਾਂ ਦੀਆਂ ਕਥਿਤ ਖਿਲਾਫ਼ਵਰਜ਼ੀਆਂ ਨੂੰ ਲੈ ਕੇ ਯੂਰੋਪੀਅਨ ਮੁਲਕਾਂ ਵਲੋਂ ਉਸ ਦੀ ਨੁਕਤਾਚੀਨੀ ਕਰਨ ਵਾਲੇ ਮਤਿਆਂ ਨੂੰ ਚੀਨ ਵੀਟੋ ਕਰ ਦੇਵੇ। ਅਮਰੀਕਾ ਅਤੇ ਇਸ ਦੇ ਸਹਿਯੋਗੀ ਯੂਰੋਪੀਅਨ ਮੁਲਕਾਂ ਦੀਆਂ ਗ਼ਲਤ ਨਸੀਹਤਾਂ ਦੇ ਮੱਦੇਨਜ਼ਰ ਚੀਨ ਮਿਆਂਮਾਰ ਦੀ ਮੁਕੰਮਲ ਨਿਰਭਰਤਾ ਦਾ ਪੂਰਾ ਲਾਹਾ ਲੈ ਰਿਹਾ ਹੈ। ਚੀਨ ਬੰਗਾਲ ਦੀ ਖਾੜੀ ਵਿਚ ਕਾਓਕਫੂ ਵਿਚ ਬੰਦਰਗਾਹ ਬਣਾ ਰਿਹਾ ਹੈ ਤੇ ਇਸ ਨੂੰ ਰੇਲ ਤੇ ਰੇਲਵੇ ਲਿੰਕ ਜ਼ਰੀਏ ਆਪਣੇ ਯਾਨਾਨ ਪ੍ਰਾਂਤ ਨਾਲ ਜੋੜ ਰਿਹਾ ਹੈ। ਖਣਿਜ ਪਦਾਰਥਾਂ ਅਤੇ ਬੇਸ਼ਕੀਮਤੀ ਪੱਥਰਾਂ ਆਦਿ ਖੇਤਰਾਂ ਵਿਚ ਚੀਨੀ ਕੰਪਨੀਆਂ ਧੜਾਧੜ ਆ ਰਹੀਆਂ ਹਨ। ਵੱਡੀ ਗੱਲ ਇਹ ਹੈ ਕਿ ਚੀਨ ਦੇ ਮਿਆਂਮਾਰ ਦੇ 26 ਹਥਿਆਰਬੰਦ ਨਸਲੀ ਗਰੁਪਾਂ ਨਾਲ ਨੇੜਲੇ ਸਬੰਧ ਹਨ ਜਿਨ੍ਹਾਂ ਵਿਚ 12-15 ਹਜ਼ਾਰ ਮੈਂਬਰਾਂ ਵਾਲੀ ਕਚੀਨ ਆਜ਼ਾਦੀ ਸੈਨਾ ਵੀ ਸ਼ਾਮਲ ਹੈ ਜੋ ਭਾਰਤ ਅਤੇ ਚੀਨ ਨਾਲ ਲਗਦੇ ਮਿਆਂਮਾਰ ਦੀ ਸਰਹੱਦ ਨੇੜਲੇ ਖੇਤਰ ਵਿਚੋਂ ਅਪਰੇਸ਼ਨ ਚਲਾਉਂਦੀ ਹੈ। ਇਨ੍ਹਾਂ ਗਰੁਪਾਂ ਵਿਚ 20-50 ਹਜ਼ਾਰ ਕਾਰਕੁਨਾਂ ਵਾਲੀ ਯੂਨਾਈਟਿਡ ਸਟੇਟ ਆਰਮੀ ਵੀ ਸ਼ਾਮਲ ਹੈ। ਇਹ ਹਥਿਆਰਬੰਦ ਗਰੁਪ ਹਨ ਅਤੇ ਚੀਨ ਦੀ ਮਦਦ ਨੂੰ ਪੱਤੇ ਦੇ ਤੌਰ ਤੇ ਇਸਤੇਮਾਲ ਕਰ ਕੇ ਮਿਆਂਮਾਰ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦਿੰਦੇ ਹਨ।

**(ਬਾਕੀ ਸਫਾ 22 'ਤੇ)**

# ਐੱਸਜੀਪੀਸੀ ਦੀਆਂ ਵਿਦਿਅਕ ਸੰਸਥਾਵਾਂ: ਦਰਪੇਸ਼ ਸਮੱਸਿਆਵਾਂ

**ਮਾਸਟਰ ਮਿੱਠੂ ਸਿੰਘ ਕਾਹਨੇਕੇ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਪੰਥ ਦੀ ਸਿਰਮੌਰ ਧਾਰਮਿਕ ਸੰਸਥਾ ਸਿੱਖਾਂ ਦੀਆਂ ਸ਼ਹਾਦਤਾਂ ਤੇ ਸੰਘਰਸ਼ਾਂ ਕਰਕੇ ਹੋਂਦ ਵਿੱਚ ਆਈ ਹੈ। 15 ਨਵੰਬਰ, 2020 ਨੂੰ ਇਹ ਮਹਾਨ ਸੰਸਥਾ ਸੰਘਰਸ਼ਾਂ ਭਰਿਆ ਲੰਮਾ ਪੈਂਡਾ ਤੈਅ ਕਰਦੀ ਹੋਈ ਆਪਣੇ 100 ਸਾਲ ਪੂਰੇ ਕਰਨ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਜਿਥੇ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਯਤਨਸ਼ੀਲ ਹੈ, ਉੱਥੇ ਵਿੱਦਿਅਕ ਖੇਤਰ ਵਿੱਚ ਵੀ ਇਸ ਸੰਸਥਾ ਨੇ ਕਾਫ਼ੀ ਯੋਗਦਾਨ ਪਾਇਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਭਾਵੇਂ ਸੰਨ 1935 ਵਿੱਚ ਸ੍ਰੀ ਗੁਰੂ ਨਾਨਕ ਖਾਲਸਾ ਕਾਲਜ ਮੁੰਬਈ ਵਿੱਚ ਸ਼ੁਰੂ ਕੀਤਾ ਪਰ ਪੰਜਾਬ/ ਹਰਿਆਣਾ ਅੰਦਰ ਸਿੱਖਿਆ ਦੇ ਖੇਤਰ ਵਿੱਚ ਪਿਛਲੇ 25-30 ਸਾਲਾਂ ਤੋਂ ਵਿੱਦਿਅਕ ਅਦਾਰੇ ਸਥਾਪਤ ਕਰਨੇ ਆਰੰਭੇ। ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਵਿੱਦਿਅਕ ਅਦਾਰਿਆਂ ਵਿੱਚ ਬੱਚਿਆਂ ਨੂੰ ਦੁਨਿਆਵੀ ਵਿੱਦਿਆ (ਅਕੈਡਮਿਕ) ਦੇ ਨਾਲ ਧਾਰਮਿਕ ਵਿੱਦਿਆ ਦੇਣ ਦੇ ਖੇਤਰ ਵਿੱਚ ਵੱਡੇ ਉਪਰਾਲੇ ਵੀ ਕੀਤੇ। ਦੋ ਯੂਨੀਵਰਸਿਟੀਆਂ, ਆਰਟਸ, ਸਾਇੰਸ, ਕਾਮਰਸ ਦੇ ਪੰਜਾਬķਹਰਿਆਣਾķਹਿਮਾਚਲ ਅੰਦਰ 33 ਕਾਲਜ ਅਤੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਵਾਲੇ 52 ਸਕੂਲਾਂ ਦਾ ਪ੍ਰਬੰਧ ਚਲਾ ਰਹੀ ਹੈ। ਇਨ੍ਹਾਂ ਅਦਾਰਿਆਂ ਦੇ ਉਚਿਤ ਪ੍ਰਬੰਧ ਲਈ 2007 ਵਿੱਚ ਐਜੂਕੇਸ਼ਨ ਡਾਇਰੈਕਟੋਰੇਟ ਹੋਂਦ ਵਿੱਚ ਆਇਆ, ਜੋ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੋਹੜਾ ਇੰਸਟੀਚਿਊਟ (ਬਹਾਦਰਗੜ੍ਹ) 'ਚ ਸਥਾਪਤ ਕੀਤਾ ਗਿਆ। ਇਨ੍ਹਾਂ ਅਦਾਰਿਆਂ ਤੋਂ ਇਲਾਵਾ 4 ਕਾਲਜ ਮੁੰਬਈ 'ਚ ਪਹਿਲਾਂ ਤੋਂ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਹਨ। ਸਿੱਖਿਆ ਰਾਹੀਂ ਸਮਾਜ ਅੰਦਰ ਚੇਤਨਤਾ ਪੈਦਾ ਕਰਨ ਤੇ ਸਮਾਜ ਨੂੰ ਸਿੱਖਿਅਤ ਕਰਨ ਦਾ ਚੰਗਾ ਉਪਰਾਲਾ ਹੈ। ਪਿਛਲੇ ਇਤਿਹਾਸ 'ਤੇ ਝਾਤ ਮਾਰੀਏ ਤਾਂ ਸਮਾਜ ਅੰਦਰ ਫੈਲੀ ਅਰਾਜਕਤਾ, ਜਬਰ-ਜ਼ੁਲਮ ਤੇ ਅੰਧ ਵਿਸ਼ਵਾਸ ਆਦਿ ਬੁਰਾਈਆਂ ਨੂੰ ਰੋਕਣ ਤੇ ਸਮਾਜ ਨੂੰ ਬਚਾਉਣ, ਚੇਤੰਨ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਆਪਣੀ ਇਨਕਲਾਬੀ ਵਿਚਾਰਧਾਰਾ ਦਿੱਤੀ, ਇਹ ਫਰਮਾਇਆ 'ਵਿੱਦਿਆ ਵੀਚਾਰੀ ਤਾਂ ਪਰਉਪਕਾਰੀ' ਹੈ, ਜੋ ਸਹੀ ਲੋੜਵੰਦ ਕਿਰਤੀ ਜਮਾਤ ਦੇ ਬੱਚਿਆਂ ਨੂੰ ਸਮਾਜ ਦੇ ਹਾਣ ਦਾ ਬਣਾਉਣ ਲਈ ਦਿੱਤੀ ਜਾਵੇ। ਗੁਰੂ ਨੇ ਆਪਣੇ ਸ਼ਰਧਾਲੂਆਂ ਨੂੰ ਜ਼ਿੰਦਗੀ ਭਰ ਸਿੱਖਣ ਦਾ ਸੰਦੇਸ਼ ਦਿੱਤਾ, ਇਸੇ ਉਦੇਸ਼ ਤੇ ਮਹੱਤਤਾ ਨੂੰ ਸਮਝਦਿਆਂ ਸ਼੍ਰੋਮਣੀ ਕਮੇਟੀ ਨੇ ਵਿੱਦਿਅਕ ਅਦਾਰੇ ਖੋਲ੍ਹਣ 'ਤੇ ਜ਼ੋਰ ਦਿੱਤਾ। ਮਾਪਿਆਂ ਨੇ ਆਪਣੇ ਬੱਚਿਆਂ ਨੂੰ ਸ਼੍ਰੋਮਣੀ ਕਮੇਟੀ ਦੇ ਵਿੱਦਿਅਕ ਅਦਾਰਿਆਂ ਤੋਂ ਵਿੱਦਿਆ ਪ੍ਰਾਪਤ ਕਰਨ ਲਈ ਦਾਖਲੇ ਦਵਾਉਣੇ ਸ਼ੁਰੂ ਕੀਤੇ।

**ਕਾਲਜਾਂ/ਯੂਨੀਵਰਸਿਟੀਆਂ/ ਸਕੂਲਾਂ ਦੀ ਦਸ਼ਾ ਤੇ ਦਿਸ਼ਾ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸਕੂਲਾਂ/ ਕਾਲਜਾਂ/ ਯੂਨੀਵਰਸਿਟੀਆਂ ਪਾਸ ਸ਼ਾਨਦਾਰ ਇਮਾਰਤ/ ਖੇਡ ਮੈਦਾਨ, ਪੜ੍ਹਾਈ ਲਈ ਲੋੜੀਂਦਾ ਸਟਾਫ਼ ਸਹੂਲਤਾਂ ਹਨ। ਐਜੂ. ਡਾਇਰੈਕਟੋਰੇਟ ਵੱਲੋਂ ਜਾਰੀ ਰਿਪੋਰਟ ਮੁਤਾਬਕ 4 ਕਾਲਜਾਂ ਨੂੰ '.ਓ.ਓ.ਛ (ਨਾਕ) ਵੱਲੋਂ ਏ-ਗਰੇਡ ਪ੍ਰਾਪਤ ਹੋਇਆ ਹੈ। ਇਹ ਕਾਲਜ ਆਤਮ-ਨਿਰਭਰ ਹਨ। ਸਮੇਂ ਸਿਰ ਇਨ੍ਹਾਂ ਦੇ ਸਟਾਫ਼ ਨੂੰ ਤਨਖ਼ਾਹਾਂ ਮਿਲਦੀਆਂ ਹਨ। ਇਨ੍ਹਾਂ 4 ਕਾਲਜਾਂ ਨੂੰ ਛੱਡਕੇ ਪੰਜਾਬ/ ਹਰਿਆਣਾ/ ਹਿਮਾਚਲ ਅੰਦਰ ਚੱਲ ਰਹੇ (ਕੁੱਲ 33 ਕਾਲਜ 'ਚੋਂ) 29 ਕਾਲਜ ਕਿਉਂ ਘਾਟੇ ਵਿੱਚ ਹਨ? ਕਾਲਜਾਂ ਦੀ ਆਰਥਿਕਤਾ ਇੰਨੀ ਗੰਭੀਰ ਸੰਕਟ ਦਾ ਸ਼ਿਕਾਰ ਹੈ ਕਿ ਘਾਟੇ ਵਾਲੇ ਕਾਲਜਾਂ ਦੇ ਸਟਾਫ਼ ਨੂੰ ਪਿਛਲੇ



10 ਮਹੀਨੇ ਤੋਂ 18 ਮਹੀਨਿਆਂ ਤੱਕ ਦੀਆਂ ਤਨਖ਼ਾਹਾਂ ਹੀ ਨਹੀਂ ਮਿਲੀਆਂ। ਸੈਸ਼ਨ 2019-20 ਦੌਰਾਨ ਵਿਦਿਆਰਥੀਆਂ ਦੀ ਕੁੱਲ ਗਿਣਤੀ 35,144 ਦੱਸੀ ਗਈ ਹੈ। ਆਤਮ-ਨਿਰਭਰ ਚਾਰੇ ਕਾਲਜ ਵਿੱਚ ਵਿਦਿਆਰਥੀਆਂ ਦੀ ਗਿਣਤੀ 19,648 ਹੈ ਅਤੇ ਘਾਟੇ ਵਾਲੇ 29 ਕਾਲਜਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਕੇਵਲ 15500 ਦੇ ਲਗਭਗ ਹੈ। ਇਨ੍ਹਾਂ ਕਾਲਜਾਂ ਵਿੱਚ ਟੀਚਿੰਗ ਤੇ ਨਾਨ-ਟੀਚਿੰਗ ਸਟਾਫ਼ ਦੀ ਗਿਣਤੀ 1500 ਲਗਪਗ ਹੈ ਤੇ ਪੂਰਾ ਸਟਾਫ਼ ਕੰਮ ਕਰ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਵਿਚ ਕੇਵਲ 2,948 ਵਿਦਿਆਰਥੀਆਂ ਦੇ ਸੈਸ਼ਨ 2019-20 ਦੌਰਾਨ ਦਾਖਲੇ ਹੋਏ। ਲਗਭਗ 107 ਏਕੜ ਵਿੱਚ ਉਸਾਰੀ ਯੂਨੀਵਰਸਿਟੀ 'ਚ 400 ਗਿਣਤੀ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਲੋੜ ਤੋਂ ਵਧ ਹੈ। ਜਿਨ੍ਹਾਂ ਨੂੰ ਲਗਭਗ 15 ਕਰੋੜ ਸਾਲਾਨਾ ਤਨਖ਼ਾਹ ਦਿੱਤੀ ਜਾਂਦੀ ਹੈ। ਯੂਨੀਵਰਸਿਟੀ ਦੀਆਂ ਮਾਰਚ, 2020 ਤੱਕ ਤਨਖ਼ਾਹ ਸਮੇਤ ਕੁੱਲ ਦੇਣਦਾਰੀਆਂ 629.23 ਲੱਖ ਖੜੀਆਂ ਹਨ। ਐੱਸਬੀਆਈ ਬੈਂਕ ਤੋਂ 30 ਕਰੋੜ ਲੋਨ ਲਿਆ ਹੈ, ਜਿਸ ਦੀਆਂ ਦਸ ਸਾਲਾ ਕਿਸ਼ਤਾਂ ਭਾਵ ਦਸੰਬਰ, 2026 ਤੱਕ 34 ਕਰੋੜ ਵਿਆਜ ਅਤੇ 30 ਕਰੋੜ ਮੂਲ ਕੁੱਲ ਰਕਮ 64 ਕਰੋੜ ਰਾਸ਼ੀ ਕਿਸ਼ਤਾਂ ਰਾਹੀਂ ਭੁਗਤਾਨ ਕੀਤੀ ਜਾਵੇਗੀ। ਇਕੋ ਸਥਾਨ ਫਤਹਿਗੜ੍ਹ ਸਾਹਿਬ ਸ਼੍ਰੋਮਣੀ ਕਮੇਟੀ ਨੇ ਆਪਣੇ ਤਿੰਨ ਵਿੱਦਿਅਕ ਅਦਾਰੇ ਕਾਲਜ/ਇੰਜੀ/ਯੂਨੀਵਰਸਿਟੀ ਖੋਲ੍ਹਣ ਨਾਲ ਆਪਸੀ ਮੁਕਾਬਲਾ ਹੋਇਆ ਸਿੱਟੇ ਵਜੋਂ ਦੋ ਅਦਾਰੇ ਘਾਟੇ ਵਿੱਚ ਚੱਲ ਰਹੇ ਹਨ।

28 ਸਤੰਬਰ 2020 ਨੂੰ ਪਾਸ ਹੋਏ ਸੋਧ ਬਜਟ ਅਨੁਸਾਰ ਪੰਜਾਬķਹਰਿਆਣਾ ਅੰਦਰ ਐਜੂਕੇਸ਼ਨ ਡਾਇਰੈਕਟੋਰੇਟ ਅਧੀਨ ਚੱਲ ਰਹੇ 52 ਸਕੂਲਾਂ ਦੀ ਵਿੱਤੀ ਹਾਲਤ ਵੀ ਬਹੁਤ ਨਾਜ਼ੁਕ ਚੱਲ ਰਹੀ ਹੈ। ਸਿਰਫ਼ 9 ਸਕੂਲ ਹੀ ਆਤਮ-ਨਿਰਭਰ ਸਕੂਲ ਹਨ ਪਰ ਬਾਕੀ 43 ਸਕੂਲ ਘਾਟੇ ਵਾਲੇ ਹਨ। ਐਡਿਡ ਦਸ ਸਕੂਲਾਂ ਦਾ ਘਾਟਾ ਪ੍ਰਤੀ ਸਕੂਲ ਸਵਾ-ਡੇਢ ਕਰੋੜ ਤੋਂ ਵੀ ਵਧ ਹੈ। ਇਨ੍ਹਾਂ ਸਕੂਲਾਂ ਨੂੰ ਚਾਲੂ ਰੱਖਣ ਲਈ ਚਾਲੂ ਸੈਸ਼ਨ 2020-21 ਦੌਰਾਨ ਸ਼੍ਰੋਮਣੀ ਕਮੇਟੀ ਨੂੰ 10 ਕਰੋੜ ਤੋਂ ਵਧ ਰਕਮ ਸਹਾਇਤਾ ਵਜੋਂ ਆਪਣੇ ਸੋਧੇ ਬਜਟ 'ਚੋਂ ਦੇਣੀ ਪਈ।

ਇੱਕ ਸਕੂਲ ਜੋ ਬਹੁਤ ਹੀ ਘਾਟੇ ਵਿੱਚ ਸੀ ਨੂੰ ਇਸ ਸਾਲ ਬੰਦ ਕਰਨਾ ਪਿਆ। ਸਕੂਲਾਂ ਅੰਦਰ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ 1,822 ਗਿਣਤੀ ਹੈ ਜੋ ਲੋੜ ਨਾਲੋਂ ਵਧ ਹੈ। ਜਿਨ੍ਹਾਂ ਨੂੰ ਲਗਭਗ 45 ਕਰੋੜ ਸਾਲਾਨਾ ਸੈਲਰੀ ਅਤੇ ਸਮੁੱਚਾ ਸਕੂਲ ਪ੍ਰਬੰਧਾਂ ਨੂੰ ਚਲਾਉਣ ਲਈ 10 ਕਰੋੜ ਤੋਂ ਵੱਧ ਰਕਮ ਬਿਜਲੀ, ਪਾਣੀ, ਜਰਨੈਟਰ, ਮੁਰੰਮਤ ਆਦਿ ਵੱਖਰੇ ਖਰਚੇ ਹਨ ਪਰ ਸੈਸ਼ਨ 2019-20 ਦੌਰਾਨ ਵਿਦਿਆਰਥੀਆਂ ਦੀ ਗਿਣਤੀ 25,000 ਦੇ ਲਗਪਗ ਰਹੀ, ਜੋ ਚਾਲੂ ਸਾਲ 2020-21 ਦੌਰਾਨ ਸਕੂਲ ਖੋਲ੍ਹਣ ਤੇ ਹੀ ਵਿਦਿਆਰਥੀ ਦਾਖਲੇ ਦਾ ਪਤਾ ਲੱਗੇਗਾ। ਪਿਛਲੇ 6 ਸਾਲਾਂ ਤੋਂ ਹਰ ਸਾਲ 4ķ5 ਫ਼ੀਸਦੀ ਸਾਲਾਨਾ ਵਿਦਿਆਰਥੀ ਗਿਣਤੀ ਕਿਉਂ ਘੱਟ ਰਹੀ ਹੈ? ਕੇਵਲ 6 ਸੈਕੰਡਰੀ ਸਕੂਲਾਂ ਅੰਦਰ ਪ੍ਰਤੀ ਸਕੂਲਾਂ ਵਿਦਿਆਰਥੀ ਗਿਣਤੀ 1000 ਤੋਂ ਵੱਧ ਹੈ, 12 ਸਕੂਲਾਂ ਅੰਦਰ ਗਿਣਤੀ 500-700 ਵਿਚਕਾਰ ਹੀ ਹੈ। ਬਾਕੀ 34 ਸੀਨੀ. ਸੈਕੰਡਰੀ ਸਕੂਲਾਂ ਵਿੱਚ ਤਾਂ ਪ੍ਰਤੀ ਸਕੂਲ ਗਿਣਤੀ 400 ਤੋਂ ਵੀ ਘੱਟ ਰਹੀ ਹੈ। ਦੋਵੇਂ ਯੂਨੀਵਰਸਿਟੀਆਂ ਤੇ ਸਕੂਲਾਂ, ਕਾਲਜਾਂ ਲਈ ਸੋਧਿਆ ਬਜਟ 215 ਕਰੋੜ ਹੈ। ਇਸ ਬਜਟ ਵਿੱਚ ਸਕੂਲਾਂ/ ਕਾਲਜਾਂ/ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦੀਆਂ ਫੀਸਾਂ, ਦੁਕਾਨਾਂ ਤੇ ਟਰਾਂਸਪੋਰਟ ਕਰਾਇਆ ਆਦਿ ਆਮਦਨ ਕੇਵਲ 176 ਕਰੋੜ ਹੀ ਹੈ। ਬਾਕੀ ਬਜਟ ਰਕਮ ਵਿੱਚ ਸੈਕਸ਼ਨ 85 ਦੇ ਗੁਰਦੁਆਰਿਆਂ ਵਿੱਚੋਂ ਸਹਾਇਤਾ ਫੰਡ ਪਾ ਕੇ ਇਨ੍ਹਾਂ ਅਦਾਰਿਆਂ ਨੂੰ ਚਲਾਉਣ ਲਈ ਬਜਟ ਪੂਰਾ ਕਰਨ ਦਾ ਯਤਨ ਹੈ। ਪਿਛਲੇ 5-6 ਮਹੀਨਿਆਂ ਤੋਂ ਸਕੂਲਾਂ ਦੀਆਂ ਤਨਖਾਹਾਂ ਬਕਾਇਆ ਹਨ। ਸਵਾਲ ਇਹ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਵਿੱਦਿਅਕ ਅਦਾਰੇ ਦਿਨੋਂ-ਦਿਨ ਕਿਉਂ ਘਾਟੇ ਵਿੱਚ ਜਾ ਰਹੇ ਹਨ? ਕਿਉਂ ਇਨ੍ਹਾਂ ਅਦਾਰਿਆਂ 'ਚ ਵਿਦਿਆਰਥੀ ਦਾਖਲਾ ਗਿਣਤੀ ਘੱਟ ਰਹੀ ਹੈ, ਚਿੰਤਾਂ ਦਾ ਵਿਸ਼ਾ ਹੈ। ਅਜਿਹੇ ਪ੍ਰਬੰਧ ਲਈ ਜ਼ਿੰਮੇਵਾਰ ਕੌਣ ਹੈ ਅਤੇ ਇਸ ਦੇ ਕੀ ਕਾਰਨ ਹਨ? ਪੜਤਾਲਣ ਦੀ ਲੋੜ ਹੈ।

**ਆਧੁਨਿਕ ਟੈਕਨਾਲੌਜੀ ਸਿੱਖਿਆ ਪ੍ਰਣਾਲੀ ਐਜੂਕੇਸ਼ਨ ਮਾਡਲ ਅਪਣਾਉਣ ਦੀ ਜ਼ਰੂਰਤ**

ਮੌਜੂਦਾ ਸਮੇਂ ਸਕੂਲਾਂ ਅੰਦਰ ਕੰਪਿਊਟਰ ਲੈਬ ਵਿੱਚ ਕੰਪਿਊਟਰ ਪ੍ਰਬੰਧ ਉੱਚਿਤ ਨਹੀਂ, ਹਰੇਕ ਕਲਾਸ ਰੂਮ ਲਈ ਇਲੈਕਟ੍ਰੌਨਿਕ ਸਿਲੇਬਸ ਪ੍ਰੋਜੈਕਟਰਜ਼, ਹੈਡਫੋਨਜ਼, ਸੀ.ਸੀ.ਟੀ.ਵੀ. ਕੈਮਰੇ ਆਦਿ ਦੀ ਸਖ਼ਤ ਲੋੜ ਹੈ। ਇਸ ਸਮੇਂ ਪੁਰਾਣੇ ਢੰਗ ਨਾਲ ਪੜ੍ਹਾਈ ਕਰਵਾਈ ਜਾ ਰਹੀ ਹੈ। ਵਿਦਿਆਰਥੀ ਦੀਆਂ ਵਿੱਦਿਅਕ ਐਕਟੀਵੀਟਜ਼ ਵੀ ਬਹੁਤ ਘੱਟ ਹਨ। ਜਦਕਿ ਹੁਣ ਕਰੋਨਾ ਦੀ ਬਿਮਾਰੀ ਕਰਕੇ ਸਕੂਲ/ ਕਾਲਜ ਬੰਦ ਹਨ, ਵਿਦਿਆਰਥੀਆਂ ਦੀ ਪੜ੍ਹਾਈ ਆਨਲਾਈਨ ਚੱਲ ਰਹੀ ਹੈ ਪਰ ਇਨ੍ਹਾਂ ਸਕੂਲਾਂ ਵਿੱਚ ਪਹਿਲਾਂ ਹੀ ਕੰਪਿਊਟਰ ਪ੍ਰਣਾਲੀ ਦੀ ਘਾਟ ਸੀ।

ਸਕੂਲ ਖੋਲ੍ਹਣ 'ਤੇ ਹੀ ਇਨ੍ਹਾਂ ਦੀ ਆਨਲਾਈਨ ਕਾਰਗੁਜ਼ਾਰੀ ਦਾ ਪਤਾ ਚੱਲੇਗਾ। ਇਨ੍ਹਾਂ ਸਕੂਲਾਂ ਦੇ ਅੰਦਰ ਅਧਿਆਪਕ-ਮਾਪੇ, ਸੰਸਥਾਵਾਂ, ਸਕੂਲ ਮੈਨੇਜਮੈਂਟ ਸੰਸਥਾਵਾਂ ਨਹੀਂ ਹਨ। ਮਾਪਿਆਂ ਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਵੀ ਇਨ੍ਹਾਂ ਅਦਾਰਿਆਂ ਵਿੱਚ ਤਾਲਮੇਲ/ ਸ਼ਮੂਲੀਅਤ ਹੀ ਨਹੀਂ, ਚੰਗੀ ਪੜ੍ਹਾਈ ਪੜਤਾਲਣ ਲਈ ਕਮੇਟੀਆਂ ਦੀ ਘਾਟ ਹੈ। ਇਨ੍ਹਾਂ ਅਦਾਰਿਆਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਾਹਰਲੀ ਸਿਆਸੀ ਦਖਲ-ਅੰਦਾਜ਼ੀ ਬੰਦ ਹੋਣੀ ਚਾਹੀਦੀ ਹੈ। ਹਰ ਹਫ਼ਤੇ ਐਜੂਕੇਸ਼ਨ ਡਾਇਰੈਕਟਰ/ ਐਜੂਕੇਸ਼ਨ ਸਕੱਤਰ ਵੀਡੀਓ ਕਾਨਫਰੰਸ ਰਾਹੀਂ ਹਰ ਵਿੱਦਿਅਕ ਅਦਾਰੇ ਦੀ ਪੜ੍ਹਾਈ ਦਾ ਜਾਇਜ਼ਾ ਲੈਣ ਦਾ ਉਚਿਤ ਪ੍ਰਬੰਧ ਦੀ ਲੋੜ ਹੈ।

# ਅਜੇ ਵੀ ਹਰੇ ਹਨ ਦਿੱਲੀ ਦੰਗਿਆਂ ਦੇ ਸੱਲ

**ਦਰਸ਼ਨ ਸਿੰਘ ਹਰਵਿੰਦਰ**

31 ਅਕਤੂਬਰ 1984 ਨੂੰ 'ਬੜਾ ਪੇੜ' ਡਿੱਗਣ ਦੇ ਨਾਲ ਹੀ ਦਿੱਲੀ ਝੰਜੋੜ ਕੇ ਰੱਖ ਦਿੱਤੀ ਗਈ। ਉਸੇ ਦਿਨ ਤੋਂ ਤਿੰਨ ਦਿਨਾਂ ਲਈ ਦਹਿਲੀ ਦਿੱਲੀ ਦੀ ਇਸ ਵਾਰ 36ਵੀਂ ਬਰਸੀ ਹੈ। ਦਹਿਲੀ ਦਿੱਲੀ ਜਦ ਸੜ ਰਹੀ ਸੀ ਤਾਂ ਹਕੂਮਤ-ਏ-ਹਿੰਦ 'ਸੌਂ' ਰਹੀ ਸੀ, 'ਬੰਸਰੀ ਵਜਾਉਂਦੇ ਨੀਰੋ ਦੀ ਤਰ੍ਹਾਂ ਆਪਣੇ ਜਲ ਰਹੇ ਰੋਮ ਤੋਂ ਪੂਰੀ ਤਰ੍ਹਾਂ ਬੇਖ਼ਬਰ।' ਇਹ ਵੀ ਕੈਸਾ ਇਤਫ਼ਾਕ ਹੈ ਕਿ ਹਿੰਦੁਸਤਾਨ ਦੇ ਸਿੱਖ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਰਾਜੀਵ ਗਾਂਧੀ ਨੂੰ ਮੁਲਕ ਦਾ ਪ੍ਰਧਾਨ ਮੰਤਰੀ ਬਣਾਉਣ ਦੀ ਜਦ ਤਾਜਪੋਸ਼ੀ ਕਰ ਰਹੇ ਸਨ ਤਦ ਰਾਸ਼ਟਰਪਤੀ ਭਵਨ ਤੋਂ ਬਾਹਰ ਦਿੱਲੀ ਵਿਚ ਸਿੱਖਾਂ ਨੂੰ ਬੇਰਹਿਮੀ ਨਾਲ 'ਸਬਕ' ਸਿਖਾਇਆ ਜਾ ਰਿਹਾ ਸੀ। ਰੋਜ਼ਾ-ਏ-ਕਿਆਮਤ ਦੀ ਪਹਿਲੀ ਰਾਤ ਦਾ ਆਗਾਜ਼ ਹੋ ਚੁੱਕਾ ਸੀ।

ਹਿੰਦੁਸਤਾਨ ਦਾ ਨਵਾਂ ਹੁਕਮਰਾਨ ਬਣਨ ਲਈ ਸੰਨ 2014 ਦੇ ਸ਼ੁਰੂ ਵਿਚ ਹੋਏ ਲੋਕ ਸਭਾ 'ਯੁੱਧ' ਵਿਚ ਜਜ਼ਬਾਤੀ ਤਕਰੀਰਾਂ ਦਾ ਸਹਾਰਾ ਲੈਂਦੇ ਹੋਏ ਰਾਹੁਲ ਗਾਂਧੀ ਦੁਆਰਾ ਛੱਡੇ ਗਏ ਅਗਨ-ਬਾਣ 'ਦਾਦੀ ਕੀ ਹੱਤਿਆ ਕੇ ਬਾਅਦ ਮੁਝੇ ਪਤਾ ਚਲਾ ਕਿ....' ਨੂੰ ਕੱਟਣ ਲਈ ਨਰੇਂਦਰ ਮੋਦੀ ਦੇ 'ਬ੍ਰਹਮ ਅਸਤਰ' ਉਹ (ਰਾਹੁਲ) ਆਪਣੀ ਦਾਦੀ ਦੇ ਕਤਲ 'ਤੇ ਤਾਂ ਚੀਖ ਰਿਹਾ ਹੈ ਪਰ ਕਦੇ ਉਸ ਨੇ '84 ਦੇ ਕਤਲੇਆਮ 'ਚ ਮਾਰੇ ਗਏ ਬੇਗੁਨਾਹਾਂ ਲਈ ਹੰਝੂ ਵਹਾਏ ਹਨ? ਦਾ ਅਸਰ ਇੰਨਾ ਤੇਜ਼ ਹੋਇਆ ਕਿ ਅਜੇ ਤਕ ਕਾਂਗਰਸ ਵੱਲੋਂ ਇਸ ਦਾ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਆਇਆ ਹੈ। ਸਗੋਂ ਇਸ 'ਬ੍ਰਹਮ ਅਸਤਰ' ਦੇ ਸਹਾਰੇ ਕਈ ਸਿੱਖ ਨੇਤਾ ਵੀ ਪਹਿਲਾਂ ਤੋਂ ਜ਼ਿਆਦਾ ਤਾਕਤਵਰ ਵਿਖਾਈ ਦਿੱਤੇ। ਇਹ ਇਕ ਕੌੜਾ ਸੱਚ ਹੈ ਕਿ ਸੰਨ 1984 ਦੀ 31 ਅਕਤੂਬਰ ਦੀ ਸ਼ਾਮ ਤੋਂ 3 ਨਵੰਬਰ ਤਕ ਸਿੱਖਾਂ ਦੇ ਵਹਿਸ਼ੀ ਸ਼ਿਕਾਰ ਦੀ ਆਜ਼ਾਦੀ ਕੁਝ ਲੋਕਾਂ ਨੂੰ ਜ਼ਰੂਰ ਮਿਲੀ ਹੋਈ ਸੀ। ਇਸ ਚਾਰ ਰੋਜ਼ਾ 'ਆਜ਼ਾਦੀ' ਜਿਸ ਦੇ ਤਾਂਡਵ ਨੇ ਦੇਸ਼ ਦੇ ਮੱਥੇ 'ਤੇ ਕਲੰਕ ਲਗਾ ਦਿੱਤਾ ਸੀ, ਨੂੰ ਹਿੰਦੁਸਤਾਨ ਦੇ ਇਤਿਹਾਸ ਵਿਚ ਕਾਲੇ ਪੰਨਿਆਂ 'ਤੇ ਲਿਖਿਆ ਜਾਵੇਗਾ। ਇਸ ਮਹਾਤਾਂਡਵ ਨੇ ਉਸ ਕੌਮ ਨੂੰ ਬੇਗਾਨਗੀ ਅਤੇ ਅਲਹਿਦਗੀ ਦਾ ਅਹਿਸਾਸ ਕਰਵਾਉਣਾ ਸ਼ੁਰੂ ਕਰ ਦਿੱਤਾ ਜਿਸ ਨੇ ਆਜ਼ਾਦੀ ਸੰਗਰਾਮ ਵਿਚ ਆਪਣੇ ਪ੍ਰਾਣਾਂ ਦੀਆਂ ਆਹੂਤੀਆਂ ਦੇ ਕੇ ਸਭ ਤੋਂ ਵੱਧ ਯੋਗਦਾਨ ਪਾਇਆ ਸੀ। ਦੁਖਦ ਤਾਂ ਇਹ ਹੈ ਕਿ ਉਦੋਂ ਤੋਂ ਲੈ ਕੇ ਹੁਣ ਤਕ 36ਵੀਂ ਬਰਸੀ ਤਕ ਇਸ ਚਾਰ ਰੋਜ਼ਾ 'ਆਜ਼ਾਦੀ' ਨੂੰ 'ਦੰਗਾ' ਪ੍ਰਚਾਰਿਤ ਕੀਤਾ ਜਾਂਦਾ ਆ ਰਿਹਾ ਹੈ ਜਦੋਂਕਿ ਹਕੀਕਤ ਵਿਚ ਇਹ ਸ਼ਰੇਆਮ ਸਿੱਖ ਵਿਰੋਧੀ ਕਤਲੇਆਮ ਸੀ ਜਿਸ ਨੇ ਦੁਨੀਆ ਭਰ ਦੇ ਲੋਕਾਂ 'ਚ ਤਹਿਲਕਾ ਮਚਾਉਂਦੇ ਹੋਏ ਦੇਸ਼ ਦੀ ਰਾਜਧਾਨੀ ਦੇ ਅੰਦਰ ਸਿੱਖ ਵਿਧਵਾਵਾਂ ਦੀ ਵੱਖਰੀ ਕਾਲੋਨੀ ਹੀ ਵਸਾ ਕੇ ਰੱਖ ਦਿੱਤੀ। ਸਿਤਮ ਇਹ ਕਿ ਦੁਨੀਆ ਵਿਚ ਕਿਤੇ ਵੀ ਅਜਿਹੀ ਮਿਸਾਲ ਨਹੀਂ ਮਿਲਦੀ ਜਿੱਥੇ ਵਿਧਵਾ



ਕਾਲੋਨੀ ਵਜੂਦ ਵਿਚ ਆਈ ਹੋਵੇ।

ਦੰਗਾਈਆਂ ਦੀ ਭੂਤਰੀ ਭੀੜ ਨੇ ਸੰਗਠਿਤ ਰੂਪ ਵਿਚ ਸਿੱਖਾਂ ਦੇ ਘਰਾਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਨੂੰ ਲੁੱਟਿਆ ਤੇ ਆਪਣੀ ਦਹਿਸ਼ਤ, ਵਹਿਸ਼ਤ ਅਤੇ ਹੈਵਾਨੀਅਤ ਦਾ ਨਿਸ਼ਾਨਾ ਬਣਾਇਆ। ਬੱਚਿਆਂ ਤੇ ਬਜ਼ੁਰਗਾਂ ਨੂੰ ਵੀ ਨਾ ਬਖ਼ਸ਼ਿਆ ਗਿਆ। ਧੀਆਂ-ਭੈਣਾਂ ਦੀ ਚਿੱਟੇ ਦਿਨ ਬੇਪੱਤੀ ਹੋਈ। 'ਵਿਧਵਾਵਾਂ ਦੀ ਕਾਲੋਨੀ' ਕਹਿੰਦੇ ਹੋਏ ਇਕ ਪੱਥਰ ਦਿਲ ਇਨਸਾਨ ਦਾ ਵੀ ਦਿਲ ਕੰਬ ਉੱਠਦਾ ਹੈ। ਉਸ ਦਾ ਮਾਹੌਲ ਵੇਖ ਕੇ, ਇਨ੍ਹਾਂ ਪੀੜਿਤ ਪਰਿਵਾਰਾਂ ਦਾ ਦੁੱਖ ਸੁਣ ਕੇ ਦਿਲ ਦਹਿਲਦਾ ਹੈ ਅਤੇ ਅੰਦਰੋਂ ਇਕ ਹੂਕ ਜਿਹੀ ਉੱਠਦੀ ਹੈ ਕਿ ਦੇਸ਼ ਦੀ ਆਨ ਅਤੇ ਸ਼ਾਨ ਦੀ ਖ਼ਾਤਰ ਸਭ ਤੋਂ ਜ਼ਿਆਦਾ ਯੋਗਦਾਨ ਪਾਉਣ ਤੇ ਕੁਰਬਾਨੀ ਦੇਣ ਵਾਲੀ ਇਸ ਕੌਮ ਜਿਸ ਦੇ ਹਜ਼ਾਰਾਂ ਪਰਿਵਾਰ ਅਨਾਥ ਹੋ ਗਏ, ਬੱਚੇ ਯਤੀਮ ਹੋ ਗਏ, ਸੁਹਾਗਣਾਂ ਦੇ ਸੁਹਾਗ ਲੁੱਟੇ ਗਏ ਪਰ ਉਹੀ ਸਿੱਖ ਕੌਮ, ਜਿਸ ਨੇ ਅਰਬਾਂ ਰੁਪਏ ਖ਼ਰਚ ਕੇ ਆਪਣੇ ਗੁਰੂ ਸਾਹਿਬਾਨ ਦੀਆਂ ਆਲੀਸ਼ਾਨ ਯਾਦਗਾਰਾਂ ਸਥਾਪਿਤ ਕੀਤੀਆਂ ਹੋਣ, ਨੇ ਇਨ੍ਹਾਂ ਪੀੜਤ ਪਰਿਵਾਰਾਂ ਨਾਲ ਮਹਿਜ਼ ਹਮਦਰਦੀ ਜ਼ਾਹਰ ਕਰਨ, ਪਿਛਲੇ 36 ਸਾਲਾਂ ਤੋਂ ਉਨ੍ਹਾਂ ਨੂੰ ਸਨਮਾਨਯੋਗ ਰਹਿਣ ਲਈ ਸਿਵਾਏ ਹੇਜ ਜਤਾਉਣ ਦੇ ਤਸੱਲੀਬਖ਼ਸ਼ ਕੁਝ ਨਹੀਂ ਕੀਤਾ। ਸੰਨ 1984 ਦੇ ਇਸ ਸ਼ਰਮਨਾਕ ਕਾਂਡ ਜਿਸ ਨੇ ਭਾਰਤ ਦੇ ਲੋਕਤੰਤਰੀ ਚਿਹਰੇ ਉੱਤੇ ਕਾਲਿਖ ਪੋਤ ਦਿੱਤੀ ਸੀ, ਕੋਈ ਮਾਮੂਲੀ ਘਟਨਾ ਨਹੀਂ ਸੀ। ਹਜ਼ਾਰਾਂ ਸਿੱਖਾਂ ਦੇ ਵਹਿਸ਼ੀ ਕਤਲੇਆਮ, ਲੁੱਟਮਾਰ, ਅੱਗਜ਼ਨੀ ਅਤੇ ਜਬਰ-ਜਨਾਹ ਦੀਆਂ ਘਟਨਾਵਾਂ ਨੇ ਦੁਨੀਆ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਉਸ ਦੇ ਬਾਅਦ ਵੱਖ-ਵੱਖ ਪਾਰਟੀਆਂ ਹਕੂਮਤਾਂ 'ਚ ਆਈਆਂ ਤੇ ਆ ਕੇ ਚਲੀਆਂ ਗਈਆਂ, ਪਰ ਕਿਸੇ ਨੇ ਵੀ ਇਨ੍ਹਾਂ ਸਿੱਖ ਕਤਲੇਆਮ ਦੇ ਪੀੜਤਾਂ ਦੇ ਦੁਖੀ ਪਰਿਵਾਰਾਂ ਦੇ ਅੱਲੇ ਜ਼ਖ਼ਮਾਂ 'ਤੇ ਮਰਹਮ ਲਗਾਉਣ ਦਾ ਕਸ਼ਟ ਨਹੀਂ ਕੀਤਾ।

ਇਕੱਤੀ ਅਕਤੂਬਰ 1984 ਨੂੰ ਹਿੰਦੁਸਤਾਨ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਜਿਨ੍ਹਾਂ ਦੇ ਘਿਨੌਣੇ ਕਤਲ ਤੋਂ ਬਾਅਦ ਇਹ ਵਹਿਸ਼ੀ ਸਿੱਖ ਕਤਲੇਆਮ ਹੋਇਆ, ਦੇ ਪੁੱਤਰ ਰਾਜੀਵ ਗਾਂਧੀ ਨੇ ਤਾਂ ਪ੍ਰਧਾਨ ਮੰਤਰੀ ਬਣ ਕੇ ਦੇਸ਼ ਦੀ ਵਾਗਡੋਰ ਸੰਭਾਲਦੇ ਹੀ ਐਲਾਨ ਕਰ ਦਿੱਤਾ ਸੀ, "ਜਦੋਂ ਵੱਡਾ ਦਰਖਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੀ ਹੈ।" ...ਤੇ ਇਹ ਧਰਤੀ ਇੰਨੀ 'ਹਿੱਲੀ' ਕਿ ਸਿੱਖ ਕਤਲੇਆਮ ਦਾ ਭੂਚਾਲ ਹੀ ਆ ਗਿਆ। ਵਕਤ ਵੱਡੇ-ਵੱਡੇ ਜ਼ਖ਼ਮਾਂ ਨੂੰ ਭਰ ਦਿੰਦਾ ਹੈ ਪਰ ਕਈ ਲਾਇਲਾਜ ਜ਼ਖ਼ਮ ਅਜਿਹੇ ਵੀ ਹੁੰਦੇ ਹਨ ਜੋ ਹਮੇਸ਼ਾ ਹਰੇ ਰਹਿੰਦੇ ਹਨ। ਇਨ੍ਹਾਂ ਜ਼ਖ਼ਮਾਂ ਦਾ ਦਰਦ ਤਦ ਹੋਰ ਵੀ ਤਿੱਖੀ ਚੀਸ ਬਣ ਜਾਂਦਾ ਹੈ ਜਦੋਂ ਉਨ੍ਹਾਂ ਉੱਤੇ ਮਰਹਮ ਲਗਾਉਣ ਦੀ ਬਜਾਏ ਲੂਣ ਲੱਗਦਾ ਰਹੇ, ਕਿਸੇ ਵੀ ਤਰਫ਼ੋਂ ਇਨਸਾਫ਼ ਮਿਲਣ ਦੇ ਸਾਰੇ ਦੁਆਰ ਬੰਦ ਹੋ ਜਾਣ। ਸੰਨ 1984 ਦੇ ਸਿੱਖ ਕਤਲੇਆਮ ਤੋਂ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਵੀ ਅਜਿਹਾ ਹੀ ਦੁਖਾਂਤ ਵਾਪਰਿਆ ਜਿਨ੍ਹਾਂ ਦੇ 'ਸਿਰ ਦੇ ਸਾਈਆਂ' ਨੂੰ ਤਾਂ ਇਹ ਹੁਸੀਨ ਦੁਨੀਆ ਹੋਰ ਵੇਖਣੀ ਨਸੀਬ ਹੀ ਨਹੀਂ ਸੀ ਪਰ ਉਹ ਪਿੱਛੇ ਆਪਣੇ ਪਰਿਵਾਰਾਂ ਨੂੰ ਦਰ-ਦਰ ਦੀਆਂ ਠੋਕਰਾਂ ਖਾਣ ਲਈ ਛੱਡ ਗਏ।

ਮੱਧ ਵਰਗੀ ਪਰਿਵਾਰਾਂ ਉੱਤੇ ਤਾਂ ਇਹ ਮਾਰ ਜ਼ਿਆਦਾ ਹੀ ਪਈ ਜੋ ਆਪਣੇ ਹੱਸਦੇ-ਵੱਸਦੇ ਘਰ-ਪਰਿਵਾਰ ਛੱਡ ਕੇ ਝੁੱਗੀ-ਝੌਂਪੜੀਆਂ 'ਚ ਡੇਰਾ ਲਾਉਣ ਲਈ ਮਜਬੂਰ ਹੋ ਗਏ। ਦੇਸ਼ ਦੀ ਵੰਡ ਤੋਂ ਬਾਅਦ ਦਿੱਲੀ ਆ ਕੇ ਵੱਸੇ ਇਨ੍ਹਾਂ ਪੀੜਤਾਂ ਲਈ ਇਹ ਦੂਜਾ ਉਜਾੜਾ ਸੀ। ਵਾਹਗਿਓਂ ਪਾਰ ਜ਼ਮੀਨਾਂ-ਜਾਇਦਾਦਾਂ ਛੱਡ ਕੇ ਦਿੱਲੀ ਵੱਸੇ ਕੁਕਨੂਸ ਵਰਗੇ ਲੋਕਾਂ ਨੇ ਬੇਹੱਦ ਮਿਹਨਤ-ਮੁਸ਼ੱਕਤ ਨਾਲ ਮੁੜ-ਵਸੇਬਾ ਕੀਤਾ ਸੀ। ਉਨ੍ਹਾਂ ਨੂੰ ਕੀ ਪਤਾ ਸੀ ਕਿ ਆਜ਼ਾਦ ਮੁਲਕ ਵਿਚ ਉਨ੍ਹਾਂ ਦੇ ਗਲਾਂ ਵਿਚ ਬਲਦੇ ਟਾਇਰ ਪਾ ਕੇ ਉਨ੍ਹਾਂ ਨੂੰ ਜਿਉਂਦਿਆਂ ਸਾੜਿਆ ਜਾਵੇਗਾ। ਆਪਣੇ ਮਰਦਾਂ ਦੇ ਬਿਨਾਂ ਇਨ੍ਹਾਂ ਪਰਿਵਾਰਾਂ ਦੀਆਂ ਔਰਤਾਂ ਤੇ ਬਾਪ ਬਿਨਾਂ ਜਿਵੇਂ ਉਨ੍ਹਾਂ ਦੇ ਬੱਚਿਆਂ ਨੇ ਇਹ ਸਮਾਂ ਕਈ-ਕਈ ਵਕਤ ਭੁੱਖੇ ਰਹਿ ਕੇ ਠੰਢੀਆਂ ਸਰਦ ਰਾਤਾਂ ਵਿਚ ਖੁੱਲ੍ਹੇ ਅਸਮਾਨ ਹੇਠ ਗੁਜ਼ਾਰਿਆ ਹੈ, ਉਨ੍ਹਾਂ ਦੇ ਇਲਾਵਾ ਕਿਸੇ ਨੂੰ ਕੀ ਅਹਿਸਾਸ

(ਬਾਕੀ ਸਫਾ 22 'ਤੇ)

# ਸਮੇਂ ਦੇ ਨਾਲ-ਨਾਲ ਸੋਚ ਵੀ ਬਦਲਣ ਦੀ ਲੋੜ

ਫਰਾਂਸ ਖ਼ਿਲਾਫ਼ ਦੁਨੀਆ ਦੇ ਕਈ ਮੁਲਕਾਂ 'ਚ ਪ੍ਰਦਰਸ਼ਨ ਹੋ ਰਹੇ ਹਨ। ਫਰਾਂਸ ਦੇ ਨਾਈਸ ਸ਼ਹਿਰ ਦੇ ਚਰਚ 'ਚ ਵੀਰਵਾਰ ਸਵੇਰੇ ਅੱਤਵਾਦੀ ਨੇ ਚਾਕੂ ਨਾਲ ਇਕ ਔਰਤ ਦਾ ਸਿਰ ਕਲਮ ਕਰਨ ਸਮੇਤ ਤਿੰਨ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਦੱਸਿਆ ਜਾ ਰਿਹਾ ਹੈ ਕਿ ਅੱਤਵਾਦੀ ਫਰਾਂਸ ਸਰਕਾਰ ਦੀਆਂ ਨੀਤੀਆਂ ਤੇ ਪੈਗ਼ੰਬਰ ਦੇ ਕਾਰਟੂਨ ਛਾਪਣ ਤੋਂ ਨਾਰਾਜ਼ ਸੀ।

ਹਾਲਾਂਕਿ ਇਸ ਤੋਂ ਪਹਿਲਾਂ ਵੀ ਫਰਾਂਸ 'ਚ ਸਮੇਂ-ਸਮੇਂ ਅੱਤਵਾਦੀ ਹਮਲੇ ਹੁੰਦੇ ਰਹੇ ਹਨ। ਸੰਨ 2015 ਤੋਂ ਬਾਅਦ ਇਸ ਖ਼ੂਬਸੂਰਤ ਦੇਸ਼ 'ਚ ਹੋਏ ਵੱਖ-ਵੱਖ ਅੱਤਵਾਦੀ ਹਮਲਿਆਂ 'ਚ 235 ਲੋਕਾਂ ਦੀ ਜਾਨ ਜਾ ਚੁੱਕੀ ਹੈ। ਫਰਾਂਸ ਹਮੇਸ਼ਾ ਕੱਟੜਪੰਥੀ ਮੁਸਲਿਮਾਂ ਤੇ ਅੱਤਵਾਦੀ ਸੰਗਠਨਾਂ ਦੇ ਨਿਸ਼ਾਨੇ 'ਤੇ ਰਹਿੰਦਾ ਹੈ। 'ਸ਼ਾਰਲੀ ਹੈਬਦੋ' ਮੈਗਜ਼ੀਨ ਵਿਚ 2015 'ਚ ਪੈਗ਼ੰਬਰ ਮੁਹੰਮਦ ਦਾ ਕਾਰਟੂਨ ਛਾਪਣ ਤੋਂ ਬਾਅਦ ਇਹ ਵਿਵਾਦ ਸ਼ੁਰੂ ਹੋਇਆ ਸੀ।

ਹਾਲੇ ਤਕ ਰਸਾਲੇ ਦੇ ਦਫ਼ਤਰਾਂ 'ਚ ਕੰਮ ਕਰਦੇ 12 ਲੋਕਾਂ ਸਮੇਤ 17 ਦੀ ਮੌਤ ਹੋ ਚੁੱਕੀ ਹੈ। ਪਿਛਲੇ ਕੁਝ ਸਾਲਾਂ ਦੌਰਾਨ ਇਸਲਾਮਿਕ ਵੱਖਵਾਦੀਆਂ ਦੇ ਹਮਲੇ ਦਾ ਸ਼ਿਕਾਰ ਬਣੀ ਫਰਾਂਸ ਦੀ ਮੈਗਜ਼ੀਨ ਮੁੜ ਪੈਗ਼ੰਬਰ ਦੇ ਕਾਰਟੂਨ ਛਾਪ ਰਹੀ ਹੈ। ਤਾਜ਼ਾ ਵਿਵਾਦ ਇਸੇ ਮਹੀਨੇ ਫਰਾਂਸ 'ਚ ਇਕ ਕਲਾਸ 'ਚ ਪੈਗ਼ੰਬਰ ਮੁਹੰਮਦ ਦਾ ਕਾਰਟੂਨ ਦਿਖਾਉਣ ਵਾਲੇ ਅਧਿਆਪਕ ਦੀ ਹੱਤਿਆ ਤੋਂ ਬਾਅਦ ਸ਼ੁਰੂ ਹੋਇਆ। ਸੈਮੂਅਲ ਪੈਟੀ ਨਾਂ ਦੇ ਅਧਿਆਪਕ ਦੀ 16 ਅਕਤੂਬਰ ਨੂੰ 18 ਸਾਲਾ ਨੌਜਵਾਨ ਨੇ ਹੱਤਿਆ ਕਰ ਦਿੱਤੀ ਸੀ। ਪੈਟੀ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੌਨ ਨੇ ਕਿਹਾ ਸੀ ਕਿ 'ਫਰਾਂਸ




ਕਾਰਟੂਨ ਅੱਗੇ ਮੱਥਾ ਨਹੀਂ ਟੇਕੇਗਾ'। ਉਹ ਕੱਟੜਪੰਥੀ ਇਸਲਾਮ ਵਿਰੁੱਧ ਲੜਨਗੇ ਤੇ ਧਰਮ ਨਿਰਪੱਖਤਾ ਦੀ ਰੱਖਿਆ ਕਰਨਗੇ। ਉਨ੍ਹਾਂ ਕਿਹਾ ਕਿ ਕਿਸੇ ਵੀ ਇਕ ਧਰਮ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਪ੍ਰਗਟਾਵੇ ਦੀ ਆਜ਼ਾਦੀ ਦੀ ਉਲੰਘਣਾ ਕਰਨਾ ਰਾਸ਼ਟਰੀ ਏਕਤਾ ਨੂੰ ਕਮਜ਼ੋਰ ਕਰਦਾ ਹੈ। ਕਈ ਮੁਲਕਾਂ ਨੇ ਇਸ ਬਿਆਨ ਦਾ ਵਿਰੋਧ ਕੀਤਾ ਤੇ ਯੂਰਪੀ ਦੇਸ਼ ਫਰਾਂਸ ਦੀ ਪਿੱਠ 'ਤੇ ਆ ਗਏ ਹਨ। ਜਰਮਨੀ, ਨੀਦਰਲੈਂਡ ਤੇ ਇਟਲੀ ਨੇ ਫਰਾਂਸ ਨਾਲ ਇਕਜੁੱਟਤਾ ਜ਼ਾਹਰ ਕੀਤੀ ਹੈ। ਦੂਜੇ ਪਾਸੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਟਵੀਟ 'ਚ ਫਰਾਂਸ ਦੇ ਰਾਸ਼ਟਰਪਤੀ 'ਤੇ ਇਸਲਾਮ 'ਤੇ ਹਮਲਾ ਕਰਨ ਦਾ ਦੋਸ਼ ਲਾਇਆ ਸੀ। ਤੁਰਕੀ ਨੇ ਵੀ ਫਰਾਂਸ ਦੇ ਇਸ ਰੁਖ਼ ਦਾ ਖੁੱਲ੍ਹ ਕੇ ਵਿਰੋਧ ਕੀਤਾ ਅਤੇ ਲੋਕਾਂ ਨੂੰ ਫਰਾਂਸ 'ਚ ਬਣਿਆ ਸਾਮਾਨ ਨਾ ਖ਼ਰੀਦਣ ਲਈ ਕਿਹਾ। ਫਰਾਂਸ ਦੇ ਉਤਪਾਦਾਂ ਨੂੰ ਪਾਕਿਸਤਾਨ, ਜਾਰਡਨ, ਕਤਰ ਅਤੇ ਕੁਵੈਤ ਵਰਗੇ ਦੇਸ਼ਾਂ ਦੀਆਂ ਦੁਕਾਨਾਂ ਤੋਂ ਹਟਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਬੰਗਲਾਦੇਸ਼, ਇਰਾਕ, ਲੀਬੀਆ ਅਤੇ ਸੀਰੀਆ ਵਿਚ ਵੀ ਫਰਾਂਸ ਵਿਰੁੱਧ ਪ੍ਰਦਰਸ਼ਨ ਹੋਏ ਹਨ। ਦਰਅਸਲ, ਇਸਲਾਮ 'ਚ ਪੈਗ਼ੰਬਰ ਦੀਆਂ ਤਸਵੀਰਾਂ ਬਣਾਉਣਾ ਬਹੁਤ ਹੀ ਨਾਜ਼ੁਕ ਵਿਸ਼ਾ ਹੈ ਅਤੇ ਮੁਸਲਮਾਨ ਇਸ ਦਾ ਵਿਰੋਧ ਕਰਦੇ ਹਨ। ਫਰਾਂਸ 'ਚ ਮੁਸਲਿਮ ਭਾਈਚਾਰਾ ਧਰਮ ਨਿਰਪੱਖ ਹੈ ਤੇ ਰਾਸ਼ਟਰੀ ਪਛਾਣ ਦੇ ਕੇਂਦਰ 'ਚ ਵੀ ਹੈ।

ਕੱਟੜਪੰਥੀ ਸੋਚ ਰੱਖਣ ਵਾਲੇ ਨੌਜਵਾਨਾਂ ਨੂੰ ਇਕ ਗੱਲ ਸਮਝਣ ਦੀ ਲੋੜ ਹੈ ਕਿ ਕੋਈ ਵੀ ਧਰਮ ਕਿਸੇ ਦੂਸਰੇ ਇਨਸਾਨ ਦੀ ਹੱਤਿਆ ਲਈ ਨਹੀਂ ਕਹਿੰਦਾ। ਦੂਜੇ ਪਾਸੇ ਫਰਾਂਸ ਨੂੰ ਵੀ ਅੜੀਅਲ ਰਵੱਈਆ ਛੱਡ ਕੇ ਧਰਮ ਨਾਲ ਜੁੜੇ ਮਸਲਿਆਂ 'ਤੇ ਸੋਚ ਬਦਲਣ ਦੀ ਲੋੜ ਹੈ। ਪ੍ਰਗਟਾਵੇ ਦੀ ਆਜ਼ਾਦੀ ਕਦੇ ਵੀ ਕਿਸੇ ਦੇ ਧਰਮ ਦਾ ਮਜ਼ਾਕ ਉਡਾਉਣ ਦੀ ਆਗਿਆ ਨਹੀਂ ਦਿੰਦੀ। ਫਰਾਂਸ ਨੂੰ ਦੇਸ਼ 'ਚ ਤੇ ਦੁਨੀਆ ਦੇ ਬਾਕੀ ਮੁਲਕਾਂ 'ਚ ਰਹਿ ਰਹੇ ਭਾਈਚਾਰਿਆਂ ਨੂੰ ਭਾਈਚਾਰੇ ਦਾ ਸੁਨੇਹਾ ਦੇਣਾ ਚਾਹੀਦਾ ਹੈ ਤਾਂ ਜੋ ਧਰਮ ਖ਼ਾਤਰ ਹੋ ਰਹੇ ਖ਼ੂਨ-ਖ਼ਰਾਬੇ ਨੂੰ ਰੋਕਿਆ ਜਾ ਸਕੇ।

# ਗਿਲਗਿਤ-ਬਾਲਤਿਸਤਾਨ ਦੇ ਲੋਕਾਂ ਦੀ ਭਾਰਤ ਬਾਰੇ ਸਕਾਰਾਤਮਕ ਸੋਚ


ਬ੍ਰਿਗੇ. ਕੁਲਦੀਪ ਸਿੰਘ ਕਾਹਲੋਂ

ਪਾਕਿਸਤਾਨ ਸਰਕਾਰ ਨੇ ਸੰਨ 2018 'ਚ ਗਿਲਗਿਤ-ਬਾਲਤਿਸਤਾਨ ਦੇ ਖੇਤਰਫ਼ਲ ਨਾਲ ਜੁੜੇ ਮਸਲਿਆਂ ਨਾਲ ਨਜਿੱਠਣ ਖ਼ਾਤਰ ਕਾਇਮ ਕੀਤੀ ਗਈ ਸਥਾਨਕ ਕੌਂਸਲ ਦੇ ਢਾਂਚੇ ਅਤੇ ਅਧਿਕਾਰ ਨੂੰ ਰੱਦ ਕਰ ਕੇ ਉੱਥੇ ਨਵੰਬਰ 'ਚ ਚੋਣਾਂ ਕਰਵਾ ਕੇ ਆਪਣੇ ਪੰਜਵੇਂ ਸੂਬੇ ਵਜੋਂ ਐਲਾਨ ਕਰਨ ਦਾ ਰਾਹ ਪੱਧਰਾ ਕਰ ਲਿਆ ਹੈ। ਇਹ ਉਹ ਰਣਨੀਤਕ ਮਹੱਤਤਾ ਵਾਲਾ ਇਲਾਕਾ ਹੈ ਜਿਸ 'ਚੋਂ ਚੀਨ-ਪਾਕਿ ਦਾ 6 ਬਿਲੀਅਨ ਡਾਲਰ ਦੀ ਲਾਗਤ ਵਾਲਾ ਆਰਥਿਕ ਕੋਰੀਡੋਰ ਗੁਜ਼ਰਦਾ ਹੈ। ਯਾਦ ਰਹੇ ਕਿ ਦੇਸ਼ ਦੀ ਵੰਡ ਸਮੇਂ ਲਹਿੰਦਾ ਪੰਜਾਬ, ਸਿੰਧ ਖੈਬਰ ਪਖ਼ਤੂਨਖਵਾ ਅਤੇ ਬਲੋਚਿਸਤਾਨ ਭਾਵ 4 ਸੂਬਿਆਂ ਦਾ ਇਲਾਕਾ ਪਾਕਿਸਤਾਨ ਦੇ ਹਿੱਸੇ ਆਇਆ ਸੀ। ਰਲੇਵੇਂ ਮੁਤਾਬਕ ਜੰਮੂ-ਕਸ਼ਮੀਰ ਦੀ ਸਾਰੀ ਰਿਆਸਤ ਜਿਸ ਵਿਚ ਅਖੌਤੀ ਗਿਲਗਿਤ-ਬਾਲਤਿਸਤਾਨ ਦਾ ਖੇਤਰ ਵੀ ਸ਼ਾਮਲ ਹੈ, ਕਾਨੂੰਨੀ ਤੌਰ 'ਤੇ ਭਾਰਤ ਦਾ ਅਨੱਖੜਵਾਂ ਹਿੱਸਾ ਬਣ ਗਿਆ।

ਪਾਕਿਸਤਾਨ ਨੇ ਇਸ ਇਲਾਕੇ ਨੂੰ ਦੋ ਹਿੱਸਿਆਂ 'ਚ ਯਾਨੀ ਕਿ ਉੱਤਰੀ ਇਲਾਕਾ ਅਤੇ ਆਜ਼ਾਦ ਜੰਮੂ-ਕਸ਼ਮੀਰ 'ਚ ਵੰਡ ਦਿੱਤਾ ਤੇ ਕਮਾਂਡ ਆਪਣੇ ਹੱਥ 'ਚ ਰੱਖੀ। ਬੀਤੇ ਕਈ ਸਾਲਾਂ ਤੋਂ ਪਾਕਿਸਤਾਨ ਦੇ ਹਾਕਮਾਂ ਨੇ ਗਿਲਗਿਤ-ਬਾਲਤਿਸਤਾਨ 'ਚ ਅੱਤਵਾਦ-ਰੋਕਥਾਮ ਐਕਟ ਦੀ ਅਨੁਸੂਚੀ 4 ਦੀ ਵਰਤੋਂ ਕਰਦਿਆਂ ਉੱਥੋਂ ਦੇ ਨਾਗਰਿਕਾਂ 'ਤੇ ਜ਼ੁਲਮ ਢਾਹੇ ਜਾ ਰਹੇ ਹਨ ਅਤੇ ਕਈਆਂ ਨੂੰ ਜੇਲ੍ਹਾਂ 'ਚ ਵੀ ਬੰਦ ਕਰ ਦਿੱਤਾ ਹੈ। ਪਾਕਿਸਤਾਨ ਦੇ ਉੱਤਰ ਵੱਲ ਨੂੰ ਪੈਂਦੇ ਨਾਜਾਇਜ਼ ਕਬਜ਼ੇ ਹੇਠ 28000 ਵਰਗ ਮੀਲ ਵਾਲੇ ਇਲਾਕੇ ਅੰਦਰ ਗਿਲਗਿਤ ਏਜੰਸੀ, ਲੱਦਾਖ ਵਜ਼ਾਰਤ ਦਾ ਜ਼ਿਲ੍ਹਾ ਬਾਲਤਿਸਤਾਨ ਅਤੇ ਪਹਾੜੀ ਰਿਆਸਤਾਂ ਹੁੰਨਜਾ ਤੇ ਨਗਰ ਦਾ ਮਿਸ਼ਰਨ ਕਰਕੇ ਇਸ ਦਾ ਨਾਂ ਗਿਲਗਿਤ ਬਾਲਤਿਸਤਾਨ ਰੱਖਿਆ ਗਿਆ। ਇਸ ਦੀ ਕੁੱਲ ਆਬਾਦੀ ਤਕਰੀਬਨ 10 ਲੱਖ ਸੀ ਅਤੇ ਇਸ ਨੂੰ 7 ਜ਼ਿਲ੍ਹਿਆਂ 'ਚ ਵੰਡਿਆ ਗਿਆ। ਉੱਤਰ ਵੱਲ ਇਸ ਦੀ ਹੱਦ ਅਫ਼ਗਾਨਿਸਤਾਨ ਅਤੇ ਉੱਤਰ-ਪੂਰਬ ਵੱਲ ਚੀਨ ਦੇ ਖ਼ੁਦਮੁਖਤਾਰ ਸੂਬੇ ਸ਼ਿਨਜਿਆਂਗ ਨਾਲ ਲੱਗਦੀ ਹੈ। ਪੱਛਮ ਵੱਲ ਨੂੰ ਪਾਕਿ ਦਾ ਪਰੇਸ਼ਾਨੀ ਵਾਲਾ ਇਲਾਕਾ ਉੱਤਰੀ-ਪੱਛਮੀ ਫਰੰਟੀਅਰ ਪੈਂਦਾ ਹੈ। ਇਸ ਦੇ ਦੱਖਣ ਵੱਲ ਮਕਬੂਜ਼ਾ ਕਸ਼ਮੀਰ ਅਤੇ ਦੱਖਣ-ਪੂਰਬ ਵੱਲ ਜੰਮੂ-ਕਸ਼ਮੀਰ ਦੀ ਸਰਹੱਦ ਲੱਗਦੀ ਹੈ। ਗਿਲਗਿਤ-ਬਾਲਤਿਸਤਾਨ ਅੰਦਰ ਖਣਿਜ ਪਦਾਰਥਾਂ ਦਾ ਬਹੁਤ ਵੱਡਾ ਭੰਡਾਰ ਹੈ ਪਰ ਉਸ ਦਾ ਫ਼ਾਇਦਾ ਉੱਤਰੀ ਖੇਤਰ ਦੇ ਬਾਸ਼ਿੰਦੇ ਨਹੀਂ ਲੈ ਸਕਦੇ ਕਿਉਂਕਿ ਇੱਥੋਂ ਦੀ ਸਰਕਾਰ ਨੂੰ ਕੁਦਰਤੀ ਸੋਮਿਆਂ, ਪਾਣੀ ਅਤੇ ਖਣਿਜ ਪਦਾਰਥਾਂ ਆਦਿ ਬਾਰੇ ਕਿਸੇ ਕਿਸਮ ਦਾ ਕੋਈ ਕਾਨੂੰਨ ਬਣਾਉਣ ਦਾ ਅਧਿਕਾਰ ਨਹੀਂ ਦਿੱਤਾ ਗਿਆ ਪਰ ਚੀਨ ਦੀ ਇਕ ਕੰਪਨੀ ਨੇ ਕੁਝ ਸਮਾਂ ਪਹਿਲਾਂ ਇਸ ਖੇਤਰ ਦੀ ਖੋਜ ਵਾਸਤੇ 60 ਲੱਖ ਡਾਲਰ ਦੀ ਲਾਗਤ ਨਾਲ ਆਪਣੀ ਰਿਪੋਰਟ ਪਾਕਿ ਸਰਕਾਰ ਨੂੰ ਭੇਜੀ ਸੀ।

ਵੈਸੇ ਵੀ ਚੀਨ-ਪਾਕਿ ਦਾ ਆਰਥਿਕ ਕੋਰੀਡੋਰ ਇਸੇ ਇਲਾਕੇ 'ਚੋਂ ਗੁਜ਼ਰਦਾ ਹੈ ਜੋ ਕਾਰਾਕੋਰਮ ਹਾਈਵੇਅ ਨਾਲ ਲੱਗਦਾ ਹੈ। ਚੀਨ ਨੇ ਕੋਰੀਡੋਰ ਦੀ ਸੁਰੱਖਿਆ ਬਹਾਨੇ ਆਪਣੇ ਤਕਰੀਬਨ 10 ਹਜ਼ਾਰ ਸੁਰੱਖਿਆ ਮੁਲਾਜ਼ਮ ਇਸੇ ਇਲਾਕੇ 'ਚ ਤਾਇਨਾਤ ਕੀਤੇ ਹੋਏ ਹਨ। ਰਣਨੀਤਕ ਅਤੇ ਆਰਥਿਕ ਪੱਖੋਂ ਇਹ ਇਲਾਕਾ ਬਹੁਤ ਅਹਿਮ ਹੈ ਅਤੇ ਪਾਕਿ ਦੇ ਪ੍ਰਬੰਧਕੀ ਕੰਟਰੋਲ ਹੇਠ ਹੈ। ਕੁਝ ਸਮਾਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਬਦੀ ਜੰਗ ਤੇਜ਼ ਕਰਦਿਆਂ ਭਾਰਤ ਦੀ ਮੰਗ ਨੂੰ ਦੁਹਰਾਉਂਦਿਆਂ ਕਿਹਾ ਸੀ ਕਿ ਮਕਬੂਜ਼ਾ ਕਸ਼ਮੀਰ ਗਿਲਗਿਤ-ਬਾਲਤਿਸਤਾਨ ਸਮੇਤ ਭਾਰਤ ਦਾ ਹਿੱਸਾ ਹੈ ਅਤੇ ਪਾਕਿਸਤਾਨ ਨੂੰ ਇਨ੍ਹਾਂ ਖੇਤਰਾਂ 'ਚੋਂ ਨਾਜਾਇਜ਼ ਕਬਜ਼ੇ ਨੂੰ ਛੱਡ ਦੇਣਾ ਚਾਹੀਦਾ ਹੈ। ਗਿਲਗਿਤ-ਬਾਲਤਿਸਤਾਨ ਦਿੱਲੀ ਸਲਤਨਤ ਦਾ ਹਿੱਸਾ ਸੀ। ਫਿਰ 16ਵੀਂ ਸਦੀ 'ਚ ਮੁਗ਼ਲ ਸਾਮਰਾਜ ਹੇਠ ਚਲਾ ਗਿਆ। ਸੰਨ 1757 'ਚ ਇਕ ਇਕਰਾਰਨਾਮੇ ਤਹਿਤ ਇਸ ਉੱਤਰੀ ਇਲਾਕੇ ਦਾ ਰਾਜ ਮੁਗ਼ਲਾਂ ਪਾਸੋਂ ਅਹਿਮਦ ਸ਼ਾਹ ਦੁਰਾਨੀ ਨੇ ਲੈ ਲਿਆ ਅਤੇ ਇਹ ਅਫ਼ਗਾਨਿਸਤਾਨ ਦਾ ਹਿੱਸਾ ਬਣ ਗਿਆ। ਸੰਨ 1819 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਅਫ਼ਗਾਨਾਂ 'ਤੇ ਹੱਲਾ ਬੋਲ ਕੇ ਇਹ ਇਲਾਕਾ ਕਬਜ਼ੇ ਹੇਠ ਲੈ ਲਿਆ ਸੀ। ਸੰਨ 1846 ਦੇ ਲਾਗੇ-ਛਾਗੇ ਇਸ ਹਿੱਸੇ ਨੇ ਵੀ ਕਸ਼ਮੀਰ ਸ਼ਹਿਨਸ਼ਾਹੀ ਦਾ ਦਰਜਾ ਹਾਸਲ ਕਰ ਲਿਆ।

ਜਦੋਂ ਸੰਨ 1935 'ਚ ਰੂਸ ਨੇ ਕਸ਼ਮੀਰ ਨਾਲ ਲੱਗਦੇ ਖੇਤਰ ਸ਼ਿਨਜਿਆਂਗ 'ਤੇ ਜਿੱਤ ਪ੍ਰਾਪਤ ਕੀਤੀ ਤਾਂ ਫਿਰ ਇਹ ਇਲਾਕਾ ਬਰਤਾਨੀਆ ਵਾਸਤੇ ਵਿਸ਼ੇਸ਼ ਮਹੱਤਤਾ ਵਾਲਾ ਸਮਝਿਆ ਜਾਣ ਲੱਗਾ। ਬ੍ਰਿਟਿਸ਼ ਸਰਕਾਰ ਨੇ ਇਸ ਖੇਤਰ ਨੂੰ ਰਾਜੇ ਪਾਸੋਂ 60 ਸਾਲਾਂ ਵਾਸਤੇ ਪਟੇ ਤੋਂ ਲੈ ਲਿਆ ਜੋ ਕਿ ਸੰਨ 1995 'ਚ ਖ਼ਤਮ ਹੋਣਾ ਹੋਣਾ ਸੀ। ਇਸ ਸਰਹੱਦੀ ਖੇਤਰ ਦੀ ਦੇਖ-ਰੇਖ ਵਾਸਤੇ ਬਰਤਾਨੀਆ ਨੇ ਗਿਲਗਿਤ ਸਕਾਊਟ ਦਾ ਨਿਰਮਾਣ ਕੀਤਾ ਜਿਸ ਵਿਚ ਕੇਵਲ ਅੰਗਰੇਜ਼ ਅਫ਼ਸਰ ਹੀ ਸ਼ਾਮਲ ਸਨ। ਇਸ ਦਾ ਰਾਜ ਪ੍ਰਬੰਧ ਚਲਾਉਣ ਖ਼ਾਤਰ ਕਰਨਲ ਬੀਕਨ ਨੂੰ ਨਿਯੁਕਤ ਕੀਤਾ ਗਿਆ। ਜੁਲਾਈ 1947 'ਚ ਬਰਤਾਨਵੀ ਭਾਰਤ ਸਰਕਾਰ ਨੂੰ ਸਮੇਂ ਤੋਂ ਪਹਿਲਾਂ ਠੇਕਾ ਭੰਗ ਕਰਕੇ ਇਹ ਇਲਾਕਾ ਵਾਪਸ ਜੰਮੂ-ਕਸ਼ਮੀਰ ਦੇ ਮਹਾਰਾਜਾ ਹਰੀ ਸਿੰਘ ਦੇ ਹਵਾਲੇ ਕਰ ਦਿੱਤਾ। ਇਕ ਅਗਸਤ ਨੂੰ ਡੋਗਰਾ ਸ਼ਾਸਨ ਨੇ ਰਿਆਸਤ ਦੀ ਫ਼ੌਜ ਦੇ ਬ੍ਰਿਗੇਡੀਅਰ ਘਨਸਾਰਾ ਨੂੰ ਗਿਲਗਿਤ-ਬਾਲਤਿਸਤਾਨ ਦਾ ਗਵਰਨਰ ਨਿਯੁਕਤ ਕੀਤਾ। ਬਾਕੀ ਰਿਆਸਤਾਂ ਵਾਂਗ ਜੰਮੂ-ਕਸ਼ਮੀਰ ਦੇ ਰਾਜੇ ਹਰੀ ਸਿੰਘ ਨੇ ਵੀ ਆਪਣੇ ਰਾਜ ਭਾਗ ਨੂੰ ਭਾਰਤ 'ਚ ਸ਼ਾਮਲ ਕਰਨ ਲਈ 26 ਅਕਤੂਬਰ 1947 ਨੂੰ ਸਮਝੌਤਾ ਕਰ ਲਿਆ ਜਿਸ ਦੀ ਪੁਸ਼ਟੀ ਗਵਰਨਰ ਜਨਰਲ ਆਫ ਇੰਡੀਆ ਲਾਰਡ ਮਾਊਂਟਬੇਟਨ ਨੇ 27 ਅਕਤੂਬਰ ਨੂੰ ਕੀਤੀ। ਇਸ ਤਰ੍ਹਾਂ ਜੰਮੂ-ਕਸ਼ਮੀਰ, ਗਿਲਗਿਤ-ਬਾਲਤਿਸਤਾਨ ਸਮੇਤ ਭਾਰਤ ਦਾ ਅਟੁੱਟ ਅੰਗ ਬਣ ਗਿਆ।

ਮੇਜਰ ਬਰਾਊਨ ਜੋ ਗਿਲਗਿਤ ਸਕਾਊਟ ਦੀ ਕਮਾਂਡ ਕਰ ਰਿਹਾ ਸੀ, ਨੇ ਬਰਤਾਨਵੀ ਹਕੂਮਤ ਦੀ ਗਹਿਰੀ ਸਾਜ਼ਿਸ਼ ਨੂੰ ਅੰਜਾਮ ਦੇਣ ਖ਼ਾਤਰ 1 ਨਵੰਬਰ 1947 ਨੂੰ ਪਾਕਿ ਫ਼ੌਜ ਦੀ ਮਦਦ ਨਾਲ ਗਿਲਗਿਤ 'ਚ ਰਾਜ ਪਲਟਾ ਕਰ ਕੇ ਰਾਜਪਾਲ ਦੇ ਸਿੰਘਾਸਨ ਨੂੰ ਘੇਰ ਲਿਆ ਅਤੇ ਬ੍ਰਿਗੇਡੀਅਰ ਘਨਸਰਾ ਨੂੰ ਮਜਬੂਰ ਹੋ ਕੇ ਆਤਮ ਸਮਰਪਣ ਕਰਨਾ ਪਿਆ। ਸੰਨ 1948 ਦੇ ਅੰਤ ਵਿਚ ਸੰਯੁਕਤ ਰਾਸ਼ਟਰ ਵੱਲੋਂ ਜੰਗਬੰਦੀ ਐਲਾਨੀ ਗਈ ਜਿਸ ਸਦਕਾ ਇਹ ਇਲਾਕਾ ਪਾਕਿ ਦੇ ਕਬਜ਼ੇ ਹੇਠ ਰਹਿ ਗਿਆ। ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਅਸੀਂ ਜੰਗਬੰਦੀ ਤਾਂ ਸਵੀਕਾਰ ਕਰ ਲਈ ਪਰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ 21 ਅਪ੍ਰੈਲ 1948 ਦੇ 47ਵੇਂ ਮਤੇ ਦੇ ਪੈਰਾ 1 (ਏ) ਅਨੁਸਾਰ ਪਾਕਿਸਤਾਨ ਨੂੰ ਜੰਮੂ-ਕਸ਼ਮੀਰ 'ਚੋਂ ਆਪਣੇ ਧਾੜਵੀ ਤੇ ਫ਼ੌਜ ਨੂੰ ਵਾਪਸ ਬੁਲਵਾਉਣ ਵਾਲੇ ਹੁਕਮਾਂ ਦੀ ਤਾਮੀਲ ਨਾ ਕਰਵਾ ਸਕੇ। ਫਿਰ ਸੰਨ 1963 'ਚ ਜਦੋਂ ਪਾਕਿ ਨੇ ਕਸ਼ਮੀਰ ਦੀ ਸ਼ਕਸਮ ਘਾਟੀ ਦਾ ਤਕਰੀਬਨ 5100 ਵਰਗ ਕਿਲੋਮੀਟਰ ਵਾਲਾ ਇਲਾਕਾ ਜੋ ਕਿ ਕਾਰਾਕੋਰਮ ਨਾਲ ਲੱਗਦਾ ਹੈ ਉਹ ਅਣ-ਅਧਿਕਾਰਤ ਤੌਰ 'ਤੇ ਚੀਨ ਦੇ ਹਵਾਲੇ ਕਰ ਦਿੱਤਾ ਤਾਂ ਅਸੀਂ ਚੁੱਪ ਵੱਟੀ ਰੱਖੀ। ਹੁਣ ਪਾਕਿ ਆਪਹੁਦਰੇ ਢੰਗ ਨਾਲ ਝਗੜੇ ਵਾਲੇ ਇਲਾਕੇ ਨੂੰ ਆਪਣੇ 5ਵੇਂ ਸੂਬੇ ਵਜੋਂ ਕਿਵੇਂ ਮਾਨਤਾ ਪ੍ਰਦਾਨ ਕਰ ਸਕਦਾ ਹੈ? ਬੀਤੇ ਇਕ ਦਹਾਕੇ ਤੋਂ ਚੀਨ ਵੱਲੋਂ ਪੂਰਬੀ ਲੱਦਾਖ ਦੇ ਐੱਲਏਸੀ ਵਾਲੇ ਇਲਾਕੇ 'ਚ ਕਦੇ ਕੰਮਸਾਂਗ ਮੈਦਾਨ, ਕਦੇ ਚੇਮਾਰ ਸੈਕਟਰ, ਹੁਣ ਗਲਵਾਨ ਵਾਦੀ ਤੇ ਪੈਂਗੋਂਗ ਸੋ ਇਲਾਕੇ ਅਤੇ ਅਕਸਾਈ ਚਿਨ ਇਲਾਕੇ ਦਾ ਬਹੁ-ਪੱਖੀ ਵਿਕਾਸ ਕਰਕੇ ਭਾਰੀ ਸੰਖਿਆ 'ਚ ਫ਼ੌਜ ਦੀ ਅਸਤਰ-ਸ਼ਸਤਰ ਨਾਲ ਤਾਇਨਤੀ ਕਰ ਰੱਖੀ ਹੈ। ਸਮੁੱਚੇ ਲੱਦਾਖ ਨੂੰ ਬੀਜਿੰਗ ਨੇ ਨਕਸ਼ਿਆਂ 'ਚ ਦਿਖਾ ਕੇ ਆਪਣੀ ਮਲਕੀਅਤ ਸਿੱਧ ਕਰਨ ਦਾ ਵੱਡਾ ਮਕਸਦ ਗਿਲਗਿਤ-ਬਾਲਤਿਸਤਾਨ ਨਾਲ ਜੋੜ ਕੇ ਸਿਆਚਿਨ ਬੰਨ੍ਹ ਤਕ ਰਸਤਾ ਸਾਫ਼ ਕਰਕੇ ਪਾਕਿ ਦਾ ਰੁਖ਼ ਸਿਆਚਿਨ ਵੱਲ ਕੇਂਦਰਿਤ ਕਰਨਾ ਹੈ ਜੋ ਕਿ ਚੀਨ-ਪਾਕਿ ਦੇ ਸਾਂਝੇ ਖ਼ਤਰਨਾਕ ਰੁਝਾਨ



ਦਾ ਇਕ ਹਿੱਸਾ ਹੈ।

ਪਾਕਿ ਨੇ ਸੰਨ 1970 ਵਿਚ ਪਹਿਲਾਂ ਇਨ੍ਹਾਂ ਦੋਵੇਂ ਵਿਵਾਦਤ ਹਿੱਸਿਆਂ ਨੂੰ ਸਵੀਕਾਰਿਆ, ਫਿਰ ਉੱਤਰੀ ਕੌਂਸਲ ਬਣਾਈ ਅਤੇ ਸੰਨ 2009 'ਚ ਪਾਕਿ ਨੇ ਇਸ ਇਲਾਕੇ ਦਾ ਨਾਂ ਬਦਲ ਕੇ ਗਿਲਗਿਤ-ਬਾਲਤਿਸਤਾਨ ਰੱਖਿਆ। ਫਿਰ ਸੰਨ 2018 'ਚ ਸਥਾਨਕ ਕੌਂਸਲ ਭੰਗ ਕਰਕੇ ਢੇਰ ਸਾਰੀਆਂ ਸੰਵਿਧਾਨਕ ਤੇ ਪ੍ਰਸ਼ਾਸਨਿਕ ਕਮੀਆਂ ਨੂੰ ਦੂਰ ਕਰਕੇ ਪਾਕਿ ਕਾਨੂੰਨੀ ਤੌਰ 'ਤੇ ਭਾਰਤੀ ਇਲਾਕੇ ਨੂੰ ਹੜੱਪਣਾ ਚਾਹੁੰਦਾ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਭਾਰਤ ਦੀ ਪਾਰਲੀਮੈਂਟ ਨੇ ਸਮੁੱਚੇ ਜੰਮੂ-ਕਸ਼ਮੀਰ ਨੂੰ ਭਾਰਤ ਦਾ ਅਟੁੱਟ ਅੰਗ ਐਲਾਨਿਆ ਹੈ ਜਿਸ ਦੀ ਪੁਸ਼ਟੀ ਬਰਤਾਨਵੀ ਸਰਕਾਰ ਨੇ 23 ਮਾਰਚ 2017 ਨੂੰ ਵੀ ਕਰ ਦਿੱਤੀ ਸੀ ਪਰ ਭਾਰਤ ਗਿਲਗਿਤ ਦੇ ਲੋਕਾਂ ਪ੍ਰਤੀ ਹਮੇਸ਼ਾ ਲਾਪਰਵਾਹੀ ਵਾਲਾ ਰੁਖ਼ ਹੀ ਅਪਣਾਇਆ। ਜ਼ਿਕਰਯੋਗ ਹੈ ਕਿ ਦੇਸ਼ ਦੀ ਵੰਡ ਸਮੇਂ ਇਸ ਇਲਾਕੇ 'ਚ 82 ਫ਼ੀਸਦੀ ਸ਼ੀਆ ਮੁਸਲਮਾਨ ਸਨ। ਪਾਕਿ ਵੱਲੋਂ ਇਸ ਖੇਤਰ 'ਚ ਪੰਜਾਬੀਆਂ, ਸੁੰਨੀ ਮੁਸਲਮਾਨਾਂ ਨੂੰ ਭੇਜ ਕੇ ਆਬਾਦੀ ਦੇ ਅੰਕੜਿਆਂ ਨੂੰ ਪ੍ਰਭਾਵਿਤ ਕੀਤਾ ਜਾ ਰਿਹਾ ਹੈ। ਮੋਦੀ ਸਰਕਾਰ ਨੂੰ ਚਾਹੀਦਾ ਹੈ ਕਿ ਬਰਤਾਨੀਆ ਨੂੰ ਨਾਲ ਜੋੜ ਕੇ ਤੇ ਬਾਕੀ ਮੁਲਕਾਂ ਨੂੰ ਸ਼ਾਮਿਲ ਕਰਕੇ ਕੌਮਾਂਤਰੀ ਪੱਧਰ 'ਤੇ ਇਨ੍ਹਾਂ ਲੋਕਾਂ ਦੀ ਤੁਰੰਤ ਆਵਾਜ਼ ਉਠਾਏ ਅਤੇ ਚੋਣਾਂ ਰੱਦ ਕੀਤੀਆਂ ਜਾਣ ਨਹੀਂ ਤਾਂ ਫਿਰ ਰੱਬ ਹੀ ਰਾਖਾ ਹੈ।

# ਜਦੋਂ ਦਰੱਖ਼ਤਾਂ ਨੇ ਮੇਰੀ ਜਾਨ ਬਚਾਈ...

ਰਘਬੀਰ ਸਿੰਘ ਮਾਨ

ਅੱਜ ਵੀ ਮੈਨੂੰ ਜਦੋਂ ਉਸ ਘਟਨਾ ਦਾ ਚੇਤਾ ਆਉਂਦਾ ਤਾਂ ਮੇਰੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਸੋਚਦਾ ਹਾਂ, ਜੇ ਢਾਬ ਦੇ ਕੰਢੇ ਖੜ੍ਹੇ ਦਰਖ਼ਤ ਮੈਨੂੰ ਨਾ ਬਚਾਉਂਦੇ ਤਾਂ ਕੁਝ ਵੀ ਅਣਹੋਣੀ ਵਾਪਰ ਸਕਦੀ ਸੀ। ਮੇਰੀ ਜਾਨ ਵੀ ਜਾ ਸਕਦੀ ਸੀ ਅਤੇ ਮੈਂ ਅਪੰਗ ਵੀ ਹੋ ਸਕਦਾ ਸੀ। ਮੈਨੂੰ ਦਰੱਖ਼ਤਾਂ ਨਾਲ ਬਚਪਨ ਤੋਂ ਹੀ ਪਿਆਰ ਹੈ। ਮੈਂ ਆਪਣੇ ਖੂਹ 'ਤੇ ਅਤੇ ਖੇਤਾਂ ਦੇ ਬੰਨਿਆਂ 'ਤੇ ਪੌਦੇ ਲਗਾਉਂਦਾ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਦਾ ਰਹਿੰਦਾ। ਜਦੋਂ ਪੌਦੇ ਨੂੰ ਸਾਡਾ ਕੋਈ ਪਸ਼ੂ ਖੁੱਲ੍ਹ ਕੇ ਉਸ ਦੀਆਂ ਕਰੂੰਬਲਾਂ ਖਾ ਲੈਂਦਾ ਤਾਂ ਮੈਨੂੰ ਬਹੁਤ ਦੁੱਖ ਲੱਗਦਾ। ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਦਿਆਂ ਮੈਂ ਆਪਣੇ ਖੂਹ ਤੋਂ ਇਕ ਟਾਹਲੀ ਦੇ ਪੌਦੇ ਨੂੰ ਚਾਕਲੀ ਸਮੇਤ ਲਿਆ ਕੇ ਸਕੂਲ ਦੀ ਇਕ ਕਿਆਰੀ ਵਿਚ ਲਗਾ ਦਿੱਤਾ ਸੀ। ਉਹ ਥੋੜ੍ਹੇ ਅਰਸੇ ਵਿਚ ਹੀ ਦਰਖ਼ਤ ਬਣ ਗਿਆ ਸੀ। ਮੈਂ ਉਸ ਨੂੰ ਪ੍ਰਾਇਮਰੀ ਸਕੂਲ 'ਚੋਂ ਜਾਣ ਤੋਂ ਬਾਅਦ ਵੀ ਕਈ ਸਾਲ ਵੇਖਦਾ ਰਿਹਾ।



ਸਰਦੀਆਂ ਦਾ ਮੌਸਮ ਸੀ। ਸਾਡਾ ਗੰਨੇ ਪੀੜਨ ਵਾਲਾ ਵੇਲਣਾ ਖ਼ਰਾਬ ਹੋ ਗਿਆ। ਉਹ ਅਸੀ ਪਿੰਡੋਂ ਪੰਦਰਾਂ ਕਿਲੋਮੀਟਰ ਦੂਰ ਬੰਗਾ ਦੇ ਨੇੜੇ ਬਹਿਰਾਮ ਤੋਂ ਲਿਆਂਦਾ ਹੋਇਆ ਸੀ। ਰਿਪੇਅਰ ਕਰਨ ਲਈ ਵੀ ਉੱਥੇ ਹੀ ਲਿਜਾਣਾ ਪੈਣਾ ਸੀ। ਚਾਚੇ ਨੇ ਸਲਾਹ ਕੀਤੀ ਕਿ ਆਪਾਂ ਦੋਵੇਂ ਰੇਹੜੀ (ਟਾਇਰਾਂ ਵਾਲੀ ਬੈਲ ਗੱਡੀ) ਉੱਪਰ ਵੇਲਣਾ ਲੱਦ ਕੇ ਬਹਿਰਾਮ ਤੋਂ ਠੀਕ ਕਰਵਾ ਲਿਆਈਏ। ਅਸੀਂ ਇਸ ਤਰ੍ਹਾਂ ਹੀ ਕੀਤਾ। ਸਵੇਰੇ ਵੇਲੇ ਸਿਰ ਰੋਟੀ ਖਾ ਕੇ ਵੇਲਣਾ ਰੇਹੜੀ 'ਤੇ ਲੱਦਿਆ। ਰੇਹੜੀ ਨੂੰ ਬਲਦ ਜੋੜੇ, ਜੋਤਾਂ ਕੱਸੀਆਂ ਤੇ ਬਹਿਰਾਮ ਨੂੰ ਚੱਲ ਪਏ। 15 ਕਿਲੋਮੀਟਰ ਦਾ ਸਫ਼ਰ ਮੁਕਾ ਕੇ ਅਸੀਂ ਬਹਿਰਾਮ ਪਿੰਡ ਪਹੁੰਚ ਗਏ। ਤਿੰਨ ਕੁ ਘੰਟੇ ਵੇਲਣਾ ਬਣਨ ਨੂੰ ਲੱਗੇ। ਰਿਪੇਅਰ ਹੋਣ ਤੋਂ ਬਾਅਦ ਫਿਰ ਵੇਲਣਾ ਲੱਦਿਆ ਅਤੇ ਪਿੰਡ ਲਈ ਚੱਲ ਪਏ।

ਵਾਟ ਕਾਫ਼ੀ ਸੀ। ਬਲਦ ਫਗਵਾੜੇ ਆਉਂਦਿਆਂ ਕਾਫ਼ੀ ਥੱਕ ਗਏ ਸਨ। ਥੱਕੇ ਹੋਏ ਦੋਵੇਂ ਬਲਦ ਆਸੇ-ਪਾਸੇ ਨੂੰ ਖਿੱਚਣ ਲੱਗੇ। ਫਗਵਾੜੇ ਤੋਂ ਨਿਕਲ ਕੇ ਅਸੀਂ ਨਕੋਦਰ ਰੋਡ ਵਾਲੀ ਸੜਕੇ ਪਿੰਡ ਨੂੰ ਚੱਲ ਪਏ। ਉਦੋਂ, ਨਗਰ ਪਾਲਿਕਾ ਵੱਲੋਂ ਸ਼ਹਿਰ ਤੋਂ ਬਾਹਰ ਨਿਕਲਦਿਆਂ ਚੁੰਗੀਆਂ ਸਥਾਪਤ ਕੀਤੀਆਂ ਹੋਈਆਂ ਹੁੰਦੀਆਂ ਸਨ। ਫਗਵਾੜੇ ਤੋਂ ਨਕੋਦਰ ਰੋਡ 'ਤੇ ਹਦੀਆਬਾਦ ਨਿਕਲਦਿਆਂ ਚੁੰਗੀ ਦਾ ਦਫ਼ਤਰ ਸੀ। ਜੇ ਕੋਈ ਚੀਜ਼ ਸ਼ਹਿਰ ਵੇਚਣ ਲਈ ਲੈ ਕੇ ਜਾਣੀ ਹੋਵੇ ਤਾਂ ਚੁੰਗੀ ਕਟਾਉਣੀ ਪੈਂਦੀ ਸੀ। ਜੇ ਕੋਈ ਚੀਜ਼ ਸ਼ਹਿਰ ਤੋਂ ਬਾਹਰ ਲੈ ਕੇ ਜਾਣੀ ਹੋਵੇ ਤਾਂ ਉਸ ਦੀ ਰਾਹਦਾਰੀ ਬਣਾਉਣੀ ਜ਼ਰੂਰੀ ਸੀ। ਅਸੀਂ ਕਿਉਂਕਿ ਕੋਈ ਚੀਜ਼ ਵੇਚਣ ਨਹੀਂ ਸੀ ਜਾ ਰਹੇ। ਰਿਪੇਅਰ ਕਰਨ ਲਈ ਲੈ ਕੇ ਫਗਵਾੜੇ ਤੋਂ ਬਾਹਰ ਜਾਣਾ ਸੀ। ਇਸ ਲਈ ਸਾਨੂੰ ਹਦੀਆਬਾਦ ਦੀ ਚੁੰਗੀ ਤੋਂ ਰਾਹਦਾਰੀ ਬਣਾਉਣੀ ਪਈ। ਉਹੀ ਰਾਹਦਾਰੀ ਫਗਵਾੜੇ ਤੋਂ ਬਹਿਰਾਮ ਵੱਲ ਨਿਕਲਦਿਆਂ ਚੁੰਗੀ 'ਤੇ ਦਿਖਾਉਣੀ ਜ਼ਰੂਰੀ ਸੀ। ਜਿਹੜੀ ਅਸੀਂ ਰਾਹਦਾਰੀ ਬਣਾਈ ਸੀ, ਉਹ ਹੁਣ ਫਗਵਾੜੇ ਤੋਂ ਪਿੰਡ ਨੂੰ ਆਉਂਦਿਆਂ ਹਦੀਆਬਾਦ ਨਿਕਲਦਿਆਂ ਚੁੰਗੀ ਵਾਲੇ ਕਰਮਚਾਰੀ ਨੂੰ ਦੇਣੀ ਸੀ। ਰਾਹਦਾਰੀ ਚੁੰਗੀ ਵਾਲਿਆਂ ਨੇ ਆਪ ਰੱਖ ਲੈਣੀ ਸੀ। ਇਹ ਕਾਰਵਾਈ ਜ਼ਰੂਰੀ ਸੀ।

ਹਦੀਆਬਾਦ ਚੁੰਗੀ 'ਤੇ ਪਹੁੰਚ ਕੇ ਚਾਚੇ ਨੇ ਕਿਹਾ, "ਤੂੰ ਬਲਦਾਂ ਦੇ ਰੱਸੇ ਫੜ ਲੈ। ਮੈਂ ਰਾਹਦਾਰੀ ਚੁੰਗੀ ਵਾਲੇ ਨੂੰ ਦੇ ਆਵਾਂ। ਰੇਹੜੀ ਤੋਰੀਂ ਨਾ।" ਮੈਂ ਬਲਦਾਂ ਦੇ ਰੱਸੇ ਖਿੱਚ ਕੇ ਰੇਹੜੀ 'ਤੇ ਖੜ੍ਹਾ ਰਿਹਾ। ਬਲਦ ਥੱਕੇ ਹੋਏ ਸਨ। ਅੱਕਣਕਾਨ ਹੋਏ ਉਹ ਤੁਰਨ ਲਈ ਕਾਹਲੇ ਸਨ। ਉਹ ਤੁਰਨ ਲਈ ਪੈਰ ਪੁੱਟਦੇ ਅਤੇ ਮੈਂ ਉਨ੍ਹਾਂ ਦੇ ਰੱਸੇ ਹੋਰ ਜ਼ੋਰ ਨਾਲ ਖਿੱਚਦਾ। ਇਸ ਖਿੱਚੋਤਾਣ ਵਿਚ ਬਲਦ ਤੁਰ ਪਏ। ਉਨ੍ਹਾਂ ਨੇ ਰੱਸੇ ਖਿੱਚਣ ਦੀ ਵੀ ਪਰਵਾਹ ਨਾ ਕੀਤੀ। ਉਹ ਤੁਰਦੇ-ਤੁਰਦੇ ਕਾਫ਼ੀ ਤੇਜ਼ ਹੋ ਗਏ। ਮੈਂ ਰੱਸੇ ਜ਼ਿਆਦਾ ਜ਼ੋਰ ਨਾਲ ਖਿੱਚਦਾ ਰਿਹਾ। ਬਲਦ ਰੁਕਣ ਦੀ ਬਜਾਏ ਹੋਰ ਤੇਜ਼ ਹੁੰਦੇ ਗਏ। ਮੈਂ ਘਬਰਾ ਗਿਆ। ਪਿਛਾਂਹ ਮੁੜ ਕੇ ਚੁੰਗੀ ਵੱਲ ਵੇਖਿਆ। ਚਾਚਾ ਅਜੇ ਚੁੰਗੀ 'ਚੋਂ ਬਾਹਰ ਨਹੀਂ ਸੀ ਆਇਆ। ਚੁੰਗੀ ਦੇ ਨੇੜੇ ਹੀ ਉਸ ਸੜਕ 'ਤੇ ਅੱਗੇ ਹਦੀਆਬਾਦ ਦਾ ਇਕ ਮੁਹੱਲਾ ਹਾਕੂਪੁਰਾ ਹੈ।

ਹਾਕੂਪੁਰੇ ਦੇ ਸਹਮਣੇ ਸੜਕ ਦੇ ਨਾਲ ਇਕ ਬਹੁਤ ਵਿਰਾਟ ਤੇ ਪੰਦਰਾਂ-ਵੀਹ ਫੁੱਟ ਡੂੰਘੀ ਢਾਬ ਸੀ, ਜੋ ਅੱਜ ਵੀ ਮੌਜੂਦ ਹੈ। ਸੜਕ ਦੇ ਕੰਢੇ ਛੇ ਕੁ ਫੁੱਟ ਢਾਬ ਵੱਲ ਤਿੰਨ ਟਾਹਲੀ ਦੇ ਦਰਖ਼ਤ ਲੱਗੇ ਹੋਏ ਸਨ। ਜਿਨ੍ਹਾਂ ਦੀ ਆਪਸੀ ਦੂਰੀ ਪੰਜ-ਪੰਜ ਫੁੱਟ ਹੋਵੇਗੀ। ਉਹ ਟਾਹਲੀਆਂ ਬਹੁਤੀਆਂ ਵੱਡੀਆਂ ਨਹੀਂ ਸਨ। ਦਰਮਿਆਨੇ ਆਕਾਰ ਵਾਲੀਆਂ ਸਨ। ਬਲਦ ਰੇਹੜੀ ਖਿੱਚਦੇ ਉੱਥੇ ਤਕ ਪੁੱਜ ਗਏ। ਮੈਂ ਰੱਸਾ ਖਿੱਚ -ਖਿੱਚ ਹੰਭ ਗਿਆ। ਮੈਥੋਂ ਸ਼ਾਇਦ ਸੱਜੇ ਪਾਸੇ ਵਾਲੇ ਬਲਦ ਦਾ ਰੱਸਾ ਢਿੱਲਾ ਹੋ ਗਿਆ ਹੋਵੇਗਾ ਤੇ ਖੱਬੇ ਪਾਸੇ ਵਾਲੇ ਬਲਦ ਦਾ ਰੱਸਾ ਕੱਸਿਆ ਗਿਆ ਹੋਵੇਗਾ। ਮੈਂ ਪਿੱਛੇ ਦੇਖਿਆ ਤਾਂ ਚਾਚਾ ਤੇਜ਼-ਤੇਜ਼ ਰੇਹੜੀ ਵੱਲ ਆ ਰਿਹਾ ਸੀ। ਉਹ ਮੈਨੂੰ ਬਲਦ ਰੋਕਣ ਲਈ ਆਵਾਜ਼ਾਂ ਮਾਰ ਰਿਹਾ ਸੀ।ਖੱਬੇ ਪਾਸੇ ਵਾਲਾ ਬਲਦ ਤਾਕਤਵਰ ਸੀ। ਇਸ ਲਈ ਉਹ ਦੂਜੇ ਬਲਦ ਨੂੰ ਸੱਜੇ ਪਾਸੇ ਵੱਲ ਨੂੰ ਧੱਕੀ ਜਾ ਰਿਹਾ ਸੀ। ਸੱਜੇ ਪਾਸੇ ਵੀਹ ਫੁੱਟ ਡੂੰਘੀ ਢਾਬ ਸੀ। ਹੁਣ ਰੇਹੜੀ ਸੜਕ ਦੇ ਸੱਜੇ ਪਾਸੇ ਵੱਲ ਢਾਬ ਲਾਗੇ ਪਹੁੰਚ ਗਈ।

ਜਦ ਨੂੰ ਚਾਚਾ ਮੇਰੇ ਕੋਲ ਪੁੱਜਾ, ਰੇਹੜੀ ਸੜਕ ਤੋਂ ਉਤਰ ਕੇ ਢਲਾਣ ਵੱਲ ਚਲੀ ਗਈ। ਪਰ ਖੱਬੇ ਪਾਸੇ ਵਾਲਾ ਬਲਦ ਅਜੇ ਵੀ ਜ਼ੋਰ ਲਾਈ ਜਾ ਰਿਹਾ ਸੀ। ਰੇਹੜੀ ਦਾ ਸੰਤੁਲਨ ਵਿਗੜ ਗਿਆ। ਜਿਉਂ ਹੀ ਉਹ ਢਲਾਨ 'ਤੇ ਗਈ, ਇਕਦਮ ਢਾਬ ਵੱਲ ਨੂੰ ਟੇਢੀ ਹੋ ਗਈ। ਮੇਰੀਆਂ ਅੱਖਾਂ ਅੱਗੇ ਹਨ੍ਹੇਰਾ ਪਸਰ ਗਿਆ। ਮੇਰੀ ਘਬਰਾਹਟ ਵੱਧ ਗਈ ਸੀ। ਮੈਂ ਰੇਹੜੀ 'ਤੇ ਖੜ੍ਹਾ ਸਾਂ। ਰੇਹੜੀ ਟੇਢੀ ਹੋ ਕੇ ਟਾਹਲੀਆਂ ਦੇ ਨਾਲ ਇਸ ਤਰ੍ਹਾਂ ਜਾ ਲੱਗੀ ਜਿਵੇਂ ਕੋਈ ਬੱਚਾ ਰੋਂਦਾ-ਰੋਂਦਾ ਆਪਣੀ ਮਾਂ ਦੇ ਮੋਢੇ ਨਾਲ ਜਾ ਲੱਗਦਾ ਹੈ। ਟਾਹਲੀਆਂ ਨੇ ਰੇਹੜੀ ਨੂੰ ਢਾਬ ਵਿਚ ਡਿੱਗਣ ਤੋਂ ਬਚਾਇਆ ਹੋਇਆ ਸੀ। ਜੇ ਟਾਹਲੀਆਂ ਨਾ ਹੁੰਦੀਆਂ ਤਾਂ ਮੇਰੇ ਸਮੇਤ ਰੇਹੜੀ ਨੇ ਵੀਹ ਫੁੱਟ ਥੱਲੇ ਦੋ-ਤਿੰਨ ਪਲਟੀਆਂ ਖਾ ਲੈਣੀਆਂ ਸਨ। ਰੇਹੜੀ ਟੇਢੀ ਹੋਣ ਕਰ ਕੇ ਖੱਬੇ ਪਾਸੇ ਵਾਲੇ ਬਲਦ ਦੇ ਪੈਰ 'ਤੇ ਉੱਠ ਗਏ ਅਤੇ ਉਸ ਦਾ ਗਲਾ ਘੁੱਟਣ ਲੱਗਾ। ਮੈਂ ਘਬਰਾਹਟ ਵਿਚ ਫੁਰਤੀ ਨਾਲ ਰੇਹੜੀ ਤੋਂ ਛਾਲ ਮਾਰੀ ਅਤੇ ਬਲਦ ਦੇ ਗਲ ਦੁਆਲੇ ਕੱਸੀ ਜੋਤ ਪੂਰਾ ਜ਼ੋਰ ਲਗਾ ਕੇ ਜੁੰਗਲ਼ੇ ਨਾਲੋਂ ਖੋਲ੍ਹ ਦਿੱਤੀ। ਬਲਦ ਦੇ ਪੈਰ ਧਰਤੀ ਨਾਲ ਲੱਗ ਗਏ ਅਤੇ ਉਸ ਨੇ ਪਿੰਡ ਵੱਲ ਜਾਣ ਲਈ ਜ਼ੋਰ ਲਾਇਆ। ਦੂਜਾ ਬਲਦ ਰੇਹੜੀ ਨੂੰ ਜੁੜਿਆ ਖੜ੍ਹਾ ਸੀ। ਮੈਂ ਕੰਬ ਰਿਹਾ ਸੀ। ਚਾਚਾ ਵੀ ਪਹੁੰਚ ਗਿਆ ਸੀ। ਉਥੋਂ ਲੰਘਦੇ ਪੈਦਲ ਤੇ ਸਾਈਕਲਾਂ ਵਾਲੇ ਸਾਰੇ ਲੋਕੀਂ ਰੁਕ ਗਏ। ਉਨ੍ਹਾਂ ਹੱਥ ਜੋੜ ਲਏ। ਇਹ ਦ੍ਰਿਸ਼ ਦੇਖ ਕੇ ਸਾਰੇ ਤ੍ਰਾਹ -ਤ੍ਰਾਹ ਕਰ ਰਹੇ ਸਨ।

"ਮੁੰਡੇ ਤੇ ਬੇਜ਼ੁਬਾਨਾਂ ਨੂੰ ਰੱਬ ਨੇ ਹੱਥ ਦੇ ਕੇ ਰੱਖ ਲਿਆ। ਪੰਦਰਾਂ-ਵੀਹ ਫੁੱਟ ਡੂੰਘੀ ਢਾਬ ਵਿਚ ਜੇ ਰੇਹੜੀ ਰੁੜ੍ਹ ਜਾਂਦੀ ਤਾਂ ਕਈ ਪਲਟੀਆਂ ਖਾ ਜਾਣੀਆਂ ਸਨ। ਬਚਣ ਦਾ ਕੋਈ ਲੱਲ ਨਹੀਂ ਸੀ।""ਸਹੁਰਿਆ, ਮੈਂ ਤੈਨੂੰ ਹਾਕਾਂ ਮਾਰੀ ਜਾਂਦਾ ਸੀ ਪਈ ਰੋਕ ਲਾ।" ਚਾਚਾ ਘਬਰਾਇਆ ਹੋਇਆ ਗੁੱਸੇ ਵਿਚ ਬੋਲਿਆ। ਮੈਂ ਚਾਚੇ ਨੂੰ ਕਿੱਦਾਂ ਦੱਸਦਾ ਕਿ ਬਲਦ ਤਾਂ ਆਪ-ਮੁਹਾਰੇ ਹੋਏ ਪਏ ਸਨ। ਰੱਸਾ ਖਿੱਚਦਿਆਂ-ਖਿੱਚਦਿਆਂ ਵੀ ਮੇਰੇ ਹੱਥਾਂ 'ਤੇ ਚੀਂਗਾ ਪੈ ਗਈਆਂ ਸਨ। ਮੈਂ ਕੰਢੇ 'ਤੇ ਖੜ੍ਹਾ ਕੰਬ ਤੇ ਡਰ ਰਿਹਾ ਸਾਂ। ਦੇਖਦਿਆਂ-ਦੇਖਦਿਆਂ ਲੋਕਾਂ ਦਾ ਮੇਲਾ ਲੱਗ ਗਿਆ ਸੀ। ਇਕ ਬੰਦਾ ਮੇਰੇ ਕੋਲ ਆਇਆ, "ਕਾਕਾ, ਤੈਨੂੰ ਇਨ੍ਹਾਂ ਟਾਹਲੀ ਦੇ ਦਰਖ਼ਤਾਂ ਨੇ ਬਚਾਅ ਲਿਆ।" ਉਸ ਬੰਦੇ ਤੋਂ ਅਗਾਂਹ ਨਾ ਬੋਲਿਆ ਗਿਆ। ਮੈਂ ਨੀਝ ਨਾਲ ਉਨ੍ਹਾਂ ਦਰਖ਼ਤਾਂ ਵੱਲ ਵੇਖਿਆ। ਮੈਨੂੰ ਉਹ ਆਪਣੀ ਮਾਂ ਵਰਗੇ ਜਾਪੇ। ਸਾਰਿਆਂ ਨੇ ਰਲ਼ ਕੇ ਆਹਿਸਤਾ -ਆਹਿਸਤਾ ਰੇਹੜੀ ਨੂੰ ਸੜਕ ਵੱਲ ਖਿੱਚਿਆ। ਸਿੱਧੀ ਕੀਤੀ ਤੇ ਸੜਕ 'ਤੇ ਲੈ ਆਂਦੀ। ਅੱਜ ਉਹ ਟਾਹਲੀ ਦੇ ਦਰਖ਼ਤ ਨਹੀਂ ਹਨ। ਸੜਕ ਚੌੜੀ ਕਰਨ ਸਮੇਂ ਵੱਢ ਦਿੱਤੇ ਗਏ ਸਨ। ਢਾਬ ਮੌਜੂਦ ਹੈ ਪਰ ਮੇਰੇ ਜ਼ਿਹਨ ਵਿਚ ਉਨ੍ਹਾਂ ਟਾਹਲੀਆਂ ਦਾ ਅਕਸ ਅੱਜ ਵੀ ਖੁਣਿਆ ਪਿਆ ਹੈ। ਜੇ ਉਹ ਟਾਹਲੀ ਦੇ ਦਰੱਖ਼ਤ ਨਾ ਹੁੰਦੇ ਤਾਂ ਸ਼ਾਇਦ ਮੈਂ ਅੱਜ ਇਸ ਸੰਸਾਰ 'ਤੇ ਨਾ ਹੁੰਦਾ ਜਾਂ ਅਪੰਗ ਬਣ ਕੇ ਆਪਣੀ ਦੇਹ ਨੂੰ ਧੂੰਹਦਾ ਜੀਵਨ ਪੂਰਾ ਕਰਦਾ।

## ਕੁਝ ਦੇਸ਼ਾਂ ਨੇ ਭਾਰਤੀਆਂ ਦੀ ਐਂਟਰੀ 'ਤੇ ਰੋਕ ਨਹੀ ਹਟਾਈ- ਪੁਰੀ



**ਨਵੀਂ ਦਿੱਲੀ–** ਕੇਂਦਰੀ ਹਵਾਬਾਜ਼ੀ ਮੰਤਰੀ ਹਰਦੀਪ ਪੁਰੀ ਨੇ ਮੰਗਲਵਾਰ ਨੂੰ ਕਿਹਾ ਕਿ ਕੁਝ ਦੇਸ਼ਾਂ ਨੇ ਹੁਣ ਤਕ ਭਾਰਤੀਆਂ ਦੀ ਐਂਟਰੀ 'ਤੇ ਲੱਗ ਪਾਬੰਦੀ ਨਹੀਂ ਹਟਾਈ। ਕੇਂਦਰ ਸਰਕਾਰ ਇਨ੍ਹਾਂ ਦੇਸ਼ਾਂ ਵੱਲੋਂ ਰੋਕ ਹਟਾਏ ਜਾਣ ਤੋਂ ਬਾਅਦ ਉਡਾਣਾਂ ਨੂੰ ਸ਼ੁਰੂ ਕਰ ਲਈ ਤਿਆਰ ਹੈ। ਅਜਿਹੇ ਦੇਸ਼ਾਂ 'ਚ ਸਾਊਦੀ ਅਰਬ ਵੀ ਸ਼ਾਮਲ ਹੈ ਜਿਸ ਨੇ ਕੋਰੋਨਾ ਵਾਇਰਸ ਦੇ ਮੱਦੇਨਜ਼ਰ ਏਅਰਲਾਈਨ ਕੰਪਨੀਆਂ ਨੂੰ ਭਾਰਤ ਤੋਂ ਯਾਤਰੀਆਂ ਨੂੰ ਲਿਆਉਣ ਦੀ ਇਜਾਜ਼ਤ ਨਹੀਂ ਦਿੱਤੀ। ਪੁਰੀ ਨੇ ਟਵੀਟ ਕੀਤਾ ਕਿ ਅਸੀਂ ਛੇ ਮਈ 2020 ਤੋਂ ਵੰਦੇਭਾਰਤ ਮਿਸ਼ਨ ਤਹਿਤ ਕੌਮਾਂਤਰੀ ਉਡਾਣਾਂ ਦਾ ਸੰਚਾਲਨ ਕਰ ਰਹੇ ਹਾਂ। ਹਾਲਾਂਕਿ ਖਾੜੀ ਖੇਤਰ ਦੇ ਕੁਝ ਦੇਸ਼ਾਂ ਸਮੇਤ ਕੁਝ ਹੋਰਾਂ ਨੇ ਹੁਣ ਤਕ ਭਾਰਤੀਆਂ ਦੀ ਐਂਟਰੀ 'ਤੇ ਲੱਗੀ ਰੋਕ ਨਹੀਂ ਹਟਾਈ। ਉਨ੍ਹਾਂ ਕਿਹਾ ਜਦੋਂ ਵੀ ਇਹ ਦੇਸ਼ ਪਾਬੰਦੀ ਹਟਾਉਣਗੇ, ਅਸੀਂ ਇਨ੍ਹਾਂ ਦੇਸ਼ਾਂ ਲਈ ਉਡਾਣ ਸ਼ੁਰੂ ਕਰਨ ਲਈ ਤਿਆਰ ਹਾਂ। ਕਾਬਿਲੇਗੌਰ ਹੈ ਕਿ 22 ਅਕਤੂਬਰ ਨੂੰ ਮੰਤਰੀ ਨੇ ਕਿਹਾ ਸੀ ਕਿ ਕੇਰਲ ਤੇ ਬਹਿਰੀਨ ਵਿਚਾਲੇ ਚਲਾਈਆਂ ਜਾ ਰਹੀਆਂ ਵਿਸ਼ੇਸ਼ ਉਡਾਣਾਂ 'ਚ ਔਸਤ ਕਿਰਾਇਆ 30,000 ਤੋਂ 39,000 ਵਿਚਾਲੇ ਹੈ ਕਿਉਂਕਿ ਖਾੜੀ ਦੇਸ਼ ਪ੍ਰਤੀ ਹਫ਼ਤਾ ਸਿਰਫ 750 ਯਾਤਰੀਆਂ ਨੂੰ ਹੀ ਭਾਰਤ ਤੋਂ ਆਉਣ ਦੀ ਇਜਾਜ਼ਤ ਦੇ ਰਿਹਾ ਹੈ। ਭਾਰਤ 'ਚ 23 ਮਾਰਚ ਤੋਂ ਹੀ ਕੋਰੋਨਾ ਵਾਇਰਸ ਕਾਰਨ ਨਿਯਮਤ ਕੌਮਾਂਤਰੀ ਹਵਾਈ ਸੇਵਾਵਾਂ ਰੱਦ ਹਨ।


FAIRWAY AUTO CENTER

ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖਸ਼ ਤੇ ਤਜਰਬੇਕਾਰ

ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ



Gurdial Aujla

ਸੋਮਵਾਰ ਤੋਂ ਸ਼ਨਿਚਰਵਾਰ ਤੱਕ-ਸਵੇਰੇ 8 ਵਜੇ ਤੋਂ 6 ਵਜੇ ਤੱਕ



Darshan Aujla
510-750-6116

1421 Industrial Parkway West #C
Hayward, CA 94644

510-538-2983

Email:-
fairwayautocenter@hotmail.com



R.PAL SINGH TAX PROFESSIONAL

ENROLLED AGENT

BOOKKEEPING ACCOUNTS PAYROLLS

TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!

IRS e-file

E.A.

CTEC California Tax Education Council Registered Tax Preparer

Open 7 Days
Weekends/Evenings
(Year Round Service)
Resonalbe Rates
Call for Appointment



CALL: R. PAL. SINGH EA- 510-750-3464

EA 00097224, CRTP A44237 Realtor#148514,

Insurance Life- Only Agent #0G76896

39159 Paseo Padre Pkwy # 103, Fremont, CA 94538

Email:singhrpal@sbeglobal.net Singhtax.com

# ਗ਼ਦਰ ਪਾਰਟੀ, ਅਤੀਤ ਤੇ ਸਮਕਾਲ


ਸਵਰਾਜਬੀਰ

ਪਿਛਲੀ ਸਦੀ ਦੇ ਸ਼ੁਰੂ ਵਿਚ ਹੀ ਪੰਜਾਬੀਆਂ ਨੇ ਵੱਡੀ ਗਿਣਤੀ ਵਿਚ ਪਰਵਾਸ ਕਰਨਾ ਸ਼ੁਰੂ ਕਰ ਦਿੱਤਾ ਸੀ। ਪਰਵਾਸ ਕਰਨ ਦਾ ਸਫ਼ਰ ਮਨੁੱਖਤਾ ਦੇ ਸਫ਼ਰ ਦੇ ਨਾਲੋ-ਨਾਲ ਚੱਲਦਾ ਰਿਹਾ ਹੈ। ਸਦੀਆਂ ਤੋਂ ਪੰਜਾਬ ਬੁਨਿਆਦੀ ਤੌਰ 'ਤੇ ਅਜਿਹਾ ਖ਼ਿੱਤਾ ਹੈ ਜਿੱਥੇ ਵੱਡੀ ਗਿਣਤੀ ਵਿਚ ਲੋਕ ਬਾਹਰ ਤੋਂ ਆ ਕੇ ਇੱਥੇ ਵੱਸੇ। ਇਸ ਦਾ ਕਾਰਨ ਇੱਥੋਂ ਦੀ ਜ਼ਰਖੇਜ਼ ਜ਼ਮੀਨ ਅਤੇ ਇੱਥੇ ਹੋ ਰਿਹਾ ਵਿਕਾਸ ਸੀ। ਪੰਜ ਹਜ਼ਾਰ ਸਾਲ ਪਹਿਲਾਂ ਵੀ ਇੱਥੇ ਨਗਰ-ਗਰਾਂ ਵੱਸ ਚੁੱਕੇ ਸਨ ਜਿਸ ਨੂੰ ਰਵਾਇਤੀ ਤੌਰ 'ਤੇ ਮਹਿੰਜੋਦੜੋ ਅਤੇ ਹੜੱਪਾ ਦੀਆਂ ਸੱਭਿਆਤਾਵਾਂ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਉਸ ਤੋਂ ਬਾਅਦ ਕਈ ਨਸਲਾਂ, ਜਾਤਾਂ, ਧਰਮਾਂ, ਫ਼ਿਰਕਿਆਂ, ਕਬੀਲਿਆਂ ਦੇ ਲੋਕ ਇੱਥੇ ਆਏ ਅਤੇ ਆਪਣੇ ਵਖਰੇਵਿਆਂ ਦੇ ਬਾਵਜੂਦ ਇੱਥੇ ਵੱਸਦੇ ਵੀ ਗਏ ਅਤੇ ਨਵੀਆਂ ਸਾਂਝਾਂ ਵੀ ਬਣਾਉਂਦੇ ਰਹੇ। ਇੱਥੋਂ ਦੇ ਪਿੰਡਾਂ, ਨਗਰਾਂ ਅਤੇ ਸ਼ਹਿਰਾਂ ਦੇ ਵਿਕਸਿਤ ਹੋਣ ਅਤੇ ਆਪਣੀ ਭੂਗੋਲਿਕ ਸਥਿਤੀ ਕਾਰਨ ਇਸ ਧਰਤੀ ਨੂੰ ਹਮਲਾਵਰਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ। ਇਨ੍ਹਾਂ ਹਮਲਾਵਰਾਂ 'ਚੋਂ ਵੀ ਕਈ ਇੱਥੇ ਵੱਸ ਜਾਂਦੇ ਤੇ ਕਈ ਲੁੱਟ-ਖਸੁੱਟ ਕਰਕੇ ਵਾਪਸ ਚਲੇ ਜਾਂਦੇ ਰਹੇ। ਇੱਥੇ ਵੱਸੇ ਅਤੇ ਪੰਜਾਬੀ ਬਣੇ ਲੋਕ ਵੀ ਪੂਰਬ ਵੱਲ ਪਰਵਾਸ ਕਰਦੇ ਰਹੇ। ਉਦਾਹਰਨ ਦੇ ਤੌਰ 'ਤੇ ਮੁਕਤਸਰ ਦੇ ਇਲਾਕੇ ਤੋਂ ਉੱਠ ਕੇ ਗਏ ਪੰਜਾਬੀਆਂ ਦੀ ਛੇਵੀਂ ਪੀੜ੍ਹੀ ਵਿਚ ਰਾਜਾ ਰਾਮ ਮੋਹਨ ਰਾਏ ਦਾ ਜਨਮ ਹੋਇਆ ਜਿਹੜਾ 19ਵੀਂ ਸਦੀ ਵਿਚ ਬੰਗਾਲ ਦੀ ਆਧੁਨਿਕ ਪੁਨਰ-ਜਾਗ੍ਰਿਤੀ ਲਹਿਰ ਦਾ ਆਗੂ ਬਣਿਆ। ਇਸ ਤਰ੍ਹਾਂ ਮਨੁੱਖ ਆਪਣੀ ਏਕਤਾ ਵਿਚ ਜਿਊਂਦਾ ਹੈ, ਆਉਣ-ਜਾਣ ਵਿਚ, ਆਪਣੀ ਜਨਮ-ਭੋਇੰ ਨੂੰ ਛੱਡਣ ਤੇ ਨਵੇਂ ਇਲਾਕਿਆਂ ਵਿਚ ਜਾ ਵੱਸਣ ਵਿਚ।

ਪਿਛਲੀ ਸਦੀ ਵਿਚ ਸ਼ੁਰੂ ਹੋਏ ਪਰਵਾਸ ਦੇ ਬੁਨਿਆਦੀ ਕਾਰਨ ਸਿਆਸੀ ਤੇ ਆਰਥਿਕ ਸਨ। ਅੰਗਰੇਜ਼ਾਂ ਨੇ 1849 ਵਿਚ ਪੰਜਾਬ 'ਤੇ ਕਬਜ਼ਾ ਕਰ ਲਿਆ। ਭਾਵੇਂ ਸਾਨੂੰ ਅੰਗਰੇਜ਼ਾਂ ਦੁਆਰਾ ਲਿਆਂਦੀ ਗਈ ਆਧੁਨਿਕਤਾ, ਰੇਲਵੇ ਲਾਈਨਾਂ, ਨਹਿਰੀ ਕਾਲੋਨੀਆਂ ਆਦਿ ਦੀਆਂ ਬਾਤਾਂ ਸੁਣਾਈਆਂ ਜਾਂਦੀਆਂ ਹਨ ਪਰ ਉੱਘੇ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਨੇ 19ਵੀਂ ਸਦੀ ਦੇ ਅੰਤਲੇ ਵਰ੍ਹਿਆਂ ਦੌਰਾਨ ਪਿੰਡਾਂ ਦੇ ਹਾਲਾਤ ਕੁਝ ਏਦਾਂ ਬਿਆਨ ਕੀਤੇ ਹਨ, ''ਸਾਡੇ ਗਰਾਂ ਵਿਚ ਸਵੇਰ ਨੂੰ ਕਦੀ ਕੋਈ ਅਮੀਰ ਹੀ ਕਿਸੇ ਪ੍ਰਾਹੁਣੇ ਦੇ ਆਉਣ ਉੱਤੇ ਭਾਜੀ ਬਣਾਉਂਦਾ ਸੀ। ਰਾਤ ਦੀ ਦਾਲ ਗਰਮੀਆਂ ਵਿਚ ਸਵੇਰ ਤਕ ਖ਼ਰਾਬ ਹੋ ਜਾਂਦੀ ਹੈ। ਬਹੁਤ ਲੋਕੀਂ ਗੰਢੇ, ਆਚਾਰ ਜਾਂ ਲੂਣ ਮਿਰਚ ਨਾਲ, ਜਾਂ ਉੱਕੀ ਹੀ ਰੁੱਖੀ ਰੋਟੀ ਖਾਂਦੇ ਸਨ। ਲੱਸੀ ਕਿਸੇ ਕਿਸੇ ਦੇ ਘਰ ਹੁੰਦੀ ਸੀ ਤੇ ਉਸ ਦੇ ਲਿਹਾਜ਼ ਵਾਲਿਆਂ ਨੂੰ ਹੀ ਮਿਲਦੀ ਸੀ। ਬਹੁਤ ਲੋਕਾਂ ਨੂੰ ਲੱਸੀ ਨਸੀਬ ਨਹੀਂ ਹੁੰਦੀ ਸੀ, ਜੋ ਇਕ ਨਿਆਮਤ ਸਮਝੀ ਜਾਂਦੀ ਸੀ।''

20ਵੀਂ ਸਦੀ ਦੇ ਸ਼ੁਰੂ ਵਿਚ ਇਸੇ ਕਹਾਣੀ ਨੂੰ ਅੱਗੇ ਵਧਾਉਂਦਿਆਂ ਬਾਬਾ ਸੋਹਨ ਸਿੰਘ ਭਕਨਾ ''ਮੇਰੀ ਆਪ-ਬੀਤੀ'' ਵਿਚ ਇਉਂ ਲਿਖਦੇ ਹਨ, ''ਵੀਹਵੀਂ ਸਦੀ ਦੇ ਸ਼ੁਰੂ ਤਕ, ਸਗੋਂ ਇਸ ਤੋਂ ਵੀ ਪਹਿਲਾਂ, ਪੰਜਾਬੀ ਕਿਸਾਨ ਦੀ ਆਰਥਿਕ ਹਾਲਤ ਮਾਲੀਏ ਤੇ ਕਰਜ਼ੇ ਕਰਕੇ ਨਿਹਾਇਤ ਖ਼ਰਾਬ ਹੋ ਚੁੱਕੀ ਸੀ। ਵਾਹਕ ਜ਼ਮੀਨ, ਜਿਸ 'ਤੇ ਉਹਦੀ ਜ਼ਿੰਦਗੀ ਦਾ ਦਾਰੋਮਦਾਰ ਸੀ, ਬਹੁਤੀ ਮਲਕੀਅਤ ਸ਼ਾਹੂਕਾਰਾਂ ਤੇ ਵੱਡੇ ਜ਼ਿਮੀਂਦਾਰਾਂ ਦੇ ਹੱਥ ਜਾ ਚੁੱਕੀ ਸੀ। ਰੋਟੀ ਰੋਜ਼ੀ ਮਹਿਦੂਦ ਹੋ ਚੁੱਕੇ ਸਨ। ਹੁਣ ਇਹੀ ਹੋ ਸਕਦਾ ਸੀ ਕਿ ਕਿਸਾਨ ਅਪਣਾ ਤੇ ਅਪਣੇ ਬਾਲ-ਬੱਚਿਆਂ ਦਾ ਪੇਟ ਪਾਲਣ ਲਈ ਗ਼ੈਰਮੁਲਕਾਂ ਦੇ ਦਰਵਾਜ਼ੇ ਖੜਕਾਵੇ। ਉਨ੍ਹੀਂ ਦਿਨੀਂ ਹਾਲੇ ਪਾਸਪੋਰਟ ਦਾ ਕਾਨੂੰਨ ਲਾਗੂ ਨਹੀਂ ਹੋਇਆ ਸੀ। ਇਸ ਲਈ ਪੰਜਾਬੀ ਮਾਲਿਕ ਕਿਸਾਨ ਕਰਜ਼ਾ ਚੁੱਕ ਕੇ ਜਾਂ ਜ਼ਮੀਨ ਗਹਿਣੇ ਰੱਖ ਕੇ ਭਾੜਾ ਕੱਠਾ ਕਰਕੇ ਮਲਾਇਆ ਚੀਨ ਆਸਟਰੇਲੀਆ ਵਗ਼ੈਰਾ ਖੁੱਲ-ਮ-ਖੁੱਲਾ ਜਾਣ ਲੱਗ ਪਏ। ਸੈਂਕੜੇ ਨਹੀਂ ਸਗੋਂ ਹਜ਼ਾਰਾਂ ਦੀ ਤਾਦਾਦ ਵਿਚ ਇਹ ਲੋਕ ਪਹਿਲਾਂ ਪਹਿਲ ਸ਼ੰਘਾਈ, ਹਾਂਕਕਾਂਕ, ਮਲਾਇਆ ਵਗ਼ੈਰਾ 'ਚ ਅੰਗਰੇਜ਼ੀ ਪੁਲਿਸ ਵਿਚ ਜਾਂ ਤਾਂ ਭਰਤੀ ਹੋ ਕੇ ਗਏ ਜਾਂ ਮਲਾਈ ਤੇ ਚੀਨੀ ਸੇਠਾਂ ਦੇ ਚੌਕੀਦਾਰ ਬਣੇ।''

ਸੋਹਨ ਸਿੰਘ ਭਕਨਾ ਲਿਖਦੇ ਹਨ ਕਿ ਇਨ੍ਹਾਂ ਦੇਸ਼ਾਂ ਵਿਚ ਹੀ ਪੰਜਾਬੀਆਂ ਨੂੰ ਅਮਰੀਕਾ ਤੇ ਕੈਨੇਡਾ ਬਾਰੇ ਪਤਾ ਲੱਗਾ। ਭਕਨਾ ਜੀ ਅਨੁਸਾਰ ਕੈਨੇਡਾ ਅਮਰੀਕਾ ਵਿਚ ਦਿਹਾੜੀ, ''ਛੇ ਤੋਂ ਨੌਂ ਦਸ ਰੁਪਏ ਰੋਜ਼ਾਨਾ ਸੀ। ਇਹਨੂੰ



ਇਹ ਲੋਕ ਕਾਫ਼ੀ ਤੋਂ ਵਧ ਸਮਝਦੇ ਸਨ, ਕਿਉਂਕਿ ਉਸ ਵੇਲੇ ਪੰਜਾਬ ਵਿਚ ਛੇ ਤੇ ਅੱਠ ਆਨਿਆਂ ਤੋਂ ਵਧ ਮਜ਼ਦੂਰੀ ਨਾ ਸੀ। ਸਗੋਂ ਕਿਸਾਨ ਨੂੰ ਤਾਂ ਡੇਢ ਦੋ ਆਨੇ ਦਿਹਾੜੀ ਤੋਂ ਵਧ ਮਜ਼ਦੂਰੀ ਨਹੀਂ ਮਿਲਦੀ ਸੀ। ਇਸ ਲਈ ਹਾਂਕਕਾਂਕ ਤੇ ਸ਼ੰਘਾਈ ਵਿਚ ਰਹਿਣ ਵਾਲੇ ਪੰਜਾਬੀਆਂ ਵਿਚੋਂ ਕੁਝ ਹਿੰਮਤੀ ਅਮਰੀਕਾ ਤੇ ਕਨੇਡੇ ਜਾ ਪਹੁੰਚੇ।''

ਅਮਰੀਕਾ ਤੇ ਕੈਨੇਡਾ ਵਿਚ ਉਨ੍ਹਾਂ ਦਿਨਾਂ ਵਿਚ ਪਹੁੰਚੇ ਪੰਜਾਬੀ ਕਿਸਾਨਾਂ ਦੇ ਸ਼ੁਰੂਆਤੀ ਹਾਲਾਤ ਬਾਬਾ ਸੋਹਨ ਸਿੰਘ ਭਕਨਾ ਨੇ ਇਸ ਤਰ੍ਹਾਂ ਬਿਆਨ ਕੀਤੇ ਹਨ : ''ਪੰਜਾਬੀ ਕਿਸਾਨ ਅਕਸਰ ਜਿਸਮ ਦਾ ਮਜ਼ਬੂਤ ਹੁੰਦਾ ਹੈ। ਜਦ ਇਨ੍ਹਾਂ ਜਣਿਆਂ ਨੂੰ ਲੋਹੇ ਤੇ ਲਕੜੀ ਦੇ ਕਾਰਖ਼ਾਨਿਆਂ ਵਿਚ ਕੰਮ 'ਤੇ ਲਾਇਆ ਗਿਆ, ਤਾਂ ਇਹ ਕਾਰਖ਼ਾਨਾਦਾਰਾਂ ਨੂੰ ਮੁਫ਼ੀਦ ਸਾਬਿਤ ਹੋਏ। ਹੁਣ ਕਾਰਖ਼ਾਨੇਦਾਰਾਂ ਨੇ ਇਨ੍ਹਾਂ ਦੇ ਜ਼ਰੀਏ ਸ਼ੰਘਾਈ ਤੇ ਹਾਂਕਕਾਂਕ ਤੋਂ ਵੀ ਬਹੁਤ ਸਾਰੇ ਪੰਜਾਬੀ ਮੰਗਵਾਏ। ਇਹ ਸੰਨ 1903-4 ਦਾ ਵੇਲਾ ਸੀ। ਇਨ੍ਹਾਂ ਜਾਣ ਵਾਲਿਆਂ ਵਿਚ ਬਹੁਤੇ ਦਰਮਿਆਨੇ ਪੰਜਾਬੀ ਕਿਸਾਨ ਸਨ। ਅਮਰੀਕਾ ਤੇ ਕਨੇਡਾ ਦੇ ਹਿੰਦੀ ਮਜ਼ਦੂਰਾਂ ਨੇ ਅਪਣੇ-ਅਪਣੇ ਰਿਸ਼ਤੇਦਾਰਾਂ ਤੇ ਘਰ ਵਾਲਿਆਂ ਨੂੰ ਅਮਰੀਕਾ ਦੀ ਮਜ਼ਦੂਰੀ ਬਾਬਤ ਵੀ ਵਧਾਅ ਚੜ੍ਹਾ ਕੇ ਲਿਖਿਆ... ਨਤੀਜਾ ਇਹ ਹੋਇਆ ਕਿ ਪੰਜਾਬ ਦਾ ਦੁਖੀ ਕਿਸਾਨ ਜ਼ਮੀਨ ਗਹਿਣੇ ਰੱਖ ਕੇ ਜਾਂ ਕਰਜ਼ਾ ਚੁੱਕ ਕੇ ਅਮਰੀਕਾ ਕਨੇਡਾ ਦੇ ਲੰਮੇ ਪੰਧ ਦੀ ਪਰਵਾਹ ਨਾ ਕਰਦਿਆਂ ਘਰੋਂ ਤੁਰ ਪਿਆ। ਤੇ ਸਫ਼ਰ ਦੀਆਂ ਮੁਸੀਬਤਾਂ ਝੱਲਦਾ ਕਨੇਡਾ ਤੇ ਅਮਰੀਕਾ ਜਾ ਪਹੁੰਚਾ।''

ਇਹ ਸੀ 19ਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਸ਼ੁਰੂਆਤੀ ਦਿਨਾਂ ਵਿਚ ਕਿਸਾਨੀ ਦਾ ਸੰਕਟ ਜਿਸ ਕਾਰਨ ਕਿਸਾਨ ਦੀ ਵੱਡੀ ਗਿਣਤੀ ਨੇ ਪਰਵਾਸ ਕੀਤਾ। ਹੋਰ ਵਰਗਾਂ ਦੇ ਲੋਕਾਂ ਨੇ ਵੀ ਅਮਰੀਕਾ, ਕੈਨੇਡਾ, ਆਸਟਰੇਲੀਆ, ਕੀਨੀਆ, ਯੂਗਾਂਡਾ ਅਤੇ ਹੋਰ ਦੇਸ਼ਾਂ ਵਿਚ ਜਾ ਡੇਰੇ ਲਾਏ।

ਹੁਣ ਵੀ ਪੰਜਾਬ ਵਿਚ ਕਿਸਾਨੀ ਤੇ ਹੋਰ ਖੇਤਰ ਸੰਕਟ ਵਿਚ ਹਨ ਤੇ ਪਿਛਲੇ ਕੁਝ ਵਰ੍ਹਿਆਂ ਤੋਂ ਪੰਜਾਬੀ ਵੱਡੀ ਗਿਣਤੀ ਵਿਚ ਪਰਵਾਸ ਕਰ ਰਹੇ ਹਨ। ਇਸ ਪਰਵਾਸ ਦੇ ਕਾਰਨ ਵੀ ਸਿਆਸੀ ਅਤੇ ਆਰਥਿਕ ਹਨ। ਆਜ਼ਾਦੀ ਤੋਂ ਪਹਿਲਾਂ ਕਿਸਾਨਾਂ ਅਤੇ ਹੋਰ ਵਰਗਾਂ ਨੂੰ ਬਸਤੀਵਾਦੀ ਸਰਕਾਰ, ਸ਼ਾਹੂਕਾਰਾਂ, ਰਾਜੇ-ਰਜਵਾੜਿਆਂ ਅਤੇ ਅੰਗਰੇਜ਼ਾਂ ਦੇ ਝੋਲੀਚੁੱਕਾਂ ਦਾ ਜ਼ੁਲਮ ਸਹਿਣਾ ਪੈਂਦਾ ਸੀ; ਉਨ੍ਹਾਂ ਦੀ ਆਰਥਿਕ ਲੁੱਟ ਹੁੰਦੀ ਸੀ। 1947 ਦੀ ਪੰਜਾਬ ਦੀ ਵੰਡ ਦੇ ਵੱਡੇ ਦੁਖਾਂਤ ਦੇ ਬਾਵਜੂਦ ਪੰਜਾਬੀਆਂ ਨੇ ਆਪਣੇ ਆਪ ਨੂੰ ਫਿਰ ਗੰਢਿਆ ਅਤੇ ਕੁਝ ਖ਼ੁਸ਼ਹਾਲੀ ਵਾਲਾ ਸਮਾਂ ਦੇਖਿਆ ਪਰ 1980ਵਿਆਂ ਤੋਂ ਪੰਜਾਬ ਅੱਤਵਾਦ ਦਾ ਸ਼ਿਕਾਰ ਹੋਇਆ ਅਤੇ ਬਾਅਦ ਵਿਚ ਨਸ਼ਿਆਂ ਦੀ ਦਲਦਲ ਵਿਚ ਫਸ ਗਿਆ। ਇਸ ਵੇਲੇ ਪੰਜਾਬ ਦਾ ਕਿਸਾਨ ਫਿਰ ਓਦਾਂ ਹੀ ਕਰਜ਼ੇ ਹੇਠ ਦਬਿਆ ਹੋਇਆ ਹੈ ਜਿਵੇਂ ਪਿਛਲੀ ਸਦੀ ਦੇ ਸ਼ੁਰੂ ਦੇ ਦਹਾਕਿਆਂ ਵਿਚ ਸੀ।

ਅੱਜ ਦੀ ਕਹਾਣੀ 100 ਸਾਲ ਪਹਿਲਾਂ ਦੀ ਕਹਾਣੀ ਨਾਲ ਕਈ ਹੋਰ ਤਰੀਕਿਆਂ ਨਾਲ ਵੀ ਮਿਲਦੀ ਜੁਲਦੀ ਹੈ। ਉਦੋਂ ਬਸਤੀਵਾਦੀ ਹਾਕਮ ਲੁੱਟਦੇ ਸਨ ਅਤੇ ਹੁਣ ਕਾਰਪੋਰੇਟ ਅਦਾਰੇ। ਉਦੋਂ ਬਸਤੀਵਾਦੀ ਹਾਕਮ ਨਿਰਦਈ ਸਨ ਹੁਣ ਆਪਣੇ ਹਾਕਮ ਆਰਥਿਕਤਾ, ਵਿੱਦਿਅਕ ਪ੍ਰਬੰਧ ਅਤੇ ਰਾਜ-ਪ੍ਰਬੰਧ ਨੂੰ ਸੁਚੱਜੀਆਂ ਲੀਹਾਂ 'ਤੇ ਚਲਾਉਣ ਲਈ ਪ੍ਰਤੀਬੱਧ ਨਹੀਂ।

ਨਸ਼ਿਆਂ ਦੇ ਫੈਲਾਉ ਨੇ ਹਜ਼ਾਰਾਂ ਘਰ ਉਜਾੜੇ ਹਨ ਅਤੇ ਹਜ਼ਾਰਾਂ ਕਿਸਾਨ ਅਤੇ ਮਜ਼ਦੂਰ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਸਿਆਸੀ ਜਮਾਤ ਵਿਚ ਪੰਜਾਬ ਦੇ ਰਾਜ ਪ੍ਰਬੰਧ ਨੂੰ ਸੁਧਾਰਨ ਲਈ ਨਾ ਤੇ ਸਿਆਸੀ ਇੱਛਾ ਹੈ ਅਤੇ ਨਾ ਹੀ ਉਹ ਅਜਿਹੀ ਨੈਤਿਕ ਅਗਵਾਈ ਕਰਨ ਦੇ ਕਾਬਲ ਹੈ ਜੋ ਪੰਜਾਬ ਨੂੰ ਮੌਜੂਦਾ ਦਲਦਲ ਵਿਚੋਂ ਕੱਢ ਸਕੇ।

ਬਾਬਾ ਸੋਹਨ ਸਿੰਘ ਭਕਨਾ ਤੇ ਉਨ੍ਹਾਂ ਦੇ ਨਾਲ ਪਰਵਾਸ ਕਰਨ ਵਾਲੇ ਵਿਦੇਸ਼ਾਂ ਵਿਚ ਜਾ ਕੇ ਜਾਗ੍ਰਿਤ ਹੋਏ ਕਿ ਉਨ੍ਹਾਂ ਦੀ ਮਾੜੀ ਹਾਲਤ ਦਾ ਕਾਰਨ ਗੁਲਾਮੀ ਹੈ। ਉਨ੍ਹਾਂ ਨੇ ਅੰਤਾਂ ਦੀ ਹਿੰਮਤ ਦਿਖਾਉਂਦਿਆਂ ਗ਼ਦਰ ਪਾਰਟੀ ਬਣਾਈ ਅਤੇ ਦੇਸ਼ ਵਾਪਸ ਆ ਕੇ ਅੰਗਰੇਜ਼ਾਂ ਦਾ ਤਖਤਾ ਉਲਟਾਉਣ ਦਾ ਉਪਰਾਲਾ ਕੀਤਾ। ਉਹ ਉਪਰਾਲਾ ਅਸਫਲ ਰਿਹਾ ਪਰ ਉਸ ਉਪਰਾਲੇ ਨੇ ਪੰਜਾਬ ਦੀ ਮਾਨਸਿਕਤਾ ਵਿਚ ਅਜਿਹਾ ਖਮੀਰ ਪੈਦਾ ਕੀਤਾ ਜਿਸ 'ਚੋਂ ਰੌਲਟ ਐਕਟ ਵਿਰੋਧੀ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ, ਮੁਜ਼ਾਰਾ ਅੰਦੋਲਨ ਅਤੇ ਹੋਰ ਕਈ ਕਿਸਾਨ ਤੇ ਮਜ਼ਦੂਰ ਅੰਦੋਲਨ ਪੈਦਾ ਹੋਏ।

ਇਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਫਿਰ ਕਿਸਾਨੀ ਦਾ ਮੋਰਚਾ ਭਖਿਆ ਹੋਇਆ ਹੈ। ਕਈ ਦਹਾਕਿਆਂ ਤੋਂ ਬਾਅਦ ਅਜਿਹੀ ਕਿਸਾਨ ਏਕਤਾ ਦੇਖਣ ਨੂੰ ਮਿਲੀ ਹੈ। ਇਸ ਕਿਸਾਨ ਮੋਰਚੇ ਵਿਚ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਗ਼ਦਰ ਲਹਿਰ ਤੇ ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਅਤੇ ਊਧਮ ਸਿੰਘ ਜਿਹੇ ਸੂਰਮਿਆਂ ਦੀਆਂ ਕੁਰਬਾਨੀਆਂ ਅਤੇ ਦੁੱਲਾ ਭੱਟੀ ਜਿਹੇ ਲੋਕ ਨਾਇਕਾਂ ਦੇ ਇਤਿਹਾਸਕ ਕਾਰਜਾਂ ਦੀ ਛਾਪ ਸਪੱਸ਼ਟ ਦਿਖਾਈ ਦਿੰਦੀ ਹੈ। ਨਵੰਬਰ (ਜਿਸ ਦਿਨ ਅਖ਼ਬਾਰ 'ਗ਼ਦਰ' ਸ਼ੁਰੂ ਹੋਇਆ ਸੀ: 1 ਨਵੰਬਰ, 1913) ਨੂੰ ਦੇਸ਼ ਭਗਤ ਯਾਦਗਾਰ ਹਾਲ ਵਿਚ ਗ਼ਦਰੀ ਬਾਬਿਆਂ ਦਾ ਮੇਲਾ ਲੱਗਦਾ ਹੈ। ਇਹ ਵਰ੍ਹਾ ਬਾਬਾ ਸੋਹਨ ਸਿੰਘ ਭਕਨਾ ਦੇ 150ਵੇਂ ਜਨਮ ਦਿਹਾੜੇ ਵਾਲਾ ਵਰ੍ਹਾ ਹੈ। ਅੱਜ ਦੀ ਕਿਸਾਨ ਲਹਿਰ ਨੂੰ ਬਾਬਾ ਸੋਹਣ ਸਿੰਘ ਭਕਨਾ ਅਤੇ ਗ਼ਦਰ ਲਹਿਰ ਤੋਂ ਸਿੱਖਣ ਲਈ ਬਹੁਤ ਕੁਝ ਹੈ; ਉਨ੍ਹਾਂ ਸਾਹਮਣੇ ਗ਼ਦਰੀ ਬਾਬਿਆਂ ਦੀ ਨਿਰਮਾਣਤਾ ਅਤੇ ਸਾਂਝੀਵਾਲਤਾ ਦੀ ਰਵਾਇਤ ਹੈ; ਉਨ੍ਹਾਂ ਦੀਆਂ ਅਜ਼ੀਮ ਕੁਰਬਾਨੀਆਂ ਅਤੇ ਸੋਚਣ ਦਾ ਮੌਲਿਕ ਢੰਗ ਹੈ। ਗ਼ਦਰ ਲਹਿਰ ਹਮੇਸ਼ਾਂ ਪੰਜਾਬੀਆਂ ਨੂੰ ਊਰਜਿਤ ਕਰਦੀ ਹੈ ਅਤੇ ਇਸ ਕਿਸਾਨ ਸੰਘਰਸ਼ ਦੀ ਰੀੜ੍ਹ ਦੀ ਹੱਡੀ ਵਿਚ ਵੀ ਗ਼ਦਰ ਪਾਰਟੀ ਵਾਲੀ ਜ਼ੁਲਮ ਵਿਰੁੱਧ ਲੜਨ ਦੀ ਸੋਚ ਪਈ ਹੋਈ ਹੈ। ਬਸਤੀਵਾਦ ਦੁਆਰਾ ਪੈਦਾ ਕੀਤੇ ਗਏ ਉਜਾੜੇ ਦੇ ਸਮਿਆਂ ਵਿਚ ਗ਼ਦਰ ਪਾਰਟੀ ਨੇ ਪੰਜਾਬ ਦੇ ਸਿਆਸੀ ਦ੍ਰਿਸ਼ ਨੂੰ ਗਰਮਾਇਆ ਸੀ। ਹੁਣ ਦੇ ਉਦਾਸ ਸਮਿਆਂ ਵਿਚ ਮੌਜੂਦਾ ਕਿਸਾਨ ਅੰਦੋਲਨ ਨੇ ਸੰਘਰਸ਼ ਅਤੇ ਸਿਆਸਤ ਨੂੰ ਨਵੀਂ ਦਿਸ਼ਾ ਦਿੱਤੀ ਹੈ। ਬਹੁਤ ਵਰ੍ਹਿਆਂ ਬਾਅਦ ਸਿਆਸਤ ਲੋਕ ਸੰਘਰਸ਼ ਤੋਂ ਪ੍ਰਭਾਵਿਤ ਹੋ ਰਹੀ ਹੈ। ਪੰਜਾਬੀਆਂ ਨੂੰ ਗ਼ਦਰ ਪਾਰਟੀ ਦੇ ਮਹਾਨ ਵਿਰਸੇ ਨੂੰ ਯਾਦ ਕਰਦਿਆਂ ਮੌਜੂਦਾ ਕਿਸਾਨ ਸੰਘਰਸ਼ ਵਿਚ ਏਕਤਾ ਦਿਖਾਉਣੀ ਚਾਹੀਦੀ ਹੈ।

# ਨਵਾਂ ਆਰਡੀਨੈਂਸ ਅਤੇ ਪਰਾਲੀ ਤੇ ਝੋਨੇ ਦੇ ਮੁੱਢਾਂ ਨੂੰ ਸਾੜਨਾ

ਪੰਜਾਬ, ਹਰਿਆਣਾ ਤੇ ਕੁਝ ਹੋਰ ਸੂਬਿਆਂ 'ਚ ਖੇਤਾਂ ਵਿਚ ਪਰਾਲੀ ਤੇ ਝੋਨੇ ਦੇ ਮੁੱਢਾਂ ਨੂੰ ਸਾੜਨਾ ਪਿਛਲੇ ਕੁਝ ਸਾਲਾਂ ਤੋਂ ਸ਼ੁਰੂ ਹੋਇਆ ਹੈ ਪਰ ਮਨੁੱਖਤਾ ਤੇ ਖੇਤੀ ਦੇ ਇਤਿਹਾਸ 'ਚ ਅਜਿਹੀਆਂ ਪ੍ਰਕਿਰਿਆਵਾਂ ਮੁੱਢ-ਕਦੀਮ ਤੋਂ ਹਨ। ਪੁਰਾਤਨ ਮਿਸਰ ਅਤੇ ਮੈਸੋਪੋਟਾਮੀਆ ਵਿਚ ਖੇਤੀ ਕਰਨ ਲਈ ਅਜਿਹੇ ਤੌਰ-ਤਰੀਕੇ ਅਪਣਾਉਣ ਦਾ ਜ਼ਿਕਰ ਮਿਲਦਾ ਹੈ। ਕੋਈ ਯੂਰੋਪੀਅਨ ਦੇਸ਼ਾਂ ਖ਼ਾਸ ਕਰਕੇ ਇਟਲੀ, ਐਸਟੋਨੀਆ, ਪੋਲੈਂਡ, ਸਵੀਡਨ, ਹੰਗਰੀ, ਆਸਟਰੀਆ, ਜਰਮਨੀ, ਸਵਿੱਟਜ਼ਰਲੈਂਡ ਅਤੇ ਲਾਤੀਨੀ ਅਮਰੀਕਾ ਦੇ ਕਈ ਦੇਸ਼ਾਂ ਵਿਚ ਫ਼ਸਲਾਂ ਦੇ ਮੁੱਢਾਂ ਨੂੰ ਸਾੜਨ ਤੋਂ ਬਾਅਦ ਉਨ੍ਹਾਂ ਖੇਤਾਂ ਵਿਚ ਇਕ ਮੌਸਮ ਲਈ ਕੁਝ ਨਹੀਂ ਸੀ ਬੀਜਿਆ ਜਾਂਦਾ ਤਾਂ ਕਿ ਜ਼ਮੀਨ ਦੀ ਕੁਦਰਤੀ ਜ਼ਰਖ਼ੇਜ਼ਤਾ ਵਾਪਸ ਆ ਜਾਵੇ। ਭਾਰਤ ਦੇ ਉੱਤਰ-ਪੂਰਬ ਦੇ ਪ੍ਰਾਂਤਾਂ ਅਰੁਣਾਚਲ ਪ੍ਰਦੇਸ਼, ਮੇਘਾਲਿਆ, ਨਾਗਾਲੈਂਡ, ਮਿਜ਼ੋਰਮ, ਤ੍ਰਿਪੁਰਾ ਅਤੇ ਮਨੀਪੁਰ ਵਿਚ ਪਿਛਲੀ ਸਦੀ ਦੇ ਅੰਤ ਤਕ ਅਜਿਹੀ ਖੇਤੀ ਵੱਡੀ ਪੱਧਰ 'ਤੇ ਕੀਤੀ ਜਾਂਦੀ ਰਹੀ ਹੈ। ਇਸ ਨੂੰ 'ਝੂਮ' ਦੇ ਤਰੀਕੇ ਨਾਲ ਖੇਤੀ ਕਰਨਾ ਕਿਹਾ ਜਾਂਦਾ ਹੈ। 'ਝੂਮ' ਸ਼ਬਦ ਚਕਮਾ ਕਬੀਲੇ ਦੀ ਭਾਸ਼ਾ ਤੋਂ ਅਸਾਮੀ ਤੇ ਬੰਗਾਲੀ ਭਾਸ਼ਾਵਾਂ ਵਿਚ ਆਇਆ ਹੈ। ਭਾਰਤ ਦੇ ਹੋਰ ਕਬਾਇਲੀ ਇਲਾਕਿਆਂ ਜਿਵੇਂ ਬਸਤਰ, ਬੁੰਦੇਲਖੰਡ ਆਦਿ ਅਤੇ ਪੱਛਮੀ ਤੱਟ ਦੇ ਕਈ ਇਲਾਕਿਆਂ ਵਿਚ ਵੀ ਇਹ ਤਰੀਕਾ ਅਪਣਾਇਆ ਜਾਂਦਾ ਰਿਹਾ ਹੈ।

ਪਿਛਲੇ ਕੁਝ ਸਾਲਾਂ ਤੋਂ ਇਹ ਵਾਦ-ਵਿਵਾਦ ਚੱਲ ਰਿਹਾ ਹੈ ਕਿ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਪਰਾਲੀ ਅਤੇ ਝੋਨੇ ਦੇ ਮੁੱਢ ਸਾੜਨ ਕਾਰਨ ਦੇਸ਼ ਦੀ ਰਾਜਧਾਨੀ ਦੀ ਹਵਾ 'ਤੇ ਬਹੁਤ ਮਾੜਾ ਅਸਰ ਪੈਂਦਾ ਹੈ ਅਤੇ ਹਵਾ ਦੂਸ਼ਿਤ ਹੋ ਜਾਂਦੀ ਹੈ। ਇਹ ਮਾਮਲਾ ਸੁਪਰੀਮ ਕੋਰਟ ਵਿਚ ਵੀ ਪਹੁੰਚਿਆ ਅਤੇ ਇਸ ਦੀ ਸੁਣਵਾਈ ਦੌਰਾਨ ਕੇਂਦਰ ਸਰਕਾਰ ਨੇ ਰਾਜਧਾਨੀ ਖੇਤਰ ਦੀ ਹਵਾ ਨੂੰ ਦੂਸ਼ਿਤ ਹੋਣ ਤੋਂ




ਰੋਕਣ ਲਈ ਕਾਨੂੰਨ ਬਣਾਉਣ ਦਾ ਵਾਅਦਾ ਕੀਤਾ ਸੀ। ਹੁਣ ਕੇਂਦਰ ਸਰਕਾਰ ਨੇ ਇਸ ਸਬੰਧ ਵਿਚ ਆਰਡੀਨੈਂਸ ਜਾਰੀ ਕੀਤਾ ਹੈ ਜਿਸ ਤਹਿਤ ਦਿੱਲੀ ਅਤੇ ਇਸ ਦੇ ਨਾਲ ਲਗਦੇ ਸ਼ਹਿਰਾਂ, ਜਿਨ੍ਹਾਂ ਨੂੰ ਦਿੱਲੀ-ਰਾਜਧਾਨੀ ਖੇਤਰ (Delhi National Capital Region) ਕਿਹਾ ਜਾਂਦਾ ਹੈ, ਵਿਚ ਹਵਾ ਨੂੰ ਸ਼ੁੱਧ ਰੱਖਣ ਲਈ ਕੇਂਦਰ ਸਰਕਾਰ ਅਧੀਨ ਕੇਂਦਰੀ ਕਮਿਸ਼ਨ ਕਾਇਮ ਕੀਤਾ ਜਾਵੇਗਾ ਜਿਸ ਦੇ ਅਧਿਕਾਰ ਖੇਤਰ ਵਿਚ ਦਿੱਲੀ ਦੇ ਨਾਲ-ਨਾਲ ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵੀ ਸ਼ਾਮਲ ਹੋਣਗੇ। ਇਸ ਕਮਿਸ਼ਨ ਦੇ ਸਥਾਪਤ ਕਰਨ ਨਾਲ ਸੂਬਿਆਂ ਦੇ ਪ੍ਰਦੂਸ਼ਣ ਦੀ ਰੋਕਥਾਮ ਲਈ ਕਾਇਮ ਕੀਤੇ ਬੋਰਡ ਇਕ ਤਰ੍ਹਾਂ ਨਾਲ ਬੇਕਾਰ ਹੋ ਜਾਣਗੇ। ਖੇਤੀ ਮੰਡੀਆਂ ਅਤੇ ਕੰਟਰੈਕਟ ਖੇਤੀ ਬਾਰੇ ਜਾਰੀ ਕੀਤੇ ਗਏ ਆਰਡੀਨੈਂਸਾਂ (ਜੋ ਹੁਣ ਕਾਨੂੰਨ ਬਣ ਗਏ ਹਨ) ਵਾਂਗ ਹੁਣ ਵੀ ਸੂਬਾ ਸਰਕਾਰਾਂ ਨਾਲ ਕੋਈ ਸਲਾਹ ਨਹੀਂ ਕੀਤੀ ਗਈ। ਦੂਸਰੇ ਪਾਸੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕੀਤੇ ਗਏ ਖੋਜ ਕਾਰਜ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ਪਰਾਲੀ ਸਾੜਨ ਕਾਰਨ ਜਿਹੜਾ ਧੂੰਆਂ ਉੱਠਦਾ ਹੈ, ਉਹ ਪੰਜਾਬ ਵਿਚ ਹੀ ਰਹਿ ਜਾਂਦਾ ਹੈ।

ਵਾਤਾਵਰਨ ਦੀ ਸੁਰੱਖਿਆ ਅਤੇ ਪ੍ਰਦੂਸ਼ਣ ਨੂੰ ਘਟਾਉਣਾ ਸਾਰੀ ਮਨੁੱਖਤਾ ਦੀ ਸਮੱਸਿਆ ਹੈ। ਨਿਸ਼ਚੇ ਹੀ ਪਰਾਲੀ ਅਤੇ ਝੋਨੇ ਦੇ ਮੁੱਢਾਂ ਨੂੰ ਖੇਤਾਂ ਵਿਚ ਹੀ ਅੱਗ ਨਹੀਂ ਲਗਾਈ ਜਾਣੀ ਚਾਹੀਦੀ ਪਰ ਇਨ੍ਹਾਂ ਮੁੱਢਾਂ ਨੂੰ ਕੱਢਣ ਲਈ ਕਿਸਾਨ ਨੂੰ ਕਾਫ਼ੀ ਪੈਸਾ ਖ਼ਰਚ ਕਰਨਾ ਪੈਂਦਾ ਹੈ। ਝੋਨੇ ਦੀ ਵਾਢੀ ਅਤੇ ਕਣਕ ਦੀ ਬਿਜਾਈ ਵਿਚ ਬਹੁਤ ਸਮਾਂ ਹੁੰਦਾ ਹੈ ਅਤੇ ਸਮੇਂ ਦੀ ਘਾਟ ਅਤੇ ਮੁੱਢ ਕੱਢਣ 'ਤੇ ਆਉਂਦੀ ਲਾਗਤ ਕਾਰਨ ਕਿਸਾਨ ਮੁੱਢਾਂ ਅਤੇ ਪਰਾਲੀ ਨੂੰ ਖੇਤਾਂ ਵਿਚ ਸਾੜਨ ਲਈ ਮਜਬੂਰ ਹੋ ਜਾਂਦੇ ਹਨ।

ਨਵੇਂ ਆਰਡੀਨੈਂਸ ਅਨੁਸਾਰ ਇਸ ਆਰਡੀਨੈਂਸ ਦੀ ਉਲੰਘਣਾ ਕਰਨ ਵਾਲਿਆਂ ਨੂੰ 1 ਕਰੋੜ ਰੁਪਏ ਤਕ ਦੇ ਜੁਰਮਾਨੇ ਅਤੇ ਪੰਜ ਸਾਲ ਤਕ ਸਜ਼ਾ ਹੋ ਸਕਦੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਉਹ ਆਪਣੇ ਆਦੇਸ਼ ਜਾਰੀ ਕਰਨ ਤੋਂ ਪਹਿਲਾਂ ਆਰਡੀਨੈਂਸ ਨੂੰ ਗਹੁ ਨਾਲ ਵੇਖੇਗੀ। ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਆਰਡੀਨੈਂਸ ਜਾਰੀ ਕਰਨ ਦੀ ਥਾਂ ਸਰਕਾਰਾਂ ਨੂੰ ਸਮੱਸਿਆ ਹੱਲ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਆਰਡੀਨੈਂਸ ਜਾਰੀ ਕਰਨ ਵਿਚ ਵੱਡਾ ਵਿਰੋਧਾਭਾਸ ਇਹ ਵੀ ਹੈ ਕਿ ਵਿਆਪਕ ਕਿਸਾਨ ਅੰਦੋਲਨ ਦੇ ਬਾਵਜੂਦ ਕਿਸਾਨ ਜਥੇਬੰਦੀਆਂ ਨਾਲ ਕੋਈ ਗੱਲਬਾਤ ਨਹੀਂ ਕੀਤੀ ਗਈ।

# ਕੀ ਰਾਹ ਤੋਂ ਭਟਕ ਰਹੀ ਹੈ ਕਾਂਗਰਸ?



ਬੰਗਾਲ 'ਚ ਖੱਬੇਪੱਖੀ ਪਾਰਟੀਆਂ ਨਾਲ ਮਿਲ ਕੇ ਚੋਣ ਲੜਨ ਦੀ ਕਾਂਗਰਸ ਦੀ ਤਿਆਰੀ ਇਹੋ ਦੱਸਦੀ ਹੈ ਕਿ ਉਹ ਆਪਣੀ ਹੋਂਦ ਦੀ ਰੱਖਿਆ ਲਈ ਅਜਿਹੇ ਕਦਮ ਚੁੱਕ ਰਹੀ ਹੈ, ਜੋ ਆਖ਼ਰਕਾਰ ਉਸ ਨੂੰ ਹੋਰ ਕਮਜ਼ੋਰ ਕਰਨ ਦਾ ਹੀ ਕੰਮ ਕਰਨਗੇ। ਖੱਬੇਪੱਖੀ ਪਾਰਟੀਆਂ ਨਾਲ ਕਾਂਗਰਸ ਦਾ ਤਾਲਮੇਲ ਇਸ ਧਾਰਨਾ 'ਤੇ ਮੋਹਰ ਹੀ ਲਾਵੇਗਾ ਕਿ ਉਸ ਦਾ ਉਸ ਖੱਬੇਪੱਖੀ ਵਿਚਾਰਧਾਰਾ ਵੱਲ ਝੁਕਾਅ ਵੱਧਦਾ ਜਾ ਰਿਹਾ ਹੈ, ਜੋ ਦੁਨੀਆ ਦੇ ਨਾਲ-ਨਾਲ ਭਾਰਤ 'ਚ ਵੀ ਆਪਣੀ ਮਹੱਤਤਾ ਗੁਆ ਰਹੀ ਹੈ।

ਕਦੇ ਸਮਾਂ ਸੀ ਜਦੋਂ ਖੱਬੇਪੱਖੀ ਬੰਗਾਲ ਅਤੇ ਕੇਰਲ ਦੇ ਨਾਲ-ਨਾਲ ਤ੍ਰਿਪੁਰਾ 'ਚ ਵੀ ਅਸਰ ਰੱਖਦੇ ਸਨ ਪਰ ਹੁਣ ਇਹ ਸਿਰਫ਼ ਕੇਰਲ 'ਚ ਸਿਮਟ ਕੇ ਰਹਿ ਗਏ ਹਨ। ਇਸ ਦੇ ਬਾਵਜੂਦ ਕਾਂਗਰਸ ਖੱਬੇਪੱਖੀਆਂ ਨਾਲ ਖੜ੍ਹਾ ਹੋਣ 'ਚ ਆਪਣਾ ਭਵਿੱਖ ਦੇਖ ਰਹੀ ਹੈ। ਇਹ ਕਾਂਗਰਸ ਦੀ ਭਟਕਣਾ ਦਾ ਸੂਚਕ ਤਾਂ ਹੈ ਹੀ, ਇਸ ਦਾ ਵੀ ਸੰਕੇਤ ਹੈ ਕਿ ਉਹ ਆਪਣੀ ਮੂਲ ਵਿਚਾਰਧਾਰਾ ਵੱਲ ਪਰਤਣ ਨੂੰ ਤਿਆਰ ਨਹੀਂ। ਕੋਈ ਨਹੀਂ ਜਾਣਦਾ ਕਿ ਕਾਂਗਰਸ ਇਹ ਸਮਝਣ ਨੂੰ ਤਿਆਰ ਕਿਉਂ ਨਹੀਂ ਕਿ ਵਿਚਕਾਰਲਾ ਰਸਤਾ ਹੀ ਉਸ ਦੀ ਤਾਕਤ ਹੋਇਆ ਕਰਦਾ ਸੀ। ਹੈਰਾਨੀ ਦਾ ਵਿਸ਼ਾ ਸਿਰਫ਼ ਇਹ ਨਹੀਂ ਕਿ ਕੇਰਲ 'ਚ ਖੱਬੇਪੱਖੀ ਪਾਰਟੀਆਂ ਨਾਲ ਮੁਕਾਬਲਾ ਕਰਨ ਵਾਲੀ ਕਾਂਗਰਸ ਬੰਗਾਲ 'ਚ ਉਨ੍ਹਾਂ ਦੇ ਨਾਲ ਹੀ ਜਾਣਾ ਪਸੰਦ ਕਰ ਰਹੀ ਹੈ ਸਗੋਂ ਇਹ ਵੀ ਹੈ ਕਿ ਉਸ ਦੀ ਰੀਤੀ ਅਤੇ ਨੀਤੀ ਵੀ ਖੱਬੇਪੱਖੀਆਂ ਤੋਂ ਪ੍ਰਭਾਵਿਤ ਹੁੰਦੀ ਜਾ ਰਹੀ ਹੈ।

ਕੀ ਇਸ ਤੋਂ ਵੱਡੀ ਵਿਡੰਬਨਾ ਕੋਈ ਹੋਰ ਹੋ ਸਕਦੀ ਹੈ ਕਿ ਪੀ. ਚਿਦੰਬਰਮ ਧਾਰਾ-370 ਦੀ ਵਾਪਸੀ ਦੀ ਮੰਗ ਕਰਦੇ ਹਨ ਅਤੇ ਕਾਂਗਰਸ ਲੀਡਰਸ਼ਿਪ ਚੁੱਪ ਰਹਿਣਾ ਪਸੰਦ ਕਰਦੀ ਹੈ? ਇਸੇ ਤਰ੍ਹਾਂ ਤੇਲੰਗਾਨਾ 'ਚ ਕਾਂਗਰਸ ਦੇ ਆਗੂ ਫਰਾਂਸ ਦੇ ਉਤਪਾਦਾਂ 'ਤੇ ਰੋਕ ਲਾਉਣ ਦੀ ਮੰਗ ਕਰਦੇ ਹਨ ਅਤੇ ਪਾਰਟੀ ਲੀਡਰਸ਼ਿਪ ਮੌਨ ਧਾਰਨ ਕਰੀ ਰੱਖਦੀ ਹੈ। ਪਾਰਟੀ ਲੀਡਰਸ਼ਿਪ ਦਾ ਇਹੋ ਰਵੱਈਆ ਭੋਪਾਲ ਦੇ ਆਪਣੇ ਉਸ ਵਿਧਾਇਕ ਦੇ ਮਾਮਲੇ 'ਚ ਵੀ ਦਿਸਿਆ, ਜਿਸ ਨੇ ਫਰਾਂਸ ਦੇ ਵਿਰੋਧ 'ਚ ਹਜ਼ਾਰਾਂ ਲੋਕਾਂ ਦੀ ਭੀੜ ਉਤਾਰ ਦਿੱਤੀ।

ਕਾਂਗਰਸ ਆਪਣੇ ਹਿਸਾਬ ਨਾਲ ਸਿਆਸਤ ਕਰਨ ਲਈ ਆਜ਼ਾਦ ਹੈ ਪਰ ਉਸ ਦੀ ਮੌਜੂਦਾ ਰੀਤੀ ਅਤੇ ਨੀਤੀ ਦੇਖ ਕੇ ਇਹ ਕਹਿਣਾ ਮੁਸ਼ਕਲ ਹੈ ਕਿ ਉਹ ਰਾਸ਼ਟਰਵਾਦੀ ਵਿਚਾਰਾਂ ਵਾਲੀ ਪਾਰਟੀ ਹੈ।

ਪਹਿਲਾਂ ਖ਼ੁਦ ਰਾਹੁਲ ਗਾਂਧੀ ਨੇ ਜੇਐੱਨਯੂ ਦੇ ਉਨ੍ਹਾਂ ਵਿਦਿਆਰਥੀ ਆਗੂਆਂ ਨਾਲ ਖੜ੍ਹੇ ਹੋਣਾ ਪਸੰਦ ਕੀਤਾ ਸੀ, ਜਿਨ੍ਹਾਂ ਨੇ ਬੇਹੱਦ ਇਤਰਾਜ਼ਯੋਗ ਨਾਅਰੇ ਲਾਏ ਸਨ। ਇਸ ਦੀ ਵੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਰਾਮ ਮੰਦਰ ਅਤੇ ਤਿੰਨ ਤਲਾਕ ਦੇ ਸਵਾਲ 'ਤੇ ਕਾਂਗਰਸ ਦਾ ਰਵੱਈਆ ਕਿਹੋ ਜਿਹਾ ਰਿਹਾ? ਬਿਹਤਰ ਹੋਵੇਗਾ ਕਿ ਕਾਂਗਰਸ ਇਹ ਸਮਝੇ ਕਿ ਉਹ ਜਿਸ ਰਾਹ 'ਤੇ ਚੱਲ ਰਹੀ ਹੈ, ਉਸ ਨਾਲ ਹੋਰ ਕਮਜ਼ੋਰ ਹੀ ਹੋਵੇਗੀ ਕਿਉਂਕਿ ਹੁਣ ਉਸ ਦੀ ਵਿਚਾਰਧਾਰਾ ਤਕਰੀਬਨ ਉਹੋ ਹੀ ਦਿਸਦੀ ਹੈ, ਜੋ ਖੱਬੇਪੱਖੀਆਂ ਦੀ ਹੈ। ਜੇ ਉਸ ਨੂੰ ਖੱਬੇਪੱਖੀਆਂ ਦੀ ਵਿਚਾਰਧਾਰਾ ਅਪਣਾਉਣ 'ਚ ਕੋਈ ਇਤਰਾਜ਼ ਨਹੀਂ ਤਾਂ ਫਿਰ ਉਹ ਕੇਰਲ 'ਚ ਉਨ੍ਹਾਂ ਖ਼ਿਲਾਫ਼ ਕਿਉਂ ਹੈ? ਸਵਾਲ ਇਹ ਵੀ ਹੈ ਕਿ ਗੱਠਜੋੜ ਰਾਜਨੀਤੀ ਦੇ ਨਾਂ 'ਤੇ ਆਪਣੀ ਜ਼ਮੀਨ ਛੱਡ ਕੇ ਵਿਰੋਧੀ ਪਾਰਟੀਆਂ ਨਾਲ ਸਮਝੌਤਾ ਕਰ ਕੇ ਕੀ ਹਾਸਲ ਹੋਣ ਵਾਲਾ ਹੈ?

# ਖਾਦਾਂ ਦੀ ਅੰਨ੍ਹੀ ਵਰਤੋਂ ਅਤੇ ਕਿਸਾਨ ਸੰਘਰਸ਼

ਪ੍ਰੋ. ਪ੍ਰੀਤਮ ਸਿੰਘ, ਆਰਐੱਸ ਮਾਨ

ਕੇਂਦਰ ਸਰਕਾਰ ਦੇ ਬਣਾਏ ਖੇਤੀ ਮੰਡੀਕਰਨ ਕਾਨੂੰਨਾਂ ਖ਼ਿਲਾਫ਼ ਪੰਜਾਬ, ਹਰਿਆਣਾ ਅਤੇ ਪੱਛਮੀ ਯੂਪੀ ਦੇ ਕਿਸਾਨਾਂ ਦੇ ਸੰਘਰਸ਼, ਖ਼ਾਸਕਰ ਰੇਲ ਰੋਕੋ ਅੰਦੋਲਨ ਦੌਰਾਨ ਹੋਰਨਾਂ ਤੋਂ ਇਲਾਵਾ ਇਕ ਖ਼ਾਸ ਪੱਖ, ਭਾਵ ਦੇਸ਼ ਦੀ ਇਸ 'ਹਰਾ ਇਨਕਲਾਬ ਪੱਟੀ' ਵਿਚ ਰਸਾਇਣਕ ਖਾਦਾਂ ਦੀ ਅੰਨ੍ਹੇਵਾਹ ਖ਼ਪਤ ਨੇ ਧਿਆਨ ਖਿੱਚਿਆ ਹੈ। ਇਸ ਸਬੰਧੀ ਅੰਕੜੇ ਮੁਹੱਈਆ ਨਾ ਹੋਣ ਕਾਰਨ ਅਸੀਂ ਇਸ ਲੇਖ ਵਿਚ ਸਿਰਫ਼ ਪੰਜਾਬ ਵਿਚ ਹੀ ਖਾਦਾਂ ਦੀ ਖ਼ਪਤ ਦੇ ਪੱਧਰ ਬਾਰੇ ਗੱਲ ਕਰਾਂਗੇ ਪਰ ਇਹ ਗੱਲ ਹਰਿਆਣਾ, ਖ਼ਾਸਕਰ ਉੱਤਰੀ ਹਰਿਆਣਾ ਦੇ ਮਾਮਲੇ ਵਿਚ ਵੀ ਬਰਾਬਰ ਲਾਗੂ ਹੁੰਦੀ ਹੈ। ਇਨ੍ਹਾਂ ਦੋਵਾਂ ਖ਼ਿੱਤਿਆਂ ਵਿਚ ਖੇਤੀ ਦੇ ਢੰਗ-ਤਰੀਕੇ ਅਤੇ ਜ਼ਮੀਨ ਦੀ ਹਾਲਾਤ ਤਕਰੀਬਨ ਇਕੋ ਜਿਹੀ ਹੈ।

ਪੰਜਾਬ ਵਿਚ ਰਸਾਇਣਕ ਖਾਦਾਂ (ਨਾਈਟਰੋਜਨ, ਫਾਸਫੋਰਸ, ਪੋਟਾਸ਼ੀਅਮ) ਦੀ ਖ਼ਪਤ 1960ਵਿਆਂ ਤੋਂ ਬਾਅਦ ਤੇਜ਼ੀ ਨਾਲ ਵਧੀ ਹੈ। ਪੰਜਾਬ ਵਿਚ ਖਾਦਾਂ ਦੀ ਇਹ ਵਰਤੋਂ ਕੌਮੀ ਔਸਤ ਦੇ ਮੁਕਾਬਲੇ ਲਗਾਤਾਰ ਤੇ ਬਹੁਤ ਜ਼ਿਆਦਾ ਵੱਧ ਹੈ। ਪੰਜਾਬ ਵਿਚ ਖਾਦਾਂ ਦੀ ਫ਼ੀ ਹੈਕਟੇਅਰ ਖ਼ਪਤ ਜਿਹੜੀ 1970-71 ਵਿਚ ਮਹਿਜ਼ 37.5 ਕਿਲੋ (ਪ੍ਰਤੀ ਹੈਕਟੇਅਰ) ਸੀ, ਉਸ ਤੋਂ ਬਾਅਦ ਵਧਦੀ ਹੀ ਗਈ। ਇਹ ਖ਼ਪਤ 1980-81, 1990-91, 2000-01, 2010-11 ਅਤੇ 2018-19 ਵਿਚ ਵਧ ਕੇ ਕ੍ਰਮਵਾਰ 112.5, 162.6, 168.33, 243 ਅਤੇ 224.49 ਕਿਲੋ ਪ੍ਰਤੀ ਹੈਕਟੇਅਰ ਤੱਕ ਜਾ ਪੁੱਜੀ ਹੈ। ਇਸ ਦੇ ਮੁਕਾਬਲੇ ਭਾਰਤ ਵਿਚ ਕੌਮੀ ਪੱਧਰ ਉੱਤੇ ਖਾਦਾਂ ਦੀ ਖ਼ਪਤ 2010-11 ਅਤੇ 2018-19 ਵਿਚ ਕ੍ਰਮਵਾਰ 146.32 ਅਤੇ 133.12 ਕਿਲੋ ਪ੍ਰਤੀ ਹੈਕਟੇਅਰ ਸੀ। ਇਸ ਤਰ੍ਹਾਂ ਜੇ ਮਹਿਜ਼ ਤੁਲਨਾ ਵਾਸਤੇ ਹਾਲੀਆ, ਭਾਵ 2018-19 ਦੇ ਅੰਕੜੇ ਲਏ ਜਾਣ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਵਿਚ ਦੇਸ਼ ਦੀ ਕੌਮੀ ਔਸਤ ਦੇ ਮੁਕਾਬਲੇ ਕਰੀਬ 91 ਕਿਲੋ ਖਾਦ ਪ੍ਰਤੀ ਹੈਕਟੇਅਰ ਵੱਧ ਵਰਤੀ ਜਾਂਦੀ ਹੈ। ਪੰਜਾਬ ਵਿਚ ਖਾਦ ਦੀ ਕੁੱਲ ਖ਼ਪਤ 1970-71 ਦੇ 2.13 ਲੱਖ ਟਨ (213 thousand tonnes) ਦੇ ਮੁਕਾਬਲੇ 2018-19 ਵਿਚ ਵਧ ਕੇ 17.599 ਲੱਖ ਟਨ (1759.91 thousand tonnes) ਹੋ ਗਈ ਹੈ ਤੇ ਇਹ ਵਾਧਾ 726 ਫ਼ੀਸਦੀ ਤੋਂ ਵੀ ਜ਼ਿਆਦਾ ਹੈ। ਜੇ ਭਾਰਤ ਵਿਚ ਲੱਗਦੀ ਕੁੱਲ ਖਾਦ ਵਿਚ ਪੰਜਾਬ ਦਾ ਹਿੱਸਾ ਦੇਖਿਆ ਜਾਵੇ ਤਾਂ ਅੰਕੜੇ ਦੱਸਦੇ ਹਨ ਕਿ ਪੰਜਾਬ ਵਿਚ ਦੇਸ਼ ਦੀ ਕੁੱਲ ਰਸਾਇਣਕ ਖਾਦ ਦੇ ਅੰਦਾਜ਼ਨ 6.42 ਫ਼ੀਸਦੀ (2018-19) ਹਿੱਸੇ ਦੀ ਖ਼ਪਤ ਹੁੰਦੀ ਹੈ, ਜਦੋਂਕਿ ਦੇਸ਼ ਦੀ ਕੁੱਲ ਆਬਾਦੀ ਵਿਚ ਪੰਜਾਬ ਦਾ ਹਿੱਸਾ ਮਹਿਜ਼ 2.29 ਫ਼ੀਸਦੀ ਹੈ।

ਜੇ ਪਿਛਾਂਹ ਝਾਤ ਮਾਰੀਏ ਤਾਂ ਅਸੀਂ ਦੇਖਦੇ ਹਾਂ ਕਿ 1960-61 ਵਿਚ ਦੇਸ਼ ਵਿਚ ਵਰਤੀ ਜਾਂਦੀ ਖਾਦ ਵਿਚ ਪੰਜਾਬ ਦਾ ਹਿੱਸਾ ਮਹਿਜ਼ 1.71 ਫ਼ੀਸਦੀ ਸੀ ਜਿਹੜਾ ਵਧਦਾ ਹੋਇਆ 9.78 ਫ਼ੀਸਦੀ (1970-71), 13.82 ਫ਼ੀਸਦੀ (1980-81), 9.72 ਫ਼ੀਸਦੀ (1990-91), 7.86 ਫ਼ੀਸਦੀ (2000-01) ਅਤੇ 6.80 ਫ਼ੀਸਦੀ (2010-11) ਹੋ ਗਿਆ। ਜੇ ਵੱਖ ਵੱਖ ਰਸਾਇਣਕ ਖਾਦਾਂ ਨੂੰ ਦੇਖੀਏ ਤਾਂ ਪੰਜਾਬ ਵਿਚ 2018-19 ਦੌਰਾਨ ਭਾਰਤ ਭਰ ਵਿਚ ਵਰਤੀਆਂ ਗਈਆਂ ਕੁੱਲ ਖਾਦਾਂ ਦੀ 7.87 ਫ਼ੀਸਦੀ ਨਾਈਟਰੋਜਨ (ਐੱਨ), 4.72 ਫ਼ੀਸਦੀ ਫਾਸਫੋਰਸ (ਪੀ) ਅਤੇ 1.50 ਫ਼ੀਸਦੀ ਪੋਟਾਸ਼ੀਅਮ (ਕੇ) ਖਾਦ ਵਰਤੀ ਗਈ। ਪੰਜਾਬ ਵਿਚ ਇਨ੍ਹਾਂ ਖਾਦਾਂ ਦੀ ਖ਼ਪਤ 1980ਵਿਆਂ ਤੇ 1990ਵਿਆਂ ਦੌਰਾਨ ਤਾਂ ਹੋਰ ਵੀ ਵੱਧ ਸੀ ਅਤੇ ਇਸ ਵਿਚ 1990ਵਿਆਂ ਦੇ ਪਿਛਲੇ ਹਿੱਸੇ ਤੇ 2000ਵਿਆਂ ਦੌਰਾਨ ਕੁਝ ਗਿਰਾਵਟ ਆਉਣੀ ਸ਼ੁਰੂ ਹੋਈ, ਹਾਲਾਂਕਿ ਇਹ ਕੋਈ ਲਗਾਤਾਰ ਰੁਝਾਨ ਨਹੀਂ ਸੀ।

ਇਨ੍ਹਾਂ ਤਿੰਨਾਂ ਖਾਦਾਂ ਨੂੰ ਵਰਤੇ ਜਾਣ ਦੇ ਆਦਰਸ਼ ਅਨੁਪਾਤ ਨੂੰ 'ਐੱਨਪੀਕੇ ਅਨੁਪਾਤ' ਆਖਿਆ ਜਾਂਦਾ ਹੈ ਤੇ ਮਨਜ਼ੂਰਸ਼ੁਦਾ ਐੱਨਪੀਕੇ ਅਨੁਪਾਤ 4:2:1 ਹੈ ਅਤੇ ਸਮਝਿਆ ਜਾਂਦਾ ਹੈ ਕਿ ਜੇ ਖਾਦਾਂ ਨੂੰ ਇਸ ਅਨੁਪਾਤ ਤੋਂ ਘੱਟ ਜਾਂ ਵੱਧ ਮਿਕਦਾਰ ਵਿਚ ਵਰਤਿਆ ਜਾਂਦਾ ਹੈ ਤਾਂ ਇਸ ਦਾ ਫ਼ਸਲਾਂ ਦੇ ਵਧਣ-ਫੁੱਲਣ ਤੇ ਉਨ੍ਹਾਂ ਦੇ ਝਾੜ ਉਤੇ ਮਾੜਾ ਅਸਰ ਪੈ ਸਕਦਾ ਹੈ। ਪੰਜਾਬ ਦਾ ਐੱਨਪੀਕੇ ਅਨੁਪਾਤ, ਉਪਰਲੇ ਪਾਸੇ ਤੋਂ ਇਸ ਆਦਰਸ਼ ਅਨੁਪਾਤ ਦੇ ਮੁਕਾਬਲੇ ਬਹੁਤ ਦੂਰ ਹੈ। ਪੰਜਾਬ ਦਾ ਐੱਨਪੀਕੇ ਅਨੁਪਾਤ ਸਾਲ 1970-71, 1980-81, 1990-91, 2000-01, 2010-11 ਅਤੇ 2018-19 ਕ੍ਰਮਵਾਰ 25.00:4.43:1, 18.14:7.14:1, 58.47:21.87:1, 43.83:12.26:1, 19.22:5.96:1 ਅਤੇ 33.14:7.86:1 ਰਿਹਾ। ਇਸ ਦੇ ਮੁਕਾਬਲੇ ਇਨ੍ਹਾਂ ਸਾਲਾਂ ਦੌਰਾਨ ਦੇਸ਼ ਦਾ ਕੌਮੀ ਅਨੁਪਾਤ ਕ੍ਰਮਵਾਰ 6.52:2.03:1, 5.90:1.95:1, 6.02:2.43:1, 6.97:2.69:1, 4.71:2.29:1 ਅਤੇ 6.34:2.50:1 ਸੀ, ਜਿਹੜਾ ਪੰਜਾਬ ਦੇ ਖ਼ਤਰਨਾਕ ਹੱਦ ਤੱਕ ਵਧੇ ਹੋਏ ਅਨੁਪਾਤ ਦੇ ਮੁਕਾਬਲੇ ਕਿਤੇ ਘੱਟ ਸੀ। ਇਸ ਤਰ੍ਹਾਂ ਪੰਜਾਬ ਦੇ ਖੇਤਾਂ ਵਿਚ ਅੰਨ੍ਹੇਵਾਹ ਬਹੁਤ ਜ਼ਿਆਦਾ ਖਾਦਾਂ ਪਾਉਣ ਦਾ ਸਿੱਟਾ ਮਿੱਟੀ ਦੀ ਉਤਪਾਦਕਤਾ ਵਿਚ ਭਾਰੀ ਕਮੀ ਵਜੋਂ ਨਿਕਲਿਆ।



ਐੱਨਪੀਕੇ ਅਨੁਪਾਤ ਵਿਚ ਮੁੱਖ ਹਿੱਸਾ ਨਾਈਟਰੋਜਨ ਦਾ ਹੁੰਦਾ ਹੈ ਤੇ ਪੰਜਾਬ ਵਿਚ ਨਾਈਟਰੋਜਨ ਹੀ ਸਭ ਤੋਂ ਵੱਧ ਵਰਤੀ ਜਾਣ ਵਾਲੀ ਰਸਾਇਣਕ ਖਾਦ ਹੈ। ਪੰਜਾਬ ਵਿਚ 2018-19 ਦੌਰਾਨ ਵਰਤੀ ਗਈ 17.59 ਲੱਖ ਟਨ (1759.91 ਟਹੁਸਅਨਦ ਟੋਨਨਏਸ) ਖਾਦ ਵਿਚੋਂ 13.88 ਲੱਖ ਟਨ (1388.47 thousand tonnes) ਮਾਤਰਾ ਇਕੱਲੀ ਨਾਈਟਰੋਜਨ ਦੀ ਹੀ ਸੀ, ਜੋ ਕੁੱਲ ਵਰਤੀ ਗਈ ਖਾਦ ਦੀ 78.89 ਫ਼ੀਸਦੀ ਹੈ। ਹੁਣ ਅਸੀਂ ਪੰਜਾਬ ਦੀਆਂ ਦੋਵੇਂ ਮੁੱਖ ਫ਼ਸਲਾਂ ਭਾਵ ਕਣਕ ਤੇ ਝੋਨੇ ਵਿਚ ਨਾਈਟਰੋਜਨ ਦੀ ਖ਼ਪਤ ਘੋਖਦੇ ਹਾਂ।

ਪੰਜਾਬ ਵਿਚ ਕਣਕ ਤੇ ਝੋਨਾ ਮੁੱਖ ਫ਼ਸਲਾਂ ਹੋਣ ਕਾਰਨ ਇਨ੍ਹਾਂ ਹੇਠ ਪੰਜਾਬ ਦੇ ਕੁੱਲ ਵਾਹੀਯੋਗ ਰਕਬੇ ਦਾ 84 ਫ਼ੀਸਦੀ ਹਿੱਸਾ ਆਉਂਦਾ ਹੈ। ਅਸੀਂ ਪੰਜਾਬ ਵਿਚ ਇਨ੍ਹਾਂ ਦੋਹਾਂ ਫ਼ਸਲਾਂ ਲਈ ਨਾਈਟਰੋਜਨ ਦੀ ਹੋਣ ਵਾਲੀ ਖ਼ਪਤ ਦੀ ਤੁਲਨਾ ਖੇਤੀਬਾੜੀ ਪੱਖੋਂ ਵਿਕਸਿਤ ਤੇ ਅਵਿਕਸਿਤ ਮੁਲਕਾਂ ਵਿਚ ਹੋਣ ਵਾਲੀ ਇਸ ਦੀ ਵਰਤੋਂ ਨਾਲ ਕਰਾਂਗੇ। ਇਸ ਖਾਦ ਦੀ ਫ਼ਸਲ-ਵਾਰ ਵਰਤੋਂ ਦੇ ਸਾਲ-ਵਾਰ ਵੇਰਵੇ ਉਪਲਬਧ ਨਾ ਹੋਣ ਕਾਰਨ ਅਸੀਂ ਆਪਣਾ ਮੁਲੰਕਣ ਸਾਲ 2014 ਦੇ ਆਧਾਰ ਤੇ ਕਰਾਂਗੇ, ਜਿਸ ਦੇ ਅੰਕੜੇ ਸਾਡੇ ਕੋਲ ਉਪਲਬਧ ਹਨ।

ਪੰਜਾਬ 'ਚ ਕਣਕ ਲਈ ਨਾਈਟਰੋਜਨ ਦੀ ਔਸਤ ਖ਼ਪਤ 171.60 ਤੇ ਝੋਨੇ ਲਈ 157.80 ਕਿਲੋ ਪ੍ਰਤੀ ਹੈਕਟੇਅਰ ਹੈ। ਇਹ ਖ਼ਪਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ) ਵੱਲੋਂ ਸਿਫ਼ਾਰਸ਼ਸ਼ੁਦਾ ਮਿਕਦਾਰ ਕਣਕ ਲਈ 125 ਤੇ ਝੋਨੇ ਲਈ 105 ਕਿਲੋ ਪ੍ਰਤੀ ਹੈਕਟੇਅਰ ਤੋਂ ਕਿਤੇ ਵੱਧ ਹੈ। ਇਸ ਤੋਂ ਇਲਾਵਾ ਜੇ ਅਸੀਂ ਕਣਕ ਤੇ ਝੋਨੇ ਦੀ ਕੁੱਲ ਨਾਈਟਰੋਜਨ ਖ਼ਪਤ (329.40 ਕਿਲੋ ਪ੍ਰਤੀ ਹੈਕਟੇਅਰ) ਦੀ ਤੁਲਨਾ ਹੋਰਨਾਂ 26 ਮੁਲਕਾਂ (ਜਿਨ੍ਹਾਂ ਵਿਚ ਯੂਰੋਪੀਅਨ ਯੂਨੀਅਨ ਨੂੰ ਇਕ ਇਕਾਈ ਮੰਨਦਿਆਂ ਇਸ ਦੇ 28 ਮੁਲਕਾਂ ਨੂੰ ਇਕ ਗਿਣਿਆ ਗਿਆ ਹੈ) ਨਾਲ ਕਰੀਏ ਅਤੇ ਨਾਲ ਹੀ ਭਾਰਤ ਤੇ ਸਾਰੀ ਆਲਮੀ ਔਸਤ ਨਾਲ ਕਰੀਏ ਤਾਂ ਸਾਨੂੰ ਬਹੁਤ ਹੈਰਾਨੀਜਨਕ ਨਤੀਜੇ ਮਿਲਦੇ ਹਨ। ਅਸੀਂ ਜਿਨ੍ਹਾਂ ਮੁਲਕਾਂ ਦੀ ਸੂਚੀ ਇਸ ਤੁਲਨਾ ਲਈ ਵਰਤੀ ਹੈ, ਉਨ੍ਹਾਂ ਵਿਚੋਂ ਦਸ ਸੰਸਾਰ ਦੇ ਸਭ ਤੋਂ ਵੱਧ ਕਣਕ ਉਤਪਾਦਕ ਤੇ ਨੌਂ ਸਭ ਤੋਂ ਵੱਧ ਝੋਨਾ ਉਤਪਾਦਕ ਮੁਲਕ ਹਨ। ਕਣਕ ਤੇ ਝੋਨੇ ਦੀ ਕੁੱਲ ਨਾਈਟਰੋਜਨ ਖ਼ਪਤ (329.40 ਕਿਲੋ ਪ੍ਰਤੀ ਹੈਕਟੇਅਰ) ਦੇ ਮਾਮਲੇ 'ਚ ਪੰਜਾਬ ਦੂਜੇ ਨੰਬਰ ਉਤੇ ਹੈ ਅਤੇ ਸਿਰਫ਼ ਇਕ ਪੂਰਾ ਮੁਲਕ ਮਿਸਰ (433.70 ਕਿਲੋ ਪ੍ਰਤੀ ਹੈਕਟੇਅਰ) ਹੀ ਇਸ ਤੋਂ ਅੱਗੇ ਹੈ। ਪੰਜਾਬ ਤੋਂ ਬਾਅਦ ਤੀਜੇ ਸਥਾਨ ਤੇ ਪਾਕਿਸਤਾਨ (319.66 ਕਿਲੋ ਪ੍ਰਤੀ ਹੈਕਟੇਅਰ), ਚੌਥੇ ਸਥਾਨ ਤੇ ਮੈਕਸਿਕੋ (288.28 ਕਿਲੋ ਪ੍ਰਤੀ ਹੈਕਟੇਅਰ), ਪੰਜਵੇਂ ਸਥਾਨ ਤੇ ਉਜ਼ਬੇਕਿਸਤਾਨ (272.69 ਕਿਲੋ), ਛੇਵੇਂ ਸਥਾਨ ਤੇ ਚੀਨ (268.58 ਕਿਲੋ), ਸੱਤਵੇਂ ਸਥਾਨ ਤੇ ਅਮਰੀਕਾ (252.50 ਕਿਲੋ ਪ੍ਰਤੀ ਹੈਕਟੇਅਰ) ਅਤੇ ਅੱਠਵੇਂ ਸਥਾਨ ਤੇ ਜਪਾਨ (247.05 ਕਿਲੋ) ਹਨ। ਭਾਰਤ ਦਾ ਸਥਾਨ 241.41 ਕਿਲੋ ਪ੍ਰਤੀ ਹੈਕਟੇਅਰ ਨਾਲ ਨੌਵਾਂ ਹੈ ਅਤੇ ਦਸਵੇਂ ਸਥਾਨ ਤੇ 234.47 ਕਿਲੋ ਪ੍ਰਤੀ ਹੈਕਟੇਅਰ ਨਾਲ ਚਿਲੀ ਆਉਂਦਾ ਹੈ।

ਜੇ ਅਸੀਂ ਇਨ੍ਹਾਂ ਮੁਲਕਾਂ ਦੇ ਕਣਕ ਤੇ ਝੋਨੇ ਦੇ ਸਾਂਝੇ ਝਾੜ ਦੀ ਗੱਲ ਕਰੀਏ ਤਾਂ ਇਸ ਮਾਮਲੇ ਵਿਚ ਵੀ ਸਭ ਤੋਂ ਵੱਧ ਨਾਈਟਰੋਜਨ ਦੀ ਖ਼ਪਤ ਵਾਲਾ ਮਿਸਰ ਹੀ ਪਹਿਲੇ ਨੰਬਰ ਉਤੇ ਹੈ। ਇਸ ਅਫ਼ਰੀਕੀ ਮੁਲਕ ਵਿਚ ਕਣਕ ਤੇ ਝੋਨੇ ਦੀ ਪੈਦਾਵਾਰ 15.71 ਟਨ ਪ੍ਰਤੀ ਹੈਕਟੇਅਰ ਹੈ ਅਤੇ ਇਸ ਤੋਂ ਬਾਅਦ ਯੂਰੋਪੀਅਨ ਯੂਨੀਅਨ (12.50 ਟਨ ਪ੍ਰਤੀ ਹੈਕਟੇਅਰ), ਉਜ਼ਬੇਕਿਸਤਾਨ (12.08 ਟਨ), ਚੀਨ (12.05 ਟਨ), ਅਮਰੀਕਾ (11.43 ਟਨ ਪ੍ਰਤੀ ਹੈਕਟੇਅਰ), ਚਿਲੀ (11.35 ਟਨ), ਮੈਕਸਿਕੋ (10.91 ਟਨ), ਆਸਟਰੇਲੀਆ (10.71 ਟਨ), ਜਪਾਨ (9.92 ਟਨ) ਅਤੇ ਤੁਰਕੀ (9.21 ਟਨ ਪ੍ਰਤੀ ਹੈਕਟੇਅਰ) ਆਉਂਦੇ ਹਨ। ਦੂਜੇ ਪਾਸੇ ਆਪਣੇ ਖੇਤਾਂ ਵਿਚ ਨਾਈਟਰੋਜਨ ਸੁੱਟਣ ਦੇ ਮਾਮਲੇ ਵਿਚ ਦੁਨੀਆ ਭਰ ਵਿਚ ਦੂਜਾ ਮੁਕਾਮ ਰੱਖਦੇ ਪੰਜਾਬ ਦਾ ਕਣਕ-ਝੋਨੇ ਦਾ ਝਾੜ ਲੈਣ ਦੇ ਮਾਮਲੇ ਵਿਚ 8.12 ਟਨ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ 14ਵਾਂ ਸਥਾਨ ਹੈ। ਇਹ ਗੱਲ ਗ਼ੌਰ ਕਰਨ ਵਾਲੀ ਹੈ ਕਿ ਇਸ ਸੂਚੀ ਵਿਚਲੇ ਕਣਕ-ਝੋਨੇ ਦਾ ਪੰਜਾਬ ਨਾਲੋਂ ਕਿਤੇ ਵੱਧ ਝਾੜ ਲੈਣ ਵਾਲੇ ਮੁਲਕਾਂ ਵਿਚੋਂ ਮਿਸਰ ਨੂੰ ਛੱਡ ਕੇ ਹੋਰ ਸਭਨਾਂ ਦੀ ਨਾਈਟਰੋਜਨ ਦੀ ਖ਼ਪਤ ਪੰਜਾਬ ਨਾਲੋਂ ਬਹੁਤ ਘੱਟ ਹੈ। ਇਹ ਦਲੀਲ ਤਾਂ ਭਾਵੇਂ ਦਿੱਤੀ ਜਾ ਸਕਦੀ ਹੈ ਕਿ ਇਨ੍ਹਾਂ ਮੁਲਕਾਂ ਵਿਚ ਵੱਧ ਝਾੜ ਲਈ ਮੁਆਫ਼ਕ ਵਾਤਾਵਰਨੀ ਹਾਲਾਤ ਤੇ ਹੋਰ ਕਾਰਨ ਜ਼ਿੰਮੇਵਾਰ ਹੋ ਸਕਦੇ ਹਨ ਪਰ ਤਾਂ ਵੀ ਇਨ੍ਹਾਂ ਦਲੀਲਾਂ ਰਾਹੀਂ ਪੰਜਾਬ ਵਿਚ ਖਾਦਾਂ ਦੀ ਇਸ ਬੇਹਿਸਾਬੇ ਢੰਗ ਨਾਲ ਬਹੁਤ ਜ਼ਿਆਦਾ ਵਰਤੋਂ ਨੂੰ ਵਾਜਬ ਨਹੀਂ ਠਹਿਰਾਇਆ ਜਾ ਸਕਦਾ। ਇਹ ਅੰਨ੍ਹੀ ਵਰਤੋਂ ਨਾ ਸਿਰਫ਼ ਸਾਡੇ ਵਾਤਾਵਰਨ ਲਈ ਹੀ ਭਾਰੀ ਨੁਕਸਾਨਦੇਹ ਹੈ ਸਗੋਂ ਇਹ ਸਾਡੀ ਜ਼ਮੀਨ ਦੇ ਨਾਲ ਨਾਲ ਇਨਸਾਨਾਂ, ਜਾਨਵਰਾਂ, ਪੰਛੀਆਂ, ਬਨਸਪਤੀ ਆਦਿ ਦੀ ਸਿਹਤ ਉਤੇ ਵੀ ਮਾੜਾ ਅਸਰ ਪਾਉਂਦੀ ਹੈ। ਇਸ ਲਈ ਜ਼ਰੂਰੀ ਹੈ ਕਿ ਪੰਜਾਬੀ ਸਮਾਜ ਆਮ ਕਰ ਕੇ ਅਤੇ ਪੰਜਾਬੀ ਕਿਸਾਨ ਖ਼ਾਸ ਕਰ ਕੇ ਪੰਜਾਬ ਦੀ ਧਰਤੀ ਉਤੇ ਖਾਦਾਂKਨਾਈਟਰੋਜਨ ਦੀ ਇੰਜ ਗ਼ੈਰ-ਮਾਮੂਲੀ ਤੇ ਨਾਵਾਜਬ ਢੰਗ ਨਾਲ ਹੋ ਰਹੀ ਭਾਰੀ ਵਰਤੋਂ ਵੱਲ ਧਿਆਨ ਦੇਣ।

ਪੰਜਾਬ ਵਿਚ ਮੌਜੂਦਾ ਕਿਸਾਨੀ ਅੰਦੋਲਨ ਕਾਰਨ ਹਾਲ ਦੀ ਘੜੀ ਰੇਲ ਆਵਾਜਾਈ ਠੱਪ ਹੈ। ਪਹਿਲਾਂ ਪੰਜਾਬ ਸਰਕਾਰ ਨੇ ਆਵਾਜਾਈ ਬਹਾਲ ਕਰਨ ਲਈ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਚਲਾਈ ਤਾਂ ਕਿ ਸੂਬੇ ਵਿਚ ਖਾਦਾਂ ਦੀ ਉਪਲਬਧਤਾ ਯਕੀਨੀ ਬਣਾਈ ਜਾ ਸਕੇ ਪਰ ਹੁਣ ਖਬਰਾਂ ਹਨ ਕਿ ਕੇਂਦਰ ਸਰਕਾਰ ਨੇ ਪੰਜਾਬ ਵਿਚ ਮਾਲ ਗੱਡੀਆਂ ਦੀ ਆਵਾਜਾਈ ਬੰਦ ਕਰ ਦਿੱਤੀ ਹੈ। ਉਧਰ, ਹਾੜ੍ਹੀ (ਕਣਕ) ਦੀ ਬਿਜਾਈ ਦਾ ਸੀਜ਼ਨ ਸਿਰ ਤੇ ਹੈ। ਸੰਕਟਮਈ ਹਾਲਾਤ ਕਾਰਨ ਅਕਸਰ ਮੁਸ਼ਕਿਲਾਂ ਪੈਦਾ ਹੁੰਦੀਆਂ ਹਨ ਪਰ ਨਾਲ ਹੀ ਮੌਕੇ ਵੀ ਮਿਲਦੇ ਹਨ। ਇਸ ਲਈ ਸੰਕਟ ਦੀ ਮੌਜੂਦਾ ਘੜੀ ਦਾ ਪੰਜਾਬ ਅਤੇ ਨਾਲ ਹੀ ਹਰਿਆਣਾ ਦੇ ਕਿਸਾਨਾਂ ਨੇ ਆਪਣੇ ਵੱਲੋਂ ਕੀਤੀ ਜਾ ਰਹੀ ਖ਼ਾਸਕਰ ਨਾਈਟਰੋਜਨ ਖਾਦ ਦੀ ਅੰਨ੍ਹੀ ਵਰਤੋਂ ਦੇ ਹੋ ਰਹੇ ਮਾਰੂ ਅਸਰਾਂ ਉਤੇ ਗ਼ੌਰ ਕਰਨ ਦੇ ਮੌਕੇ ਵਜੋਂ ਲਾਹਾ ਲੈਣਾ ਚਾਹੀਦਾ ਹੈ। ਉਹ ਜੇ ਇਨ੍ਹਾਂ ਰਸਾਇਣਕ ਖਾਦਾਂ ਦੀ ਵਰਤੋਂ ਨੂੰ ਖ਼ਤਮ ਨਹੀਂ ਵੀ ਕਰ ਸਕਦੇ, ਤਾਂ ਵੀ ਉਨ੍ਹਾਂ ਨੂੰ ਲਾਜ਼ਮੀ ਤੌਰ ਤੇ ਇਨ੍ਹਾਂ ਦੀ ਵਰਤੋਂ ਘਟਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ। ਇੰਜ ਖਾਦਾਂ ਦੀ ਵਰਤੋਂ ਘਟਾਉਣ ਦੇ ਆਰਜ਼ੀ ਤੌਰ ਤੇ ਕਿਸਾਨਾਂ ਲਈ ਆਰਥਿਕ ਅਸਰ ਸਾਹਮਣੇ ਆ ਸਕਦੇ ਹਨ, ਕਿਉਂਕਿ ਉਨ੍ਹਾਂ ਦੀ ਉਪਜ ਘਟ ਸਕਦੀ ਹੈ। ਉਂਜ, ਇਸ ਦੇ ਨਤੀਜੇ ਕਿਸਾਨਾਂ ਲਈ ਹੀ ਹੋਰ ਕਈ ਪਹਿਲੂਆਂ ਤੋਂ ਹਾਂ-ਪੱਖੀ ਨਿਕਲਣਗੇ। ਪਹਿਲਾ, ਜੇ ਪੰਜਾਬ ਅਤੇ ਹਰਿਆਣਾ ਦੇ ਕਿਸਾਨ ਸਾਂਝੇ ਤੌਰ ਤੇ ਕੇਂਦਰ ਸਰਕਾਰ ਦੇ ਖੇਤੀ ਮੰਡੀਕਰਨ ਕਾਨੂੰਨਾਂ ਖ਼ਿਲਾਫ਼ ਜਾਰੀ ਅੰਦੋਲਨ ਦੇ ਹਿੱਸੇ ਵਜੋਂ ਖਾਦਾਂ ਦੀ ਖ਼ਪਤ ਘਟਾਉਣ ਦਾ ਫ਼ੈਸਲਾ ਕਰਦੇ ਹਨ ਤਾਂ ਇਸ ਨਾਲ ਅਨਾਜੀ ਫ਼ਸਲਾਂ ਦੀ ਪੈਦਾਵਾਰ ਵਿਚ ਕਮੀ ਜਾਂ ਕਮੀ ਦੇ ਡਰ ਕਾਰਨ ਸਰਕਾਰ ਉਤੇ ਦਬਾਅ ਪਵੇਗਾ ਕਿ ਉਹ ਇਨ੍ਹਾਂ ਖੇਤੀ ਕਾਨੂੰਨਾਂ ਉਤੇ ਮੁੜ ਗ਼ੌਰ ਕਰੇ। ਇਹ ਕਾਰਵਾਈ ਸਰਕਾਰ ਉਤੇ ਆਪਣੀਆਂ ਖੇਤੀ ਨੀਤੀਆਂ ਦੀ ਨਜ਼ਰਸਾਨੀ ਵਾਸਤੇ ਦਬਾਅ ਪਾਉਣ ਦਾ ਬੜਾ ਹਾਂ-ਪੱਖੀ ਤੇ ਪੁਰਅਮਨ ਤਰੀਕਾ ਸਾਬਤ ਹੋ ਸਕਦਾ ਹੈ। ਦੂਜਾ ਤੇ ਇੰਨਾ ਹੀ ਅਹਿਮ ਇਹ ਕਿ ਇਸ ਨਾਲ ਪੰਜਾਬ ਅਤੇ ਹਰਿਆਣਾ ਦੀ ਵਾਹੀਯੋਗ ਜ਼ਮੀਨ ਦੀ ਸਿਹਤ ਸੁਧਾਰਨ ਅਤੇ ਸਿੱਟੇ ਵਜੋਂ ਉਪਜ ਨੂੰ ਵਧਾਉਣ ਵਿਚ ਮਦਦ ਮਿਲੇਗੀ। ਤੀਜਾ, ਅਨਾਜੀ ਫ਼ਸਲਾਂ ਦੇ ਕੁੱਲ ਝਾੜ ਤੇ ਇਨ੍ਹਾਂ ਦੀ ਸਪਲਾਈ ਵਿਚ ਕਮੀ ਵੀ ਇਨ੍ਹਾਂ ਖ਼ੁਰਾਕੀ ਉਤਪਾਦਾਂ ਦੀਆਂ ਕੀਮਤਾਂ ਵਧਣ ਦੇ ਸਿੱਟੇ ਵਜੋਂ ਕਿਸਾਨਾਂ ਲਈ ਮਾਲੀ ਤੌਰ ਤੇ ਲਾਹੇਵੰਦ ਹੀ ਹੋਵੇਗੀ। ਇਹ ਅਰਥ ਸ਼ਾਸਤਰ ਦਾ ਸਿੱਧਾ ਜਿਹਾ ਅਸੂਲ ਹੈ ਕਿ ਘੱਟ ਪੈਦਾਵਾਰ ਨਾਲ ਪ੍ਰਤੀ ਇਕਾਈ ਜ਼ਿਆਦਾ ਕੀਮਤ ਵਸੂਲ ਕੇ ਵੱਧ ਪੈਦਾਵਾਰ ਅਤੇ ਪ੍ਰਤੀ ਇਕਾਈ ਘੱਟ ਕੀਮਤ ਦੇ ਮੁਕਾਬਲੇ ਕਿਤੇ ਜ਼ਿਆਦਾ ਕਮਾਈ ਕੀਤੀ ਜਾ ਸਕਦੀ ਹੈ। ਚੌਥਾ, ਖਾਦਾਂ ਦੀ ਘੱਟ ਵਰਤੋਂ ਨਾਲ ਕਿਸਾਨਾਂ ਦੇ ਖੇਤੀ ਖ਼ਰਚੇ ਵੀ ਘਟਣਗੇ ਅਤੇ ਇਸ ਤਰ੍ਹਾਂ ਲਾਗਤਾਂ ਦੇ ਮੁਕਾਬਲੇ ਉਨ੍ਹਾਂ ਦੇ ਮੁਨਾਫ਼ੇ ਵਿਚ ਵਾਧਾ ਹੋਵੇਗਾ।

ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਲਈ ਜ਼ਰੂਰੀ ਹੈ ਕਿ ਉਹ ਆਪਣੇ ਛੋਟੀ, ਦਰਮਿਆਨੀ ਤੇ ਲੰਮੀ ਮਿਆਦ ਵਾਲੇ ਆਰਥਿਕ, ਵਾਤਾਵਰਨੀ ਤੇ ਸਿਆਸੀ ਏਜੰਡੇ ਵਿਚ ਖਾਦਾਂ ਦੀ ਖ਼ਪਤ ਘਟਾਉਣ ਵੱਲ ਤਵੱਜੋ ਦੇਣ। ਲੰਮੀ ਮਿਆਦ ਵਿਚ ਆਰਗੈਨਿਕ ਖੇਤੀ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਹਰੇ ਇਨਕਲਾਬ ਤੋਂ ਪਹਿਲਾਂ ਦੇ ਦੌਰ ਦੌਰਾਨ ਸਾਡਾ ਖੇਤੀ ਦਾ ਇਹੋ ਤਰੀਕਾ ਸੀ ਪਰ ਇਸ ਦਾਈਏ ਵੱਲ ਪਹਿਲਾ ਕਦਮ ਲਾਜ਼ਮੀ ਤੌਰ ਤੇ ਖਾਦਾਂ ਦੀ ਖ਼ਪਤ ਵਿਚ ਕਟੌਤੀ ਵਜੋਂ ਚੁੱਕਿਆ ਜਾਣਾ ਚਾਹੀਦਾ ਹੈ।

Raja

New Introducing Chaat Corner

King of Sweets Now Presents

Come and Enjoy Mouth Watering Chaat All Day



ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ

- BHEL PAPDI CHAAT
- FALUDA KULFI
- GOL GAPPE (PANI PURI)
- KHASTA KACHORI

RAJA SWEETS & INDIAN CUISINE

31583 Alvarado Blvd. Union City, CA 94587

Phone : (510) 489-9100



MOON indian cuisine

Moon Indian Cuisine

510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ

Fish Pakora

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ
ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ
ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।



Paul 510-978-7170

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544

Phone (510)780-9233 Fax (510) 780-9812

www.moonindiancuisine.net



TEC Equipment
Your Best Business Partner

DIXON

ਨਵੇਂ ਅਤੇ ਪੁਰਾਣੇ ਟਰੱਕ ਖਰੀਦਣ ਲਈ ਅੱਜ ਹੀ ਮਿਲੋ, ਅਸੀਂ ਟਰੱਕਾਂ ਲਈ ਫਾਈਨਾਂਸ ਵੀ ਕਰਵਾ ਦਿੰਦੇ ਹਾਂ

THE WEST'S LEADING FULL-SERVICE TRUCK AND TRAILER DEALERSHIP

SALES & LEASING • PARTS & SERVICE • FINANCE & INSURANCE



HARJINDER SINGH BAL
NEW TRUCK SALES
Direct 707-640-7114 | Cell 510-613-3573
hsingh@tecequipment.com

TECEQUIPMENT.COM

8555 Pedrick Rd Dixon, CA 95620



Cosmetic & Family Dentistry

# UPPAL DENTAL CARE

50 % Discount for Cash Patients

INVISALIGN

Call for Details
Straighten Teeth Without Wires



Charanjit S Uppal
D.D.S.

FREE TEETH WHITENING WITH PAID EXAM, X-RAY & CLEANING.
YOUR INSURANCE USUALLY COVER THESE SERVICES

- Laser Treatment
- Lumineers/Veneers
- Dentures & Partials
- Root Canals
- Bad Breath
- Cosmetic Dentistry
- Crowns & Bridges
- Tooth Extraction
- Gum Treatment

Strictly Maintained Sterilization Standards
Most Insurance Plans Accepted

1191 W Tennyson Rd. # 4,
Hayward. (CA) 94544
510-786-1780

1750 CLEAR LAKE AVE
Milpitas, CA 95035
408-942-4400

www.uppaldental.com






# Quick Lube & Smog

We rent U-HAUL

OIL CHANGE & SMOG CHECK STATION

## SUKHWINDER BHELLA

gogibhella@gmail.com

691 W. Tennyson Rd
Hayward, CA 94544

PH 510-757-6775
FAX 510-292-0330



# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810





# PREET FABRICS & APPLIANCE

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।

YOUR ONE-STOP CENTER BOTH FABRICS & APPLIANCES

APPLIANCES & LUGGAGE CROSS, PARKER PENS, OSTER BLENDERS

Watches (Seiko, Citizen & Swistar)
Shavers & Trimmers
Cellular Phones

## Onkar Singh Banwait

5156 Mowry AVE. Fremont. CA 94538
Tel- 510-797-7111

# ਸਿੱਖ ਪੰਥ ਨੂੰ ਬਾਬਾ ਜੀਵਨ ਸਿੰਘ ਦੀ ਲਾਸਾਨੀ ਦੇਣ



**ਇਕਬਾਲ ਸਿੰਘ ਕਲਿਆਣ**

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਵੱਲੋਂ ਲਾਏ ਸਿੱਖੀ ਦੇ ਬੂਟੇ ਨੂੰ ਸਾਡੇ ਗੁਰੂ ਸਾਹਿਬਾਨ ਤੇ ਸੂਰਬੀਰ ਯੋਧਿਆਂ ਨੇ ਆਪਣੇ ਖ਼ੂਨ ਨਾਲ ਸਿੰਜਿਆ। ਗੁਰੂ ਜੀ ਨੇ ਸਿੱਖੀ ਦੀ ਇਹ ਬੂਟਾ ਉਸ ਸਮੇਂ ਲਾਇਆ ਜਦੋਂ ਪਾਖੰਡਵਾਦ, ਊਚ-ਨੀਚ, ਜਾਤ-ਪਾਤ, ਛੂਆ-ਛੂਤ ਦਾ ਬੋਲਬਾਲਾ ਸੀ। ਉਸ ਸਮੇਂ ਦਲਿਤਾਂ ਨੂੰ ਧਾਰਮਿਕ ਸਥਾਨਾਂ 'ਤੇ ਜਾ ਕੇ ਪਰਮਾਤਮਾ ਦੀ ਬੰਦਗੀ ਕਰਨ ਦੀ ਮਨਾਹੀ ਸੀ। ਵਿੱਦਿਆ ਲੈਣ ਦਾ ਅਧਿਕਾਰ ਦਲਿਤਾਂ ਨੂੰ ਨਹੀਂ ਸੀ।

ਅਜਿਹੇ ਸਮਿਆਂ ਵਿੱਚ ਗੁਰੂ ਨਾਨਕ ਦੇਵ ਜੀ ਨੇ ਇਲਾਹੀ ਬਾਣੀ ਦੀ ਰਚਨਾ ਕੀਤੀ ਅਤੇ ਬਾਕੀ ਗੁਰੂ ਸਾਹਿਬਾਨ ਨੇ ਸਭ ਨੂੰ ਬਰਾਬਰ ਸਮਝਦਿਆਂ ਆਦਿ ਗ੍ਰੰਥ ਸਾਹਿਬ ਵਿੱਚ ਕਥਿਤ ਨੀਵੀਆਂ ਜਾਤਾਂ ਦੇ ਭਗਤਾਂ ਦੀ ਬਾਣੀ ਵੀ ਦਰਜ ਕੀਤੀ। ਦਸਮੇਸ਼ ਪਿਤਾ ਨੇ ਬਰਾਬਰਤਾ ਬਖ਼ਸ਼ਦਿਆਂ ਆਨੰਦਪੁਰ ਸਾਹਿਬ ਵਿੱਚ ਖ਼ਾਲਸੇ ਦੀ ਸਿਰਜਣਾ ਕੀਤੀ। ਸਿੱਖੀ ਦਾ ਜਿਹੜਾ ਬੂਟਾ ਤੱਤੀਆਂ ਤਵੀਆਂ, ਸਰਹੰਦ ਦੀਆਂ ਕੰਧਾਂ, ਆਰਿਆਂ ਦੇ ਦੰਦਿਆਂ, ਦੇਗਾਂ ਦੇ ਉਬਾਲਿਆਂ ਜਿਹੀਆਂ ਪ੍ਰਸਥਿਤੀਆਂ ਵਿੱਚੋਂ ਲੰਘ ਕੇ ਲਹਿਰਾ ਰਿਹਾ ਸੀ, ਉਸ ਨੂੰ ਸਿੱਖ ਕੌਮ ਦੇ ਆਗੂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਭਾਲ ਨਾ ਸਕੀ। ਇਸੇ ਕਾਰਨ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਦੇ ਪਦ ਚਿੰਨ੍ਹਾਂ 'ਤੇ ਚੱਲਣ ਵਾਲੇ ਮਜ਼੍ਹਬੀ ਸਿੱਖ ਭਾਈਚਾਰੇ ਦੇ ਬਹੁਤੇ ਲੋਕ ਅਖੌਤੀ ਸਾਧਾਂ ਦੇ ਡੇਰਿਆਂ ਦੀ ਰੌਣਕ ਵਧਾ ਰਹੇ ਹਨ।

ਮਜ਼੍ਹਬੀ ਸਿੱਖ ਭਾਈਚਾਰੇ ਨੂੰ ਸੰਭਾਲਣਾ ਤਾਂ ਦੂਰ, ਸ਼੍ਰੋਮਣੀ ਕਮੇਟੀ ਅਤੇ ਪੰਥਕ ਆਗੂ ਜਿਨ੍ਹਾਂ ਦੇ ਮੋਢਿਆਂ 'ਤੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦੀ ਜ਼ਿੰਮੇਵਾਰੀ ਹੈ, ਨੇ ਮਜ਼੍ਹਬੀ ਸਿੱਖ ਦੇ ਸੂਰਮੇ ਭਾਈ ਢੇਰਾ ਸਿੰਘ, ਜਿਸ ਨੇ ਗੁਰੂ ਆਸੇ ਨੂੰ ਅਮਲ ਵਿੱਚ ਲਿਆਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਲਈ ਕੁਰਬਾਨੀ ਦੇ ਕੇ 15 ਨਵੰਬਰ 1920 ਵਿੱਚ ਝੰਡੇ ਗੱਡੇ, ਦੀ ਕੁਰਬਾਨੀ ਦਾ ਵੀ ਮੁੱਲ ਨਹੀਂ ਪਾਇਆ। ਇੱਥੇ ਮਜ਼੍ਹਬੀ ਸਿੱਖ ਭਾਈਚਾਰੇ ਦੇ ਮਹਾਨ ਸ਼ਹੀਦ ਬਾਬਾ ਜੀਵਨ ਸਿੰਘ ਦੇ ਜੀਵਨ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਤਾਂ ਜੋ ਮਜ਼੍ਹਬੀ ਸਿੱਖਾਂ ਦੀ ਤ੍ਰਾਸਦੀ ਨੂੰ ਉਜਾਗਰ ਕੀਤਾ ਜਾ ਸਕੇ।

ਬਾਬਾ ਜੀਵਨ ਸਿੰਘ ਦਾ ਜਨਮ ਪਿਤਾ ਭਾਈ ਸਦਾ ਨੰਦ ਤੇ ਬੀਬੀ ਪ੍ਰੇਮੋ (ਪ੍ਰੇਮ ਕੌਰ) ਦੇ ਘਰ ਹੋਇਆ। ਗੁਰੂ ਤੇਗ਼ ਬਹਾਦਰ ਜੀ ਨੇ 20 ਜੁਲਾਈ 1675 ਨੂੰ ਸ਼ਹੀਦੀ ਦੇਣ ਲਈ ਜਦੋਂ ਦਿੱਲੀ ਚਾਲੇ ਪਾਏ ਤਾਂ ਉਨ੍ਹਾਂ ਨੂੰ 15 ਸਤੰਬਰ 1675 ਨੂੰ ਪੰਜ ਪਿਆਰਿਆਂ ਸਮੇਤ ਆਗਰਾ ਤੋਂ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦੌਰਾਨ ਗੁਰੂ ਸਾਹਿਬ ਨੇ ਜੇਲ੍ਹ ਵਿੱਚ 57 ਸਲੋਕਾਂ ਦੀ ਰਚਨਾ ਕੀਤੀ। ਗੁਰੂ ਸਾਹਿਬ ਨੇ ਬਾਬਾ ਜੀਵਨ ਸਿੰਘ ਨੂੰ ਇਹ 57 ਸਲੋਕ, ਪੰਜ ਪੈਸੇ, ਨਾਰੀਅਲ, ਤਿਲਕ ਅਤੇ 'ਗੁਰਿਆਈ ਹੁਕਨਾਮਾ' ਦੇ ਕੇ ਸ੍ਰੀ ਆਨੰਦਪੁਰ ਸਾਹਿਬ ਭੇਜਿਆ। ਬਾਬਾ ਜੀ ਨੇ ਆਨੰਦਪੁਰ ਸਾਹਿਬ ਪਹੁੰਚ ਕੇ ਸਾਰੀ ਸਮੱਗਰੀ ਬਾਲ ਗੋਬਿੰਦ ਰਾਏ ਨੂੰ ਸੌਂਪੀ ਅਤੇ ਦਿੱਲੀ ਦੇ ਹਾਲਾਤ ਤੋਂ ਜਾਣੂ ਕਰਵਾਇਆ ਅਤੇ ਕਿਹਾ ਕਿ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਅਟੱਲ ਹੈ। ਉਸ ਵੇਲੇ ਬਾਲ ਗੋਬਿੰਦ ਰਾਏ ਨੇ ਸੰਗਤ ਨੂੰ ਸ਼ਹੀਦ ਹੋਣ ਪਿੱਛੋਂ ਗੁਰੂ ਸਾਹਿਬ ਦਾ ਸੀਸ ਤੇ ਧੜ ਲਿਆਉਣ ਦੇ ਕਾਰਜ ਲਈ ਵੰਗਾਰਿਆ ਤਾਂ ਚਾਰੇ ਪਾਸੇ ਸੰਨਾਟਾ ਛਾ ਗਿਆ। ਜਦੋਂ ਸੰਗਤ ਵਿੱਚੋਂ ਕੋਈ ਨਾ ਉੱਠਿਆ ਤਾਂ ਬਾਬਾ ਜੀਵਨ ਸਿੰਘ ਨੇ ਇਹ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਅਤੇ ਭੇਸ ਬਦਲ ਕੇ ਦਿੱਲੀ ਪਹੁੰਚ ਗਏ।

ਜਦੋਂ 11 ਨਵੰਬਰ 1675 ਨੂੰ ਗੁਰੂ ਜੀ ਨੂੰ ਚਾਂਦਨੀ ਚੌਕ ਦਿੱਲੀ ਵਿੱਚ ਸ਼ਹੀਦ ਕੀਤਾ ਗਿਆ ਤਾਂ 11-12 ਨਵੰਬਰ 1675 ਦੀ ਰਾਤ ਨੂੰ ਬਾਬਾ ਜੀਵਨ ਸਿੰਘ, ਪਿਤਾ ਸਦਾ ਨੰਦ, ਤਾਇਆ ਆ-ਗਿਆ ਰਾਮ, ਭਾਈ ਗੁਰਦਿ-ੱਤਾ ਤੇ ਭਾਈ ਉਦੇ ਨਾਲ ਚਾਂਦਨੀ ਚੌਕ ਪਹੁੰਚੇ। ਬਾਬਾ ਜੀਵਨ ਸਿੰਘ ਨੇ ਆਪਣੇ ਪਿਤਾ ਸਦਾ ਨੰਦ ਦਾ ਸੀਸ ਕੱਟ ਦਿੱਤਾ ਤਾਂ ਜੋ ਉਸ ਨੂੰ ਗੁਰੂ ਸਾਹਿਬ ਦੇ ਸੀਸ ਨਾਲ ਬਦਲਿਆ ਜਾ ਸਕੇ ਅਤੇ ਧੜ ਦਾ ਸਸਕਾਰ ਆਪਣੇ ਘਰ ਭਾਈ ਕਲਿਆਣੇ ਦੀ ਧਰਮਸ਼ਾਲਾ ਪਿੰਡ ਰਾਇਸੀਨਾ ਦਿੱਲੀ ਵਿੱਚ ਕੀਤਾ। ਹਕੂਮਤ ਦੇ ਸਖ਼ਤ ਪਹਿਰੇ ਹੇਠੋਂ ਬਾਬਾ ਜੀਵਨ ਸਿੰਘ ਗੁਰੂ ਤੇਗ਼ ਬਹਾਦਰ ਸਾਹਿਬ ਦਾ ਸੀਸ ਲੈ ਕੇ 15 ਨਵੰਬਰ 1675 ਨੂੰ ਸ੍ਰੀ ਆਨੰਦਪੁਰ ਸਾਹਿਬ ਪਹੁੰਚੇ। ਬਾਲ ਗੋਬਿੰਦ ਰਾਏ ਨੇ ਸੰਗਤ ਨਾਲ 16 ਨਵੰਬਰ 1675 ਨੂੰ ਉਨ੍ਹਾਂ ਦੇ ਸੀਸ ਦਾ ਸਸਕਾਰ ਕਰ ਦਿੱਤਾ।

ਇਸ ਮੌਕੇ ਬਾਲ ਗੋਬਿੰਦ ਰਾਏ ਨੇ ਬਾਬਾ ਜੀਵਨ ਸਿੰਘ ਨੂੰ ਗਲਵੱਕੜੀ ਵਿੱਚ ਲੈ ਕੇ 'ਰੰਘਰੇਟਾ ਗੁਰੂ ਕਾ ਬੇਟਾ' ਦਾ ਖ਼ਿਤਾਬ ਦਿੱਤਾ। ਅਫ਼ਸੋਸ ਦੀ ਗੱਲ ਇਹ ਹੈ ਕਿ ਸ਼੍ਰੋਮਣੀ ਕਮੇਟੀ ਤੇ ਪੰਥਕ ਆਗੂਆਂ ਨੇ ਮਜ਼੍ਹਬੀ ਸਿੱਖਾਂ ਦੀਆਂ ਕੁਰਬਾ-ਨੀਆ ਦਾ ਕੋਈ ਮੁੱਲ ਨਹੀਂ ਪਾਇਆ। ਜਦੋਂ ਡਾ. ਬੀ.ਆਰ. ਅੰ-ਬੇਦਕਰ ਨੇ ਗੁਰੂ ਨਾਨਕ ਮਿਸ਼ਨ ਤੋਂ ਪ੍ਰਭਾਵਿਤ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਨਤਮਸਤਕ ਹੋਣ ਪਿੱਛੋਂ ਆਪਣੇ ਸਾਥੀਆਂ ਨਾਲ ਅੰਮ੍ਰਿਤ ਛਕਣ ਅਤੇ ਸਿੰਘ ਸਜਣ ਦੀ ਦਿਲੀ ਇੱਛਾ ਜ਼ਾਹਿਰ ਕੀਤੀ ਤਾਂ ਉਸ ਵਕਤ ਸ਼੍ਰੋਮਣੀ ਕਮੇਟੀ ਦੇ ਆਗੂ ਡਾ. ਅੰਬੇਦਕਾਰ ਨੂੰ ਦਲਿਤ ਆਗੂ ਸਮਝਣ ਦੀ ਥਾਂ ਜੇ ਉਸ ਦੀ ਅੰਦਰਲੀ ਭਾਵਨਾ ਸਮਝਦੇ ਅਤੇ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਂਦੇ ਤਾਂ ਸਿੱਖ ਭਾਈਚਾਰੇ ਦਾ ਹੋਰ ਵਿਕਾਸ ਹੋਣਾ ਸੀ। ਅਜਿਹੀਆਂ ਕਈ ਘਟਨਾਵਾਂ ਹਨ, ਜਿਨ੍ਹਾਂ ਨੇ ਮਜ਼੍ਹਬੀ ਸਿੱਖ ਭਾਈਚਾਰੇ ਨੂੰ ਭਾਰੀ ਠੇਸ ਪਹੁੰਚਾਈ ਹੈ। ਮਜ਼੍ਹਬੀ ਸਿੱਖ ਭਾਈਚਾਰੇ ਦੇ ਰਹਿਬਰ ਬਾਬਾ ਜੀਵਨ ਦਾ ਚਮਕੌਰ ਗੜੀ ਵਿੱਚ ਸ਼ਹੀਦ ਹੋਏ 40 ਸਿੰਘਾਂ ਦੀ ਸੂਚੀ ਵਿੱਚੋਂ ਨਾਂ ਹੀ ਗਾਇਬ ਕਰ ਦਿੱਤਾ ਗਿਆ। ਗੁਰੂ ਗੋਬਿੰਦ ਸਿੰਘ ਵੱਲੋਂ ਬਾਬਾ ਜੀ ਦੇ ਪਿਤਾ ਭਾਈ ਸਦਾ ਨੰਦ ਦੀ ਕੁਰਬਾਨੀ ਅਤੇ ਮਜ਼੍ਹਬੀ ਸਿੱਖ ਭਾਈਚਾਰੇ ਵੱਲੋਂ ਕੀਤੀਆਂ ਕੁਰਬਾਨੀਆਂ ਦੇ ਸਨਮਾਨ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿੱਚ ਬਣਾਏ ਗਏ ਰੰਘਰੇਟਿਆਂ ਦੇ ਬੂੰਗੇ ਨੂੰ 1957 ਵਿੱਚ ਗਾਇਬ ਕਰ ਦਿੱਤਾ ਗਿਆ। ਇਸ ਕਾਰਨ ਮਜ਼੍ਹਬੀ ਸਿੱਖ ਭਾਈਚਾਰੇ ਦੇ ਵਿਦਵਾਨਾਂ ਨੂੰ ਦੁਬਾਰਾ ਬੂੰਗਾ ਸਥਾਪਿਤ ਕਰਵਾਉਣ ਲਈ ਹਾਈ ਕੋਰਟ ਦਾ ਸਹਾਰਾ ਲੈਣਾ ਪਿਆ।

# ਅਹਿਮਦ ਸ਼ਾਹ ਅਬਦਾਲੀ ਨਾਲ ਲੋਹਾ ਲੈਣ ਵਾਲੇ ਸ਼ਹੀਦ ਗੁਰਬਖ਼ਸ਼ ਸਿੰਘ

**ਜਸਬੀਰ ਸਿੰਘ 'ਤੇਗ'**

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਸ਼ਹੀਦ ਗੰਜ ਬਾਬਾ ਗੁਰਬਖ਼ਸ਼ ਸਿੰਘ ਸੁਸ਼ੋਭਿਤ ਹੈ। ਬਾਬਾ ਗੁਰਬਖ਼ਸ਼ ਸਿੰਘ ਦਾ ਜਨਮ 10 ਅਪਰੈਲ 1688 ਨੂੰ ਪਿਤਾ ਦਸੌਂਧਾ ਸਿੰਘ ਤੇ ਮਾਤਾ ਲੱਛਮੀ ਦੇ ਗ੍ਰਹਿ ਪਿੰਡ ਲੀਲ੍ਹ ਖੇਮਕਰਨ ਅੰਮ੍ਰਿਤਸਰ ਵਿੱਚ ਹੋਇਆ। 1693 ਵਿੱਚ ਉਹ ਸ੍ਰੀ ਆਨੰਦਪੁਰ ਸਾਹਿਬ ਚਲੇ ਗਏ। 1699 ਨੂੰ ਭਾਈ ਮਨੀ ਸਿੰਘ ਪਾਸੋਂ ਅੰਮ੍ਰਿਤ ਛਕਿਆ ਅਤੇ ਬਾਬਾ ਦੀਪ ਸਿੰਘ ਦੀ ਸ਼ਹੀਦੀ ਮਿਸਲ ਵਿੱਚ ਸ਼ਾਮਲ ਹੋ ਗਏ। ਇੱਥੇ ਹੀ ਉਨ੍ਹਾਂ ਨੇ ਸ਼ਸ਼ਤਰ ਵਿੱਦਿਆ ਹਾਸਲ ਕੀਤੀ। ਬਾਬਾ ਦੀਪ ਸਿੰਘ ਦੀ ਸ਼ਹੀਦੀ ਮਗਰੋਂ ਉਨ੍ਹਾਂ ਆਪਣਾ ਜਥਾ ਬਣਾ ਲਿਆ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਰੱਖਿਆ ਤੇ ਸੇਵਾ ਸੰਭਾਲ ਖ਼ਾਤਰ ਇੱਥੇ ਟਿਕਾਣਾ ਰੱਖਿਆ।

ਦਸੰਬਰ 1764 ਨੂੰ ਅਹਿਮਦ ਸ਼ਾਹ ਅਬਦਾਲੀ ਨੇ ਆਪਣੀ 30,000 ਫ਼ੌਜ ਸਣੇ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰ ਦਿੱਤਾ। ਇਧਰ ਬਾਬਾ ਗੁਰਬਖ਼ਸ਼ ਸਿੰਘ ਦੀ ਅਗਵਾਈ ਹੇਠ ਸਿਰਫ਼ ਤੀਹ ਤਿਆਰ-ਬਰ-ਤਿਆਰ ਸਿੰਘ ਸਨ। ਸਿੰਘਾਂ ਨੇ ਮਤਾ ਕੀਤਾ ਕਿ ਅਹਿਮਦ ਸ਼ਾਹ ਦੀ ਫ਼ੌਜ ਦਾ ਟਾਕਰਾ ਕਰ ਕੇ ਸ਼ਹੀਦੀਆਂ ਪਾਈਆਂ ਜਾਣ।

ਸਿੰਘਾਂ ਅੰਦਰ ਸ਼ਹੀਦੀਆਂ ਦਾ ਚਾਅ ਠਾਠਾਂ ਮਾਰ ਰਿਹਾ ਸੀ। ਬਾਬਾ ਜੀ ਕਹਿਣ ਲਗੇ, ''ਸਿੰਘੋ ਅਸਾਂ ਮੌਤ ਲਾੜੀ ਨੂੰ ਪ੍ਰਨਾਉਣਾ ਹੈ, ਸਾਡੇ ਗਾਨਾ ਬੰਨ੍ਹ ਦੇਵੋ।'' ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਤੇ ਨਿਤਨੇਮ ਕਰ ਕੇ ਬਾਬਾ ਜੀ ਸਾਰੇ ਸਿੰਘਾਂ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਆ ਗਏ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਬਾਬਾ ਜੀ ਨੇ ਕਿਹਾ, "ਅੱਜ ਸਾਨੂੰ ਘੋੜੀਆਂ ਦਾ ਪਾਠ ਸਰਵਣ ਕਰਵਾਓ। ਅੱਜ ਅਸਾਂ ਮੌਤ ਲਾੜੀ ਨੂੰ ਵਿਆਹੁਣਾ ਹੈ।'' ਘੋੜੀਆਂ ਦਾ ਪਾਠ ਸਰਵਣ ਕਰ ਕੇ ਸਿੰਘਾਂ ਦੇ ਚਿਹਰੇ ਸੂਹੇ-ਲਾਲ ਹੋ ਗਏ। ਸਿੰਘ ਤਿਆਰ ਬਰ ਤਿਆਰ ਹੋ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਰਸ਼ਨੀ ਡਿਉਢੀ ਦੇ ਸਾਹਮਣੇ ਆ ਖਲੋਤੇ ਤੇ ਅਹਿਮਦਸ਼ਾਹ ਦੀ ਫ਼ੌਜ ਦਾ ਇੰਤਜ਼ਾਰ ਕਰਨ ਲੱਗੇ। ਅਹਿਮਦ ਸ਼ਾਹ ਸਮਝਦਾ ਸੀ ਕਿ ਉਸ ਦੇ ਆਉਣ ਦੀ ਖ਼ਬਰ ਸੁਣ ਕੇ ਸਿੰਘ ਜੰਗਲਾਂ ਵਿੱਚ ਜਾ ਲੁਕੇ ਹਨ। ਉਹ ਇਨ੍ਹਾਂ ਸਿੰਘਾਂ ਨੂੰ ਆਪਣੇ ਸਾਹਮਣੇ ਵੇਖ ਕੇ ਹੈਰਾਨ ਹੋ ਗਿਆ। ਸਿੰਘਾਂ ਨੇ ਜੈਕਾਰੇ ਛੱਡੇ ਤੇ ਬਾਜਾਂ ਵਾਂਗ ਫ਼ੌਜ 'ਤੇ ਟੁੱਟ ਪਏ।



ਵੇਖਦੇ ਹੀ ਵੇਖਦੇ ਲੋਥਾਂ ਦੇ ਢੇਰ ਲੱਗ ਗਏ। ਹੌਲੀ-ਹੌਲੀ ਘਮਸਾਣ ਵਧਣ ਲੱਗਾ। ਸਿੰਘ ਸ਼ਹੀਦੀਆਂ ਪਾ ਰਹੇ ਸਨ ਤੇ ਦਿਨ ਦਾ ਪਹਿਲਾ ਪਹਿਰ ਬੀਤ ਗਿਆ। ਬਾਬਾ ਗੁਰਬਖ਼ਸ਼ ਸਿੰਘ ਨੇ ਆਪਣੇ ਖੰਡੇ ਨਾਲ ਵੈਰੀ ਦੇ ਐਸੇ ਆਹੂ ਲਾਹੇ ਕਿ ਕਿਸੇ ਦੀ ਜੁਰਅਤ ਨਹੀਂ ਸੀ ਪੈ ਰਹੀ ਕਿ ਅੱਗੇ ਵਧ ਕੇ ਮੁਕਾਬਲਾ ਕਰ ਸਕੇ। ਬਾਬਾ ਜੀ ਸ਼ਹੀਦੀ ਲਈ ਤਤਪਰ ਸਨ। ਦਿਨ ਦੇ ਦੂਜੇ ਪਹਿਰ ਤਕ ਵੈਰੀਆਂ ਨੂੰ ਹੌਸਲਾ ਨਹੀਂ ਸੀ ਪੈ ਰਿਹਾ ਕਿ ਬਾਬਾ ਜੀ ਦੇ ਸਨਮੁਖ ਹੋ ਸਕਦੇ। ਦੂਰੋਂ ਖੜ੍ਹੇ ਹੋ ਕੇ ਉਹ ਗੋਲੀਆਂ ਵਰ੍ਹਾਉਂਦੇ ਤੇ ਤੀਰਾਂ ਦੀ ਮਾਰ ਕਰ ਰਹੇ ਸਨ। ਬਾਬਾ ਜੀ ਦੇ ਸਰੀਰ ਨੂੰ ਤੀਰਾਂ ਤੇ ਗੋਲੀਆਂ ਨੇ ਚੀਰ ਕੇ ਦਿੱਤਾ। ਉਨ੍ਹਾਂ ਦੇ ਸਰੀਰ 'ਤੇ ਬੇਸ਼ੁਮਾਰ ਜ਼ਖ਼ਮ ਹੋ ਗਏ ਸਨ।

ਗੋਲੀ ਛਾਡੈਂ ਦੂਰ ਖੜ,
ਔ ਧਰੀ ਤੀਰਨ ਕੀ ਮਾਰ।
ਸਿੰਘ ਗਏ ਚੀਰ ਸਰੀਰ ਕੋ,
ਪਰੈ ਨ ਜ਼ਖ਼ਮ ਸੁਮਾਰ।।
(ਪੰਥ ਪ੍ਰਕਾਸ਼)

ਬਾਬਾ ਗੁਰਬਖ਼ਸ਼ ਸਿੰਘ ਦੇ ਸਰੀਰ ਵਿੱਚੋਂ ਲਹੂ ਦੀਆਂ ਤਤੀਰੀਆਂ ਨਿਕਲ ਰਹੀਆਂ ਸਨ। ਜਦੋਂ ਕਾਫ਼ੀ ਲਹੂ ਸਰੀਰ ਵਿੱਚੋਂ ਵਹਿ ਗਿਆ ਤਾਂ ਉਨ੍ਹਾਂ ਦਾ ਸਰੀਰ ਨਿਢਾਲ ਹੋਣ ਲੱਗਾ। ਫਿਰ ਬਾਬਾ ਜੀ ਦਰਸ਼ਨੀ ਡਿਉਢੀ ਦੇ ਸਾਹਮਣੇ ਗੋਡਿਆਂ ਭਾਰ ਹੋ ਕੇ ਗੁਰੂ ਪਾਤਸ਼ਾਹ ਦੇ ਸਨਮੁਖ ਹੱਥ ਜੋੜ ਕੇ ਬੇਨਤੀ ਕਰਨ ਲੱਗੇ:

ਹਾਥ ਜੋੜ ਠਾਂਢੋ ਭਯੋ,
ਲਾਇ ਚਰਨ ਸੁ ਗੁਰ ਕੋ ਧਪਾਨ।
ਗੁਰਬਖਸ਼ ਸਿੰਘ ਇਮ ਬਚ ਕਹਯੋ,
ਤੂੰ ਆਪੈ ਜਾਣੀ ਜਾਣ।
ਜੋ ਹਜ਼ੂਰ ਨਿਜ ਪੰਥ ਰਚਾਯਾ।
ਅਬ ਤਿਸ ਨੈ ਹੈ ਬਹੁ ਦੁਖ ਪਾਯਾ।
ਕਾਬਲ ਤੇ ਜੋਊ ਕੁਤੇ ਮੰਗਾਯੋ।
ਬੰਦੈ ਜਿਮ ਉਸ ਚਹੀਅਤ ਗਲਾਯੋ।
(ਪੰਥ ਪ੍ਰਕਾਸ਼)

ਉਨ੍ਹਾਂ ਗੁਰੂ ਚਰਨਾਂ ਵਿੱਚ ਅਰਦਾਸ ਕੀਤੀ, ''ਹੇ ਸੱਚੇ ਪਾਤਸ਼ਾਹ! ਤੇਰੇ ਸਾਜੇ ਹੋਏ ਪੰਥ ਨੇ ਬਹੁਤ ਦੁੱਖ ਸਹੇ ਹਨ, ਹੁਣ ਕੋਈ ਐਸਾ ਚਮਤਕਾਰ ਕਰੋ ਕਿ ਇਹ ਜੋ ਬੇਗਾਨੀ-ਧਰਤ ਕਾਬਲ ਵੱਲੋਂ ਹਮਲਾਵਰ (ਕੁੱਤੇ) ਆਉਂਦੇ ਹਨ, ਇਨ੍ਹਾਂ ਦਾ ਰਾਹ ਸਦਾ ਲਈ ਬੰਦ ਹੋ ਜਾਵੇ ਤੇ ਤੇਰਾ ਪੰਥ ਚੜ੍ਹਦੀ ਕਲਾ ਵਿੱਚ ਹੋਵੇ, ਪੰਜਾਬ ਦੀ ਰਾਜ-ਸੱਤਾ ਦਾ ਸੁੱਖ ਮਾਣੇ।'' ਇਤਿਹਾਸ ਗਵਾਹ ਹੈ ਕਿ ਬਾਬਾ ਗੁਰਬਖ਼ਸ਼ ਸਿੰਘ ਦੀ ਸ਼ਹੀਦੀ ਤੋਂ ਜਲਦ ਮਗਰੋਂ ਹੀ ਅਹਿਮਦ ਸ਼ਾਹ ਫੌਤ ਹੋ ਗਿਆ ਤੇ ਪੰਜਾਬ ਵਿੱਚ ਖ਼ਾਲਸੇ ਦੀ ਚੜ੍ਹਾਈ ਹੋ ਗਈ। ਸੰਗਤਾਂ ਵੱਲੋਂ ਸ਼ਰਧਾ ਤੇ ਸਤਿਕਾਰ ਸਹਿਤ 3 ਦਸੰਬਰ ਨੂੰ ਸ਼ਹੀਦ ਗੰਜ: ਬਾਬਾ ਗੁਰਬਖ਼ਸ਼ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ।

# ਲਾਸਾਨੀ ਸ਼ਹੀਦ ਬਾਬਾ ਜੰਗ ਸਿੰਘ

**ਸੁਰਿੰਦਰ ਕੋਛੜ**



ਜ਼ਿਲ੍ਹਾ ਸੰਗਰੂਰ ਦੇ ਪਿੰਡ ਮਹਿਲ ਕਲਾਂ ਵਿੱਚ 1937 ਵਿੱਚ ਪਿਤਾ ਬਿਸ਼ਨ ਸਿੰਘ ਤੇ ਮਾਤਾ ਹਰਨਾਮ ਕੌਰ ਦੇ ਘਰ ਜਨਮੇ ਸੰਤ ਜੰਗ ਸਿੰਘ ਅਜਿਹੇ ਮਹਾਨ ਤਿਆਗੀ, ਤਪੱਸਵੀ ਤੇ ਨਾਮ ਦੇ ਰਸੀਏ ਹੋਏ ਹਨ, ਜਿਨ੍ਹਾਂ ਦਾ ਨਾਂ ਸਿੱਖ ਇਤਿਹਾਸ ਵਿੱਚ ਦਰਜ ਸ਼ਹੀਦਾਂ ਦੀ ਸੂਚੀ ਵਿੱਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਸੰਤ ਨੰਦ ਸਿੰਘ ਤੇ ਸੰਤ ਈਸ਼ਰ ਸਿੰਘ ਕਲੇਰਾਂ ਵਾਲਿਆਂ ਦੇ ਦਰਸਾਏ ਮਾਰਗ 'ਤੇ ਚਲਦਿਆਂ ਸੰਤ ਜੰਗ ਸਿੰਘ ਨਾਨਕਸਰ ਕਲੇਰਾਂ ਨੇ ਹਜ਼ਾਰਾਂ ਸੰਗਤਾਂ ਨੂੰ ਗੁਰੂ-ਘਰ ਨਾਲ ਜੋੜਿਆ। ਉਨ੍ਹਾਂ ਨੇ ਕਰਨਾਲ ਵਿੱਚ ਸੰਗਤ ਦੀ ਮੰਗ 'ਤੇ ਗੁਰਦੁਆਰਾ ਨਾਨਕਸਰ ਸੀਂਘੜਾ, ਨਾਨਕਸਰ ਪੂੰਡਰੀ ਤੇ ਨਾਨਕਸਰ ਲੰਗਰ ਮਾਤਾ ਸਾਹਿਬ ਦੇਵਾਂ ਦਾ ਨਿਰਮਾਣ ਕਰਵਾਇਆ।

1982 ਵਿੱਚ ਪੰਜਾਬ ਵਿੱਚ ਆਰੰਭੇ ਧਰਮ ਯੁੱਧ ਮੋਰਚੇ ਦੌਰਾਨ ਪੰਜਾਬ ਪੁਲੀਸ ਵੱਲੋਂ ਜਦੋਂ 34 ਸਿੱਖਾਂ ਨੂੰ ਬੱਸ ਵਿੱਚ ਬਿਠਾ ਕੇ ਲਿਜਾਇਆ ਜਾ ਰਿਹਾ ਸੀ ਤਾਂ ਤਰਨ ਤਾਰਨ ਦਾ ਰੇਲਵੇ ਫਾਟਕ ਪਾਰ ਕਰਨ ਲੱਗਿਆਂ ਬੱਸ ਦੀ ਟੱਕਰ ਰੇਲਗੱਡੀ ਨਾਲ ਹੋ ਗਈ। ਇਸ ਦੌਰਾਨ ਸਾਰੇ ਸਿੱਖ ਸ਼ਹੀਦ ਹੋ ਗਏ। ਇਸ ਘਟਨਾ ਤੋਂ ਬਾਅਦ ਗੁੱਸੇ ਵਿੱਚ ਆਈ ਸਿੱਖ ਸੰਗਤ ਨੇ ਸ਼ਹੀਦਾਂ ਦਾ ਸਸਕਾਰ ਕਰਨ ਤੋਂ ਬਾਅਦ ਉਨ੍ਹਾਂ ਦੀਆਂ ਅਸਥੀਆਂ ਲੈ ਕੇ ਰੋਸ ਪ੍ਰਗਟ ਕਰਨ ਹਿੱਤ ਅੰਮ੍ਰਿਤਸਰ ਤੋਂ ਦਿੱਲੀ ਤਕ ਸ਼ਰਧਾਂਜਲੀ ਜਲੂਸ ਕੱਢਿਆ। ਇਸ ਜਲੂਸ ਵਿੱਚ ਭਾਰੀ ਗਿਣਤੀ ਵਿੱਚ ਸ਼ਾਮਲ ਸੰਗਤਾਂ ਅੰਮ੍ਰਿਤਸਰ ਤੋਂ ਚੱਲ ਕੇ ਪਹਿਲੀ ਰਾਤ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਪੁੱਜੀਆਂ ਤੇ ਅਗਲੀ ਰਾਤ ਇਹ ਜਲੂਸ ਕਰਨਾਲ ਵਿੱਚ ਗੁਰਦੁਆਰਾ ਨਾਨਕਸਰ ਲੰਗਰ ਮਾਤਾ ਸਾਹਿਬ ਦੇਵਾਂ ਵਿੱਚ ਰੁਕਿਆ। ਉੱਥੋਂ ਦਿੱਲੀ ਨੂੰ ਚੱਲਣ ਲੱਗਿਆਂ ਬਾਬਾ ਜੰਗ ਸਿੰਘ ਵੀ ਸੰਗਤ ਨਾਲ ਚੱਲ ਪਏ।

ਦਿੱਲੀ ਪੁੱਜਣ ਤੋਂ ਬਾਅਦ ਜਦੋਂ ਸਿੱਖ ਸੰਗਤ ਪਾਰਲੀਮੈਂਟ ਸਾਹਮਣੇ ਰੋਸ ਪ੍ਰਦਰਸ਼ਨ ਕਰ ਰਹੀ ਸੀ ਤੇ ਬਾਬਾ ਜੀ ਸੰਗਤ ਨੂੰ ਜਲ ਛਕਾ ਰਹੇ ਸਨ ਤਾਂ ਹਕੂਮਤ ਦੇ ਇਸ਼ਾਰੇ 'ਤੇ ਪੁਲੀਸ ਨੇ ਨਿਹੱਥੇ ਸਿੱਖਾਂ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ।

ਇਸ ਗੋਲੀਬਾਰੀ ਦੌਰਾਨ ਇੱਕ ਔਰਤ, ਉਸ ਦਾ ਬਾਲਕ ਤੇ ਦੋ ਨੌਜਵਾਨ ਸ਼ਹੀਦ ਹੋ ਗਏ। ਇਹ ਸਭ ਵੇਖ ਰਹੇ ਬਾਬਾ ਜੰਗ ਸਿੰਘ ਤੋਂ ਸਹਿਣ ਨਾ ਹੋਇਆ ਅਤੇ ਉਨ੍ਹਾਂ ਗੁਰ-ਦੁਆਰਾ ਰਕਾਬ ਗੰਜ ਦੇ ਬਾਹਰ ਪੁਲੀਸ ਦੀ ਕਾਰਵਾਈ ਪ੍ਰਤੀ ਰੋਸ ਪ੍ਰਗਟ ਕਰਦਿਆਂ ਪੁਲੀਸ ਨੂੰ ਲਲਕਾਰਦਿਆਂ ਕਿਹਾ, ''ਪੁਲੀਸ ਨਿਹੱਥੇ ਸਿੱਖਾਂ ਅਤੇ ਮਾਸੂਮਾਂ 'ਤੇ ਗੋਲੀ ਚਲਾਉਣ ਤੋਂ ਪਹਿਲਾਂ ਮੈਨੂੰ ਆਪਣੀ ਗੋਲੀ ਦਾ ਨਿਸ਼ਾਨਾ ਬਣਾਏ।'' ਇੰਨਾ ਕਹਿ ਕੇ ਉਹ ਆਪਣਾ ਚਿੱਟਾ ਚੋਲਾ ਛਾਤੀ ਤੋਂ ਪਾੜ ਕੇ ਪੁਲੀਸ ਦੇ ਸਾਹਮਣੇ ਖੜ੍ਹੇ ਹੋ ਗਏ।

ਬਾਬਾ ਜੰਗ ਸਿੰਘ ਨੂੰ ਰਸਤੇ ਵਿੱਚ ਰੁਕਾਵਟ ਬਣਦਿਆਂ ਵੇਖ ਪੁਲੀਸ ਨੇ ਉਨ੍ਹਾਂ 'ਤੇ ਗੋਲੀ ਚਲਾ ਦਿੱਤੀ। ਇਸ ਤਰ੍ਹਾਂ ਸਿੱਖ ਸੰਗਤ ਵਿਰੁੱਧ ਕੀਤੀ ਜਾ ਰਹੀ ਸਰਕਾਰੀ ਵਧੀਕੀ ਵਿਰੁੱਧ ਹਾਅ ਦਾ ਨਾਅਰਾ ਮਾਰਦਿਆਂ ਸੰਤ ਜੰਗ ਸਿੰਘ ਸ਼ਹੀਦੀ ਪਾ ਗਏ।

ਸੰਤ ਜੰਗ ਸਿੰਘ ਦੇ ਪਰਮ ਸੇਵਕ ਸੰਤ ਕਸ਼ਮੀਰ ਸਿੰਘ ਵੱਲੋਂ ਸੰਗਤ ਦੇ ਸਹਿਯੋਗ ਨਾਲ ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬਾਬਾ ਜੀ ਦੀ ਯਾਦ ਵਿੱਚ 1995 ਵਿੱਚ ਉਸਾਰੇ ਗਏ ਗੁਰਦੁਆਰਾ ਨਾਨਕਸਰ, ਨੰਦ ਨਗਰ, ਕਰਨਾਲ ਵਿੱਚ ਇਸ ਵਰ੍ਹੇ 8, 9 ਅਤੇ 10 ਅਕਤੂਬਰ ਨੂੰ ਬਾਬਾ ਜੀ ਦੀ 34ਵੀਂ ਬਰਸੀ ਮਨਾਈ ਜਾ ਰਹੀ ਹੈ।

# ਭਾਰਤ ਦੇ ਡਾਕਟਰ ਵਿਦੇਸ਼ ਜਾਣ ਲਈ ਮਜਬੂਰ ਕਿਉਂ?



ਲਕਸ਼ਮੀ ਕਾਂਤਾ ਚਾਵਲਾ
ਸਾਬਕਾ ਮੰਤਰੀ, ਪੰਜਾਬ

ਕੇਂਦਰੀ ਸਿਹਤ ਮੰਤਰੀ ਜੇ ਪੀ ਨੱਡਾ ਨੇ ਦਿੱਲੀ ਦੇ ਇਕ ਮੈਡੀਕਲ ਕਾਲਜ ਦੇ ਸ਼ਤਾਬਦੀ ਡਿਗਰੀ ਵੰਡ ਸਮਾਗਮ ਦੌਰਾਨ ਇਹ ਮੰਨਿਆ ਸੀ ਕਿ ਭਾਰਤ ਵਿਚ ਡਾਕਟਰਾਂ ਅਤੇ ਸਿਹਤ ਮਾਹਿਰਾਂ ਦੀ ਭਾਰੀ ਘਾਟ ਹੈ। ਇਸ ਸਮੱਸਿਆ ਨਾਲ ਸਿੱਝਣ ਲਈ ਸਰਕਾਰ ਕੋਸ਼ਿਸ਼ ਕਰ ਰਹੀ ਹੈ। ਇਹ ਸਭ ਨੂੰ ਪਤਾ ਹੈ ਕਿ ਇਹ ਘਾਟ ਭਾਰਤ ਵਿਚ ਕੋਈ ਇਸੇ ਵਰ੍ਹੇ ਨਹੀਂ ਹੋਈ ਬਲਕਿ ਬੀਤੇ ਅਨੇਕਾਂ ਵਰਿਆਂ ਤੋਂ ਭਾਰਤ, ਮਰੀਜ਼ਾਂ ਦੀ ਵਧਦੀ ਗਿਣਤੀ ਅਤੇ ਡਾਕਟਰਾਂ ਦੀ ਘਾਟ ਦੀ ਸਮੱਸਿਆ ਤੋਂ ਜੂਝ ਰਿਹਾ ਹੈ।

ਅਫ਼ਸੋਸ ਇਹ ਹੈ ਕਿ ਇਸ ਵਿਸ਼ੇ 'ਤੇ ਚਿੰਤਾ ਵਧੇਰੇ ਹੋਈ ਅਤੇ ਚਿੰਤਨ ਘੱਟ ਕਿਉਂਕਿ ਇਸ ਦਾ ਹੱਲ ਕੋਈ ਲੱਭਦਾ ਨਹੀਂ। ਇਕ ਪਾਸੇ ਭਾਰਤ ਦੇ ਲੋਕ ਡਾਕਟਰਾਂ ਦੀ ਘਾਟ ਨਾਲ ਜੂਝ ਰਹੇ ਹਨ। ਦੂਜੇ ਪਾਸੇ ਜਿਹੜੇ ਲੋਕ ਦੁਨੀਆਂ ਦੇ ਹੋਰਨਾਂ ਮੁਲਕਾਂ ਵਿਚ ਘੁੰਮ ਕੇ ਆਉਂਦੇ ਹਨ ਜਾਂ ਇਲਾਜ ਲਈ ਅਮਰੀਕਾ ਆਦਿ ਵਿਕਸਿਤ ਮੁਲਕਾਂ ਵਿਚ ਜਾਂਦੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਦੁਨੀਆਂ ਦੇ ਸਭਨਾਂ ਵੱਡੇ ਵੱਡੇ ਹਸਪਤਾਲਾਂ ਵਿਚ ਭਾਰਤ ਦੇ ਹੀ ਡਾਕਟਰ ਸੇਵਾ ਕਰ ਰਹੇ ਹਨ ਅਤੇ ਨਾਂ ਵੀ ਪੈਦਾ ਕਰ ਰਹੇ ਹਨ। ਸਵਾਲ ਇਹ ਹੈ ਕਿ ਜੇਕਰ ਦੇਸ਼ ਦਾ ਕੋਈ ਮਰੀਜ਼ ਅਮਰੀਕਾ ਜਾ ਕੇ ਭਾਰਤ ਦੇ ਡਾਕਟਰ ਤੋਂ ਹੀ ਇਲਾਜ ਕਰਵਾ ਰਿਹਾ ਹੈ ਤਾਂ ਫਿਰ ਸਾਡੇ ਡਾਕਟਰ ਯੋਗ ਹੋਣ ਤੋਂ ਬਾਅਦ ਵੀ ਦੇਸ਼ ਤੋਂ ਬਾਹਰ ਕਿਉਂ ਚਲੇ ਗਏ? ਕੀ ਇਸ ਲਈ ਇਥੋਂ ਦੀਆਂ ਸਰਕਾਰਾਂ, ਸ਼ਾਸਨ ਪ੍ਰਬੰਧ ਅਤੇ ਸ਼ਾਸਨ ਕਲਾ ਜ਼ਿੰਮੇਵਾਰ ਨਹੀਂ?

ਜਿਹੜੇ ਲੋਕ ਕਾਨੂੰਨ ਅਤੇ ਗੈਰਕਾਨੂੰਨੀ ਢੰਗ ਨਾਲ ਵਿਦੇਸ਼ ਜਾ ਰਹੇ ਹਨ , ਉਹ ਕੁਝ ਵਰ੍ਹਿਆਂ ਬਾਅਦ ਮੁੜ ਆਪਣੇ ਦੇਸ਼ ਵਿਚ ਆਉਂਦੇ ਹਨ ਤਾਂ ਉਨ੍ਹਾਂ ਦਾ ਸਪਸ਼ਟ ਤੌਰ 'ਤੇ ਇਹ ਕਹਿਣਾ ਹੁੰਦਾ ਹੈ ਕਿ ਜਿਸ ਦੇਸ਼ ਵਿਚ ਉਹ ਰਹਿੰਦੇ ਹਨ ਉਥੋਂ ਦਾ ਸਲੀਕਾ ਬਹੁਤ ਵਧੀਆ ਹੈ, ਸ਼ੋਸ਼ਣ ਅਤੇ ਲੁੱਟ ਨਹੀਂ। ਮੈਂ ਇਹ ਮੰਨਦੀ ਹਾਂ ਕਿ ਜੇਕਰ ਭਾਰਤ ਵਿਚ ਕੋਈ ਘਾਟ ਹੈ ਤਾਂ ਉਸ ਨੂੰ ਦੇਸ਼ ਦੇ ਨੌਜਵਾਨਾਂ ਨੂੰ ਇਥੇ ਰਹਿ ਕੇ ਹੀ ਸੁਧਾਰਨਾ ਚਾਹੀਦਾ ਹੈ। ਵਿਦੇਸ਼ ਜਾਣਾ, ਉਥੇ ਵੱਸਣਾ ਅਤੇ ਮਗਰੋਂ ਦੇਸ਼ ਦੀ ਸ਼ਾਸਨ ਕਲਾ ਜਾਂ ਸਮਾਜਿਕ ਜੀਵਨ ਦੀ ਨਿਖੇਧੀ ਕਰਨਾ ਕਿਸੇ ਤਰ੍ਹਾਂ ਵੀ ਚੰਗਾ ਨਹੀਂ। ਪਰ ਅੱਜ ਜਦੋਂ ਭਾਰਤ ਦੀਆਂ ਸਿਹਤ ਸੇਵਾਵਾਂ ਦੀ ਗੱਲ ਕਰਦੇ ਹਾਂ ਤਾਂ ਇਹ ਕੌਣ ਨਹੀਂ ਜਾਣਦਾ ਕਿ ਭਾਰਤ ਦੇ ਮੈਡੀਕਲ ਕਾਲਜਾਂ ਵਿਚ ਓਨੀਆਂ ਸੀਟਾਂ ਵਿਦਿਆਰਥੀਆਂ ਲਈ ਉਪਲਬਧ ਨਹੀਂ ਜਿੰਨੇ ਵਿਦਿਆਰਥੀ ਡਾਕਟਰ ਬਣਨਾ ਲੋਚਦੇ ਹਨ।

ਭਾਰਤ ਵਿਚ ਸਰਕਾਰੀ ਮਨਜ਼ੂਰੀ ਲੈ ਕੇ ਧੜਾਧੜ ਮੈਡੀਕਲ ਕਾਲਜ ਖੋਲ੍ਹੇ ਜਾ ਰਹੇ ਹਨ। ਸਭ ਜਾਣਦੇ ਹਨ ਕਿ ਇਨ੍ਹਾਂ ਨਿਜੀ ਮੈਡੀਕਲ ਕਾਲਜਾਂ ਵਿਚ ਅੱਧੀ ਸਿੱਖਿਆ ਵਿਵਸਥਾ ਦੇ ਨਾਲ ਨਾਲ ਮੋਟੀ ਡੋਨੇਸ਼ਨ, ਦਾਨ ਜਾਂ ਦਾਖਲਾ ਫੀਸ ਦੇ ਨਾਂ 'ਤੇ ਡਾਕਟਰ ਬਣਨ ਲਈ ਵਿਦਿਆਰਥੀਆਂ ਨੂੰ ਦਾਖਲਾ ਮਿਲਦਾ ਹੈ। ਹਰ ਵਿਅਕਤੀ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਕਰੋੜਾਂ ਰੁਪਏ ਰਿਸ਼ਵਤ ਅਤੇ ਸਾਲਾਨਾ ਖਰਚ ਨਹੀਂ ਦੇ ਸਕਦਾ। ਕੀ ਕਦੇ ਸਰਕਾਰ ਨੇ ਇਸ ਵੱਲ ਧਿਆਨ ਦਿੱਤਾ ਹੈ? ਜਿਹੜੇ ਮੈਡੀਕਲ ਕਾਲਜ ਐਮਬੀਬੀਐਸ ਵਿਚ ਅਤੇ ਖਾਸਕਰ ਐਮ ਡੀ ਸਿੱਖਿਆ ਲਈ ਵਿਦਿਆਰਥੀਆਂ ਤੋਂ ਕਰੋੜ ਰੁਪਏ ਤੋਂ ਵਧ ਰਿਸ਼ਵਤ ਦੇ ਨਾਂ 'ਤੇ ਦਾਨ ਲੈਂਦੇ ਹਨ, ਉਹ ਕਰੋੜਾਂ ਰੁਪਏ ਕਿੱਥੋਂ ਆਉਂਦੇ ਹਨ? ਅਤੇ ਮੈਡੀਕਲ ਸਿੱਖਿਆ ਦੇਣ ਵਾਲੀਆਂ ਸੰਸਥਾਵਾਂ ਰਿਸ਼ਵਤ ਦਾ ਪੈਸਾ ਕਿਸ ਕਿਸ ਨੂੰ ਵੰਡਦੀਆਂ ਹਨ? ਜਿਹੜਾ ਡਾਕਟਰ ਰੇਡੀਆਲੋਜਿਸਟ ਬਣਨਾ ਚਾਹੁੰਦਾ ਹੈ ਅਤੇ ਜਿਨ੍ਹਾਂ ਨੂੰ ਸਰਕਾਰੀ ਕਾਲਜਾਂ ਵਿਚ ਦਾਖਲਾ ਨਹੀਂ ਮਿਲਦਾ, ਕਦੇ ਸਰਕਾਰ ਉਨ੍ਹਾਂ ਨੂੰ ਸੱਦ ਕੇ ਪੁੱਛੇ ਕਿ ਉਨ੍ਹਾਂ ਨੂੰ ਕਿੰਨੀਆਂ ਮੁਸੀਬਤਾਂ ਝੱਲਣੀਆਂ ਪਈਆਂ।

ਭਾਰਤ ਵਿਚ ਡਾਕਟਰਾਂ ਦੀ ਵੱਡੀ ਘਾਟ ਹੈ ਅਤੇ ਗ਼ਰੀਬਾਂ ਦੀ ਗਿਣਤੀ ਵਧ। ਭਾਰਤ ਦੀ ਇਕ ਤਿਹਾਈ ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਹੈ ਤੇ ਉਹ ਲੋਕ ਸਰਕਾਰੀ ਹਸਪਤਾਲਾਂ ਵਿਚ ਇਲਾਜ ਵੀ ਨਹੀਂ ਕਰਵਾ ਸਕਦੇ, ਪ੍ਰਾਈਵੇਟ ਤਾਂ ਦੂਰ ਦੀ ਗੱਲ ਹੈ। ਪੰਜਾਬ ਸਰਕਾਰ ਨੇ ਡਾਕਟਰਾਂ ਲਈ ਸਰਕਾਰੀ ਹਸਪਤਾਲਾਂ ਦੇ ਬੂਹੇ ਉਂਜ ਹੀ ਬੰਦ ਕਰ ਦਿੱਤੇ ਹਨ। ਸਰਕਾਰ ਦਾ ਇਹ ਆਦੇਸ਼ ਕਿੰਨਾ ਅਨਿਆਂਪੂਰਨ ਹੈ ਕਿ ਸਰਕਾਰੀ ਨੌਕਰੀ ਵਿਚ ਆਉਣ ਵਾਲੇ ਡਾਕਟਰ ਨੂੰ ਸਿਰਫ ਪੰਦਰਾਂ ਹਜ਼ਾਰ ਰੁਪਏ ਹੀ ਮਿਲਣਗੇ। ਜਦੋਂ ਸਰਕਾਰਾਂ ਡਾਕਟਰਾਂ ਦਾ ਇੰਨਾ ਸ਼ੋਸ਼ਣ ਕਰਨਗੀਆਂ ਤਾਂ ਦੂਜਿਆਂ ਤੋਂ ਸਹੀ ਵਿਵਹਾਰ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ? ਸਰਕਾਰ ਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਜਿਹੜੇ ਕੁਝ ਡਾਕਟਰ ਇਸ ਨਾਂਮਾਤਰ ਤਨਖਾਹ 'ਤੇ ਨੌਕਰੀ ਵਿਚ ਆਏ ਹਨ ਉਹ ਵੀ ਜਾਂ ਤਾਂ ਤਿੰਨ ਵਰ੍ਹੇ ਪੂਰੇ ਕਰਕੇ ਪੋਸਟ ਗਰੈਜੂਏਟ ਵਿਚ ਦਾਖਲੇ ਦੀ ਉਮੀਦ ਰੱਖਦੇ ਹਨ ਅਤੇ ਜਾਂ ਫਿਰ ਉਹ ਬਹੁਤ ਗ਼ਰੀਬ ਹਨ। ਸਵੇਰੇ ਸ਼ਾਮ ਉਹ ਦੂਜੇ ਪ੍ਰਾਈਵੇਟ ਹਸਪਤਾਲਾਂ ਵਿਚ ਕੰਮ ਕਰਕੇ ਆਟਾ ਦਾਲ ਦਾ ਜੁਗਾੜ ਕਰਦੇ ਹਨ। ਖ਼ੂਨ, ਪਿਸ਼ਾਬ ਤੋਂ ਲੈ ਕੇ ਹੋਰਨਾਂ ਜਾਂਚਾਂ ਲਈ ਮਰੀਜ਼ਾਂ ਨੂੰ ਪ੍ਰਾਈਵੇਟ ਲੈਬਾਰਟਰੀਆਂ ਵਿਚ ਭੇਜਦੇ ਹਨ। ਦਵਾਈਆਂ ਹਸਪਤਾਲ ਵਿਚ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਕੈਮਿਸਟ ਤੋਂ ਖਰੀਦਣ ਦੀ ਸਲਾਹ ਦਿੰਦੇ ਹਨ, ਜਿਸ ਨਾਲ ਉਨ੍ਹਾਂ ਦਾ ਕਮਿਸ਼ਨ ਪੱਕਾ ਹੋ ਜਾਵੇ।

**ਸੱਤਾਧਾਰੀਆਂ ਅਤੇ ਅਮੀਰਾਂ ਕਾਰਨ ਦੇਸ਼ ਵਿਚ ਪ੍ਰਾਈਵੇਟ ਨਰਸਿੰਗ ਕਾਲਜਾਂ ਦੀ ਗਿਣਤੀ ਵੀ ਤੇਜ਼ੀ ਨਾਲ ਵਧ ਰਹੀ ਹੈ। ਜਿਸ ਪਰਿਵਾਰ ਦੀ ਲੜਕੀ ਨੂੰ ਨਰਸ ਬਣਨ ਲਈ ਲਗਪਗ ਛੇ ਲੱਖ ਰੁਪਏ ਖਰਚ ਕਰਨੇ ਪੈਂਦੇ ਹਨ ਅਤੇ ਦਾਖਲੇ ਸਮੇਂ ਲੱਖ ਦੋ ਲੱਖ ਰੁਪਏ ਡੋਨੇਸ਼ਨ ਦੇਣੀ ਪੈਂਦੀ ਹੈ, ਉਨ੍ਹਾਂ ਦੇ ਦਰਦ ਦਾ ਅੰਦਾਜ਼ਾ ਸਰਕਾਰ ਨਹੀਂ ਲਾਉਂਦੀ। ਚਾਰ ਸਾਲਾ ਡਿਗਰੀ ਪੂਰੀ ਹੋਣ ਤੇ ਲੱਖਾਂ ਖਰਚਣ ਦੇ ਬਾਅਦ ਪ੍ਰਾਈਵੇਟ ਨਰਸਿੰਗ ਹੋਮ ਉਨ੍ਹਾਂ ਨੂੰ ਪੰਜ ਸੱਤ ਹਜ਼ਾਰ ਦੀ ਨੌਕਰੀ ਦਿੰਦੇ ਹਨ। ਦੂਜੇ ਪਾਸੇ ਸਰਕਾਰੀ ਠੇਕਾ ਸਿਸਟਮ ਵੀ ਉਨ੍ਹਾਂ ਨੂੰ ਦੋ ਡੰਗ ਦੀ ਰੋਟੀ ਮੁਹੱਈਆ ਨਹੀਂ ਕਰਵਾਉਂਦਾ। ਠੇਕੇ ਵਾਲੇ ਮੁਲਾਜ਼ਮ ਵਧ ਕੰਮ ਕਰਦੇ ਹਨ ਕਿਉਂਕਿ ਛਾਂਟੀ ਦੀ ਤਲਵਾਰ ਉਨ੍ਹਾਂ 'ਤੇ ਹਮੇਸ਼ਾ ਲਟਕਦੀ ਰਹਿੰਦੀ ਹੈ। ਇਹ ਹਾਲਤ ਲਗਪਗ ਪੂਰੇ ਭਾਰਤ ਵਿਚ ਇਕੋ ਜਿਹੀ ਹੈ। ਦੂਰ ਦੁਰੇਡੇ ਦੇ ਪਿੰਡਾਂ ਦੀ ਹਾਲਤ ਹੋਰ ਵੀ ਗੰਭੀਰ ਹੈ। ਜਿਸ ਮੁਲਕ ਵਿਚ ਸਟਾਫ ਦੀ ਪੋਸਟਿੰਗ ਰਿਸ਼ਵਤ ਜਾਂ ਪੈਸੇ ਦੀ ਤਾਕਤ ਨਾਲ ਹੁੰਦੀ ਹੋਵੇ, ਉਥੇ ਪਿੰਡਾਂ ਵਿਚ ਉਹੀ ਡਾਕਟਰ ਜਾਂ ਪੈਰਾ ਮੈਡੀਕਲ ਸਟਾਫ ਪਹੁੰਚਦਾ ਹੈ, ਜਿਨ੍ਹਾਂ ਦਾ ਕੋਈ ਰਾਜਸੀ ਹਮਦਰਦ ਨਹੀਂ ਹੁੰਦਾ ਜਾਂ ਉਹ ਅਧਿਕਾਰੀਆਂ ਨੂੰ ਖੁਸ਼ ਨਹੀਂ ਕਰ ਸਕੇ।**

ਸੱਤਾਧਾਰੀਆਂ ਅਤੇ ਅਮੀਰਾਂ ਕਾਰਨ ਦੇਸ਼ ਵਿਚ ਪ੍ਰਾਈਵੇਟ ਨਰਸਿੰਗ ਕਾਲਜਾਂ ਦੀ ਗਿਣਤੀ ਵੀ ਤੇਜ਼ੀ ਨਾਲ ਵਧ ਰਹੀ ਹੈ। ਜਿਸ ਪਰਿਵਾਰ ਦੀ ਲੜਕੀ ਨੂੰ ਨਰਸ ਬਣਨ ਲਈ ਲਗਪਗ ਛੇ ਲੱਖ ਰੁਪਏ ਖਰਚ ਕਰਨੇ ਪੈਂਦੇ ਹਨ ਅਤੇ ਦਾਖਲੇ ਸਮੇਂ ਲੱਖ ਦੋ ਲੱਖ ਰੁਪਏ ਡੋਨੇਸ਼ਨ ਦੇਣੀ ਪੈਂਦੀ ਹੈ, ਉਨ੍ਹਾਂ ਦੇ ਦਰਦ ਦਾ ਅੰਦਾਜ਼ਾ ਸਰਕਾਰ ਨਹੀਂ ਲਾਉਂਦੀ। ਚਾਰ ਸਾਲਾ ਡਿਗਰੀ ਪੂਰੀ ਹੋਣ ਤੇ ਲੱਖਾਂ ਖਰਚਣ ਦੇ ਬਾਅਦ ਪ੍ਰਾਈਵੇਟ ਨਰਸਿੰਗ ਹੋਮ ਉਨ੍ਹਾਂ ਨੂੰ ਪੰਜ ਸੱਤ ਹਜ਼ਾਰ ਦੀ ਨੌਕਰੀ ਦਿੰਦੇ ਹਨ। ਦੂਜੇ ਪਾਸੇ ਸਰਕਾਰੀ ਠੇਕਾ ਸਿਸਟਮ ਵੀ ਉਨ੍ਹਾਂ ਨੂੰ ਦੋ ਡੰਗ ਦੀ ਰੋਟੀ ਮੁਹੱਈਆ ਨਹੀਂ ਕਰਵਾਉਂਦਾ। ਠੇਕੇ ਵਾਲੇ ਮੁਲਾਜ਼ਮ ਵਧ ਕੰਮ ਕਰਦੇ ਹਨ ਕਿਉਂਕਿ ਛਾਂਟੀ ਦੀ ਤਲਵਾਰ ਉਨ੍ਹਾਂ 'ਤੇ ਹਮੇਸ਼ਾ ਲਟਕਦੀ ਰਹਿੰਦੀ ਹੈ। ਇਹ ਹਾਲਤ ਲਗਪਗ ਪੂਰੇ ਭਾਰਤ ਵਿਚ ਇਕੋ ਜਿਹੀ ਹੈ। ਦੂਰ ਦੁਰੇਡੇ ਦੇ ਪਿੰਡਾਂ ਦੀ ਹਾਲਤ ਹੋਰ ਵੀ ਗੰਭੀਰ ਹੈ। ਜਿਸ ਮੁਲਕ ਵਿਚ ਸਟਾਫ ਦੀ ਪੋਸਟਿੰਗ ਰਿਸ਼ਵਤ ਜਾਂ ਪੈਸੇ ਦੀ ਤਾਕਤ ਨਾਲ ਹੁੰਦੀ ਹੋਵੇ, ਉਥੇ ਪਿੰਡਾਂ ਵਿਚ ਉਹੀ ਡਾਕਟਰ ਜਾਂ ਪੈਰਾ ਮੈਡੀਕਲ ਸਟਾਫ ਪਹੁੰਚਦਾ ਹੈ, ਜਿਨ੍ਹਾਂ ਦਾ ਕੋਈ ਰਾਜਸੀ ਹਮਦਰਦ ਨਹੀਂ ਹੁੰਦਾ ਜਾਂ ਉਹ ਅਧਿਕਾਰੀਆਂ ਨੂੰ ਖੁਸ਼ ਨਹੀਂ ਕਰ ਸਕੇ।

ਇਹ ਚੰਗਾ ਸੁਨੇਹਾ ਹੈ ਕਿ ਕੇਂਦਰੀ ਸਿਹਤ ਮੰਤਰੀ ਨੇ ਡਾਕਟਰਾਂ ਦੀ ਘਾਟ 'ਤੇ ਚਰਚਾ ਕੀਤੀ, ਪਰ ਇਹ ਸਿਰਫ ਚਰਚਾ ਨਾ ਰਹਿ ਜਾਵੇ। ਚਿੰਤਨ ਅਤੇ ਮੰਥਨ ਤੋਂ ਬਾਅਦ ਇਸ ਸਮੱਸਿਆ ਦਾ ਹੱਲ ਨਿਕਲੇ।

# ਸਰ ਹੈਨਰੀ ਫੇਨ ਨੇ ਦੇਖਿਆ ਕੰਵਰ ਨੌਨਿਹਾਲ ਸਿੰਘ ਦਾ ਵਿਆਹ

ਸਤਿੰਦਰ ਸਿੰਘ ਰੰਧਾਵਾ

ਸਾਲ 1837 ਦੇ ਸ਼ੁਰੂ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਦਾ ਵਿਆਹ ਸੀ। ਇਸ ਕਰਕੇ ਸ੍ਰੀ ਅੰਮ੍ਰਿਤਸਰ ਨੂੰ ਸਜਾਇਆ ਜਾ ਰਿਹਾ ਸੀ ਤੇ ਸਾਰਾ ਵਾਤਾਵਰਨ ਖ਼ੁਸ਼ੀਆਂ ਭਰਪੂਰ ਸੀ। ਮਹਾਰਾਜਾ ਰਣਜੀਤ ਸਿੰਘ ਦੀ ਇਹ ਦਿਲੀ ਇੱਛਾ ਸੀ ਕਿ ਪੰਜਾਬ ਦੇ ਇਤਿਹਾਸ ਵਿੱਚ ਇਹ ਵਿਆਹ ਬੇਮਿਸਾਲ ਹੋਵੇ। ਮਹਾਰਾਜਾ ਦੇ ਸਰਦਾਰਾਂ ਨੇ ਵੀ ਵਿਆਹ ਦੀਆਂ ਤਿਆਰੀਆਂ ਵਿੱਚ ਵੱਧ ਤੋਂ ਵੱਧ ਸਮਾਂ ਤੇ ਪੈਸਾ ਖ਼ਰਚ ਕੀਤਾ। ਪਟਿਆਲਾ, ਜੀਂਦ, ਨਾਭਾ ਤੇ ਫ਼ਰੀਦਕੋਟ ਦੇ ਰਾਜੇ ਸਮੇਤ ਨਵਾਬ ਮਾਲੇਰਕੋਟਲਾ, ਕਪੂਰਥਲਾ ਦੇ ਸਰਦਾਰ, ਪਹਾੜੀ ਇਲਾਕੇ ਵਿੱਚੋਂ ਮੰਡੀ ਅਤੇ ਨੂਰਪੁਰ ਦੇ ਰਾਜਿਆਂ ਨੇ ਉਚੇਚੇ ਤੌਰ 'ਤੇ ਵਿਆਹ ਸਮਾਗਮ ਵਿੱਚ ਸ਼ਿਰਕਤ ਕਰਨੀ ਸੀ। ਬ੍ਰਿਟਿਸ਼ ਅਫ਼ਸਰਾਂ ਵਿੱਚੋਂ ਭਾਰਤੀ ਬ੍ਰਿਟਸ਼ ਆਰਮੀ ਦਾ ਕਮਾਂਡਰ ਇਨ ਚੀਫ ਸਰ ਹੈਨਰੀ ਫੇਨ ਇਕੱਲਾ ਹੀ ਸ਼ਾਮਲ ਹੋ ਸਕਿਆ। ਉਸ ਦਾ ਮੁੱਢਲਾ ਸਵਾਗਤ ਸਤਲੁਜ ਕੰਢੇ ਹਰੀ ਕੇ ਪੱਤਣ ਵਿੱਚ ਕੰਵਰ ਸ਼ੇਰ ਸਿੰਘ ਸਮੇਤ ਅਨੇਕ ਮੋਹਤਬਰ ਬੰਦਿਆਂ ਨੇ ਕੀਤਾ। ਮਗਰੋਂ ਸ੍ਰੀ ਅੰਮ੍ਰਿਤਸਰ ਤੋਂ ਪੰਜ ਮੀਲ ਦੂਰ ਉਸ ਦਾ ਸਵਾਗਤ ਖੜਕ ਸਿੰਘ, ਪ੍ਰਧਾਨ ਮੰਤਰੀ ਤੇ ਹੋਰ ਉੱਚ ਰਾਜ ਅਧਿਕਾਰੀਆਂ ਨੇ ਕੀਤਾ। ਉਸ ਨੂੰ ਪੰਜ ਹਜ਼ਾਰ ਰੁਪਏ ਭੇਟ ਕੀਤੇ ਗਏ। ਉਸ ਦੇ ਸਵਾਗਤ ਵਿੱਚ ਤਿੰਨ ਹਜ਼ਾਰ ਘੋੜ ਸਵਾਰ ਹਾਜ਼ਰ ਸਨ, ਜਿਨ੍ਹਾਂ ਦੀ ਹਾਜ਼ਰੀ ਵਿੱਚ ਸਰ ਹੈਨਰੀ ਨੂੰ ਉਸ ਦੀ ਰਿਹਾਇਸ਼ ਵੱਲ ਲਿਆਂਦਾ ਗਿਆ। ਸਾਰੇ ਘੋੜ ਸਵਾਰਾਂ ਦੇ ਕੱਪੜੇ ਹੀਰਿਆਂ ਨਾਲ ਜੜਤ ਸਨ ਤੇ ਚਮਕਾਂ ਮਾਰ ਰਹੇ ਸਨ।

ਪ੍ਰਧਾਨ ਮੰਤਰੀ ਰਾਜਾ ਧਿਆਨ ਸਿੰਘ ਦਾ ਪਹਿਰਾਵਾ ਵੀ ਪ੍ਰਭਾਵਸ਼ਾਲੀ ਸੀ। ਉਸ ਨੇ ਹੀਰਿਆਂ ਨਾਲ ਜੜੀ ਮਹਿੰਗੀ ਪੁਸ਼ਾਕ ਪਹਿਨੀ ਹੋਈ ਸੀ। ਉਹ ਜਿਸ ਘੋੜੇ 'ਤੇ ਬੈਠਾ ਸੀ, ਉਹ ਪਰਸ਼ੀਆ ਤੋਂ ਲਿਆਂਦਾ ਗਿਆ ਸੀ। ਘੋੜੇ ਦੀ ਕਾਠੀ ਤੇ ਲਗਾਮ ਉੱਪਰ ਸੋਨੇ ਦਾ ਕੰਮ ਹੋਇਆ ਸੀ। ਉਸ ਨੇ ਫਰਾਂਸ ਤੋਂ ਬਣਿਆ ਚਮਕਦਾਰ ਕਵਚ ਛਾਤੀ ਦੁਆਲੇ ਪਾਇਆ ਹੋਇਆ ਸੀ।

ਸਰ ਹੈਨਰੀ ਨੂੰ ਉਸ ਦੀ ਮਿੱਥੀ ਰਿਹਾਇਸ਼ 'ਤੇ ਇੱਕੀ ਸੌ ਬੁਦਕੀਆਂ ਸੋਨੇ ਦੀਆਂ ਅਤੇ ਪੰਜ ਸੌ ਥਾਲੀਆਂ ਲਜ਼ੀਜ਼ ਮਠਿਆਈਆਂ ਦੀਆਂ ਦਿੱਤੀਆਂ ਗਈਆਂ ਸਨ। ਦੂਜੇ ਦਿਨ ਉਸ ਨੇ ਮਹਾਰਾਜੇ ਨੂੰ ਰਾਮ ਬਾਗ਼ ਅੰਮ੍ਰਿਤਸਰ ਵਿਚਲੀ ਰਿਹਾਇਸ਼ 'ਤੇ ਮਿਲਣਾ ਸੀ। ਅਗਲੇ ਦਿਨ ਮਹਾਰਾਜੇ ਦੀ ਰਿਹਾਇਸ਼ ਦੇ ਸਾਹਮਣੇ ਵੱਡਾ ਤੰਬੂਨੁਮਾ ਤਖ਼ਤ ਲੱਗਾ ਸੀ, ਜਿਸ ਨੂੰ ਚਾਂਦੀ ਦੇ ਬੱਲਿਆਂ ਨਾਲ ਸਹਾਰਾ ਦਿੱਤਾ ਗਿਆ ਸੀ। ਜ਼ਮੀਨ ਉੱਪਰ ਮਹਿੰਗੇ ਕਸ਼ਮੀਰੀ ਗਲੀਚੇ ਵਿਛਾਏ ਗਏ ਸਨ। ਮਹਾਰਾਜੇ ਨੇ ਪੀਲੇ ਰੰਗ ਦੀ ਪੁਸ਼ਾਕ ਪਹਿਨੀ ਹੋਈ ਸੀ ਤੇ ਹਾਥੀ 'ਤੇ ਸਵਾਰ ਸੀ। ਉਸ ਦੇ ਪਿੱਛੇ ਉਸ ਦੇ ਸਰਦਾਰ ਸੋਨੇ, ਚਾਂਦੀ ਤੇ ਹੀਰਿਆਂ ਨਾਲ ਜੜਤ ਵਸਤਰਾਂ ਨਾਲ ਸੋਭ ਰਹੇ ਸਨ। ਦੋਹਾਂ ਦੀ ਮੁਲਾਕਾਤ ਹੋਈ। ਮਹਾਰਾਜੇ ਨੇ ਹੈਨਰੀ ਤੋਂ ਬ੍ਰਿਟਿਸ਼ ਆਰਮੀ ਦੇ ਜੰਗੀ ਤਰੀਕਿਆਂ ਬਾਰੇ ਕਈ ਸਵਾਲ ਪੁੱਛੇ ਸਨ।




ਕੰਵਰ ਨੌਨਿਹਾਲ ਸਿੰਘ ਦੇ ਵਿਆਹ ਦਾ ਦਿਨ ਆਇਆ। ਉਸ ਨੂੰ ਅਨੇਕ ਤੋਹਫ਼ੇ ਦਿੱਤੇ ਗਏ। ਸਰ ਹੈਨਰੀ ਫੇਨ ਨੇ ਗਿਆਰ੍ਹਾਂ ਹਜ਼ਾਰ ਰੁਪਏ ਤੇ ਰਾਜਾ ਧਿਆਨ ਸਿੰਘ ਨੇ ਇਕ ਲੱਖ, 25 ਹਜ਼ਾਰ ਰੁਪਏ ਦਿੱਤੇ। ਉਸ ਦਿਨ ਕੰਵਰ ਨੂੰ ਲਗਪਗ 15 ਲੱਖ ਰੁਪਏ ਦੇ ਤੋਹਫ਼ੇ ਦਿੱਤੇ ਗਏ। ਨੌਨਿਹਾਲ ਸਿੰਘ ਨੇ ਖ਼ੂਬਸੂਰਤ ਪੁਸ਼ਾਕ ਪਹਿਨੀ ਹੋਈ ਸੀ। ਉਸ ਦੇ ਗਲ ਵਿੱਚ ਫੁੱਲਾਂ ਦੇ ਹਾਰ ਸਨ। ਉਸ ਨੇ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਨੂੰ ਪੰਜ ਸੌ ਰੁਪਏ ਭੇਟ ਕੀਤੇ। ਕਾਫ਼ੀ ਰੁਪਏ ਦਾਨ ਵਜੋਂ ਵੀ ਦਿੱਤੇ ਗਏ। ਬਰਾਤ ਨੇ ਅਟਾਰੀ ਪਹੁੰਚਣਾ ਸੀ। ਇਹ ਸ੍ਰੀ ਅੰਮ੍ਰਿਤਸਰ ਦਾ ਜ਼ਿਲ੍ਹਾ ਸੀ। ਇਸ ਸਥਾਨ 'ਤੇ ਲੜਕੀ ਦੇ ਪਿਤਾ ਸਰਦਾਰ ਸ਼ਾਮ ਸਿੰਘ ਰਹਿੰਦੇ ਸਨ। ਹਰਿਮੰਦਰ ਸਾਹਿਬ ਤੋਂ ਅਟਾਰੀ ਤਕ ਹਜ਼ਾਰਾਂ ਲੋਕ ਸੜਕ ਦੇ ਦੋਹੀਂ ਪਾਸੀਂ ਕਤਾਰਾਂ ਵਿੱਚ ਖੜ੍ਹੇ ਇਸ ਅਨੋਖੇ ਵਿਆਹ ਨੂੰ ਤੱਕ ਰਹੇ ਸਨ। ਮਹਾਰਾਜੇ ਵੱਲੋਂ ਉਨ੍ਹਾਂ ਨੂੰ ਵੀ ਪੈਸੇ ਦਾਨ ਵਜੋਂ ਦਿੱਤੇ ਗਏ। ਬਰਾਤ ਸਰਦਾਰ ਸ਼ਾਮ ਸਿੰਘ ਦੇ ਘਰ ਢੁਕੀ ਤਾਂ ਬੰਦੂਕਾਂ ਵਿੱਚੋਂ ਗੋਲੀਆਂ ਆਕਾਸ਼ ਵੱਲ ਦਾਗੀਆਂ ਗਈਆਂ। ਸਰਦਾਰ ਸ਼ਾਮ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਸੌ ਇੱਕ ਸੋਨੇ ਦੀਆਂ ਮੋਹਰਾਂ ਤੇ ਪੰਜ ਘੋੜੇ ਦਿੱਤੇ।

ਕੰਵਰ ਸਰਦਾਰ ਦੀ ਹਵੇਲੀ ਵਿੱਚ ਬਰਾਤ ਸਮੇਤ ਦਾਖ਼ਲ ਹੋਇਆ। ਵਿਆਹ ਦੀਆਂ ਰਸਮਾਂ ਸ਼ੁਰੂ ਹੋਈਆਂ। ਦੂਜੇ ਦਿਨ ਖੁੱਲ੍ਹੇ ਮੈਦਾਨ ਵਿੱਚ ਇੱਕ ਵਾੜਾਨੁਮਾ ਪੰਡਾਲ ਬਣਿਆ ਹੋਇਆ ਸੀ। ਇਸ ਦਾ ਘੇਰਾ ਪੰਜ ਮੀਲ ਵਿੱਚ ਸੀ ਅਤੇ ਇਸ ਦੇ 80 ਦਰਵਾਜ਼ੇ ਸਨ। ਹਰ ਦਰਵਾਜ਼ੇ ਉੱਪਰ ਸਿਪਾਹੀ ਤਾਇਨਾਤ ਸਨ, ਜਿਨ੍ਹਾਂ ਦੀ ਜ਼ਿੰਮੇਵਾਰੀ ਸੀ ਕਿ ਕੋਈ ਵੀ ਵਿਅਕਤੀ ਇੱਕ ਰੁਪਇਆ ਪ੍ਰਾਪਤ ਕਰਨ ਤੋਂ ਬਿਨਾਂ ਨਾ ਜਾਵੇ ਅਤੇ ਕੋਈ ਵੀ ਦੁਬਾਰਾ ਰੁਪਇਆ ਲੈਣ ਨਾ ਆਵੇ। ਉਸ ਦਿਨ ਲੱਖਾਂ ਰੁਪਏ ਵੰਡੇ ਗਏ ਸਨ। ਕੰਵਰ ਨੂੰ ਮਹਿੰਗੀਆਂ ਸੌਗਾਤਾਂ ਦਿੱਤੀਆਂ ਗਈਆਂ, ਜਿਸ ਵਿੱਚ ਸੋਨੇ ਦੀਆਂ ਕਾਠੀਆਂ ਅਤੇ ਲਗਾਮਾਂ ਨਾਲ ਜੜਤ ਸੌ ਘੋੜੇ, ਇੱਕ ਸੌ ਇੱਕ ਗਾਵਾਂ, ਇੱਕ ਸੌ ਇੱਕ ਮੱਝਾਂ, ਸੌ ਊਠ, ਗਿਆਰ੍ਹਾਂ ਹਾਥੀ, ਹਜ਼ਾਰਾਂ ਰੁਪਏ ਦੇ ਗਹਿਣੇ, ਸੋਨੇ ਤੇ ਚਾਂਦੀ ਦੇ ਬਰਤਨ, ਰੇਸ਼ਮ ਦੀਆਂ ਸ਼ਾਅਲਾਂ, ਹੀਰੇ ਤੇ ਜਵਾਹਰਾਤ ਸਨ।

ਇਸ ਤੋਂ ਬਾਅਦ ਬਰਾਤੀ ਲਾਹੌਰ ਵੱਲ ਤੁਰ ਪਏ, ਜਿੱਥੇ ਦੂਜੇ ਦਿਨ ਸ਼ਾਲੀਮਾਰ ਬਾਗ਼ ਵਿੱਚ ਵੱਡੇ ਭੋਜ ਦਾ ਇੰਤਜ਼ਾਮ ਕੀਤਾ ਗਿਆ ਸੀ। ਮਹਿਮਾਨਾਂ ਦੀ ਮਹਿਮਾਨਿਵਾਜ਼ੀ ਤੋਂ ਬਾਅਦ ਮਹਾਰਾਜੇ ਨੇ ਸਰ ਹੈਨਰੀ ਫੇਨ ਨੂੰ ਆਪਣੀ ਫ਼ੌਜ ਦਿਖਾਈ, ਜਿਸ ਵਿੱਚ 18 ਹਜ਼ਾਰ ਤਾਕਤਵਾਰ ਜਵਾਨ ਅਸਲੇ ਅਤੇ ਚੰਗੇ ਕੱਪੜਿਆਂ ਵਿੱਚ ਹਾਜ਼ਰ ਸਨ। ਉਸ ਨੂੰ ਜਵਾਹਰਾਤ ਦਿਖਾਏ ਗਏ। ਮਹਾਰਾਜਾ ਵੀ ਬ੍ਰਿਟਿਸ਼ ਫ਼ੌਜ ਤੋਂ ਪ੍ਰਭਾਵਿਤ ਹੋਇਆ। ਉਸ ਨੇ ਸਰ ਹੈਨਰੀ ਫੇਨ ਤੋਂ ਜੰਗ ਵਿੱਚ ਕੰਮ ਆਉਣ ਵਾਲੀਆਂ ਬਹੁਤ ਸਾਰੀਆਂ ਗੱਲਾਂ ਸਿੱਖੀਆਂ। 22 ਮਾਰਚ, 1837 ਨੂੰ ਹੋਲੀ ਸੀ। ਸਰ ਹੈਨਰੀ ਨੇ ਹੋਲੀ ਦਾ ਤਿਉਹਾਰ ਇੱਥੇ ਹੀ ਮਨਾਇਆ। ਹੈਨਰੀ ਦੀ ਵਿਦਾਇਗੀ ਸਮੇਂ ਮਹਾਰਾਜੇ ਨੇ ਉਸ ਨੂੰ ਸੁੰਦਰ ਸ਼ਾਅਲਾਂ, ਤਲਵਾਰਾਂ, ਇੱਕ ਹਾਥੀ ਅਤੇ ਅਨੇਕ ਘੋੜੇ ਭੇਟ ਕੀਤੇ ਸਨ।

# ਤਾਕਤਾਂ ਦੇ ਕੇਂਦਰੀਕਰਨ ਦੇ ਵਧਦੇ ਰੁਝਾਨ



ਹਮੀਰ ਸਿੰਘ

ਕੇਂਦਰ ਸਰਕਾਰ ਦੇ ਹਾਲ ਵਿਚ ਕੀਤੇ ਤਕਰੀਬਨ ਸਾਰੇ ਫ਼ੈਸਲੇ ਤਾਕਤਾਂ ਦੇ ਕੇਂਦਰੀਕਰਨ ਦੇ ਰੁਝਾਨ ਨੂੰ ਵਧਾਉਣ ਵਾਲੇ ਹਨ। ਸ਼ੁਰੂ ਤੋਂ ਹੀ ਭਾਰਤੀ ਸੰਵਿਧਾਨ ਵਿਚ ਸ਼ਕਤੀਆਂ ਦਾ ਝੁਕਾਅ ਕੇਂਦਰੀਕਰਨ ਵੱਲ ਸੀ ਪਰ ਹੁਣ ਤਾਂ ਰਹੀ ਸਹੀ ਕਸਰ ਵੀ ਪੂਰੀ ਕੀਤੀ ਜਾ ਰਹੀ ਹੈ। ਦਿੱਲੀ ਅਤੇ ਰਾਸ਼ਟਰੀ ਰਾਜਧਾਨੀ ਖੇਤਰ (ਐਨਸੀਆਰ) ਉੱਤੇ ਪ੍ਰਦੂਸ਼ਣ ਦੇ ਪ੍ਰਭਾਵ ਨੂੰ ਰੋਕਣ ਲਈ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਸਾਹਮਣੇ ਪੇਸ਼ ਕੀਤੇ ਆਰਡੀਨੈਂਸ ਤਹਿਤ ਵਾਤਾਵਰਨ ਪ੍ਰਦੂਸ਼ਣ (ਰੋਕ ਤੇ ਕੰਟਰੋਲ) ਅਥਾਰਟੀ ਨੂੰ ਭੰਗ ਕਰ ਕੇ ਵੀਹ ਮੈਂਬਰੀ ਕਮਿਸ਼ਨ ਬਣਾਉਣ ਉੱਤੇ ਮੋਹਰ ਲਗਾਈ ਹੈ। ਇਸ ਰਾਹੀਂ ਪਰਾਲੀ ਜਲਾਉਣ ਸਮੇਤ ਹੋਰ ਪ੍ਰਦੂਸ਼ਣ ਫੈਲਾਉਣ ਵਾਲਿਆਂ ਉੱਤੇ ਇਕ ਕਰੋੜ ਰੁਪਏ ਤੱਕ ਜੁਰਮਾਨਾ ਅਤੇ ਪੰਜ ਸਾਲ ਤੱਕ ਸਜ਼ਾ, ਜਾਂ ਦੋਵੇਂ ਹੋ ਸਕਦੇ ਹਨ। ਆਰਡੀਨੈਂਸ ਲਿਆਉਣ ਤੋਂ ਪਹਿਲਾਂ ਕਿਸਾਨਾਂ, ਸਬੰਧਿਤ ਰਾਜ ਸਰਕਾਰਾਂ ਜਾਂ ਹੋਰ ਲੋਕਾਂ ਨਾਲ ਕੋਈ ਸਲਾਹ ਮਸ਼ਵਰਾ ਕਰਨ ਦੀ ਲੋੜ ਨਹੀਂ ਸਮਝੀ ਗਈ। ਪੰਜਾਬ ਸਮੇਤ ਹੋਰ ਰਾਜਾਂ ਦੇ 80 ਫ਼ੀਸਦੀ ਤੋਂ ਵੱਧ ਕਿਸਾਨਾਂ ਕੋਲ ਤਾਂ ਇਕ ਕਰੋੜ ਰੁਪਏ ਦੀ ਕੁਲ ਜ਼ਮੀਨ ਵੀ ਨਹੀਂ ਹੈ। ਜੁਰਮਾਨਾ ਕਿਸ ਦਲੀਲ ਅਤੇ ਤੱਥਾਂ ਦੇ ਆਧਾਰ ਉੱਤੇ ਲਗਾਇਆ ਗਿਆ ਹੈ, ਇਹ ਸਮਝੋਂ ਬਾਹਰ ਹੈ। ਇਸ ਦੇ ਨਾਲ ਹੀ ਰਾਜਾਂ ਦੇ ਪ੍ਰਦੂਸ਼ਣ ਰੋਕਥਾਮ ਬੋਰਡ ਇਕ ਤਰ੍ਹਾਂ ਨਾਲ ਬੇਕਾਰ ਹੋ ਜਾਣਗੇ ਅਤੇ ਹਰ ਮਾਮਲੇ ਵਿਚ ਕੇਂਦਰੀ ਕਮਿਸ਼ਨ ਦੇ ਫ਼ੈਸਲੇ ਲਾਗੂ ਹੋਣਗੇ।

ਇਸ ਤੋਂ ਪਹਿਲਾਂ ਸੰਵਿਧਾਨਕ ਤੌਰ ਉੱਤੇ ਧਾਰਾ 370 ਦੇ ਤਹਿਤ ਜੰਮੂ ਕਸ਼ਮੀਰ ਨੂੰ ਮਿਲੇ ਵਿਸ਼ੇਸ਼ ਅਧਿਕਾਰ ਦੇ ਰੁਤਬੇ ਖ਼ਤਮ ਕਰਦਿਆਂ 5 ਅਗਸਤ 2019 ਨੂੰ ਜੰਮੂ ਕਸ਼ਮੀਰ ਨੂੰ ਤੋੜ ਕੇ ਦੋ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦਿੱਤਾ ਗਿਆ। ਇਸ ਨਾਲ ਸਮੁੱਚੀ ਸਿਆਸੀ ਧਿਰ ਅਤੇ ਰਿਆਸਤ ਦੇ ਲੋਕ ਬੇਇਜ਼ਤ ਮਹਿਸੂਸ ਕਰ ਰਹੇ ਹਨ। ਕਸ਼ਮੀਰ ਵਾਦੀ ਦੀਆਂ ਮੁੱਖ ਛੇ ਸਿਆਸੀ ਪਾਰਟੀਆਂ ਨੇ ਮਿਲ ਕੇ ਗੁਪਕਾਰ ਐਲਾਨਨਾਮੇ ਨੂੰ ਲਾਗੂ ਕਰਨ ਲਈ ਗੱਠਜੋੜ ਬਣਾਇਆ ਹੈ। ਇਸ ਮੁਤਾਬਿਕ ਧਾਰਾ 370 ਦੀ ਬਹਾਲੀ ਅਤੇ ਜੰਮੂ ਕਸ਼ਮੀਰ ਮਸਲੇ ਦਾ ਹੱਲ ਕਰਨ ਤੱਕ ਸੰਘਰਸ਼ ਜਾਰੀ ਰੱਖਣ ਦਾ ਅਹਿਦ ਲਿਆ ਗਿਆ ਹੈ।

ਕੌਮੀ ਜਾਂਚ ਏਜੰਸੀ (ਐਨਆਈਏ) ਕਾਨੂੰਨ ਵਿਚ 2019 ਵਿਚ ਕੀਤੀ ਸੋਧ ਨੇ ਸਾਈਬਰ ਅਪਰਾਧ ਇਸ ਏਜੰਸੀ ਹਵਾਲੇ ਕਰ ਦਿੱਤੇ ਹਨ। ਜ਼ਿਆਦਾਤਰ ਜੁਰਮਾਂ ਦਾ ਸਬੰਧ ਅੱਜਕੱਲ੍ਹ ਇੰਟਰਨੈੱਟ, ਮੋਬਾਇਲ ਫੋਨਾਂ ਆਦਿ ਰਾਹੀਂ ਸਾਈਬਰ ਦੇ ਦਾਇਰੇ ਵਿਚ ਆ ਜਾਂਦਾ ਹੈ। ਕਾਨੂੰਨ ਵਿਵਸਥਾ ਰਾਜਾਂ ਦਾ ਵਿਸ਼ਾ ਹੈ ਪਰ ਹੁਣ ਬਹੁਤੇ ਮਾਮਲਿਆਂ ਵਿਚ ਐਨਆਈਏ ਦਾ ਦਖ਼ਲ ਹੋ ਗਿਆ ਹੈ। ਕਈ ਰਾਜਾਂ ਵਿਚ ਐਨਆਈਏ ਅਤੇ ਰਾਜ ਸਰਕਾਰਾਂ ਦਰਮਿਆਨ ਟਕਰਾਅ ਪੈਦਾ ਹੋਣੇ ਸ਼ੁਰੂ ਹੋ ਗਏ ਹਨ। ਕੌਮੀ ਜਾਂਚ ਏਜੰਸੀ ਅੱਜਕੱਲ੍ਹ ਜੰਮੂ ਕਸ਼ਮੀਰ, ਛੱਤੀਸਗੜ੍ਹ, ਪੰਜਾਬ ਸਮੇਤ ਕਈ ਥਾਵਾਂ ਉੱਤੇ ਪੈਸਾ ਟਰਾਂਸਫਰ ਹੋਣ ਦੇ ਨਾਮ ਉੱਤੇ ਛਾਪੇ ਮਾਰ ਰਹੀ ਹੈ। ਘੱਟਗਿਣਤੀਆਂ, ਵੱਖਰੇ ਵਿਚਾਰਾਂ ਵਾਲੇ, ਦਲਿਤ ਅਤੇ ਕਬਾਇਲੀ ਨੌਜਵਾਨਾਂ ਅਤੇ ਸਮਾਜਿਕ ਕਾਰਕੁਨਾਂ ਨੂੰ ਗ਼ੈਰ-ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂਏਪੀਏ) ਤਹਿਤ ਫੜ ਕੇ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ। ਬਹੁਤੇ ਮਾਮਲਿਆਂ ਨੂੰ ਦੇਸ਼ਧ੍ਰੋਹ ਨਾਲ ਜੋੜ ਕੇ ਜ਼ਮਾਨਤ ਵੀ ਨਹੀਂ ਦਿੱਤੀ ਜਾ ਰਹੀ।



ਨਾਗਰਿਕ ਸੋਧ ਬਿੱਲ, ਕੌਮੀ ਨਾਗਰਿਕ ਰਜਿਸਟਰ, ਕੌਮੀ ਨਾਗਰਿਕ ਰਜਿਸਟ੍ਰੇਸ਼ਨ ਆਦਿ ਕਾਨੂੰਨਾਂ ਨੂੰ ਘੱਟਗਿਣਤੀ ਖ਼ਾਸ ਤੌਰ ਉੱਤੇ ਮੁਸਲਿਮ ਭਾਈਚਾਰੇ ਦੇ ਖ਼ਿਲਾਫ਼ ਕਰਾਰ ਦਿੰਦਿਆਂ ਲੰਮੇ ਸਮੇਂ ਤੱਕ ਸ਼ਾਹੀਨ ਬਾਗ਼ ਦੀਆਂ ਬੀਬੀਆਂ ਦੀ ਅਗਵਾਈ ਵਿਚ ਚੱਲੇ ਅੰਦੋਲਨ ਨੇ ਵਿਲੱਖਣ ਸ਼ੁਰੂਆਤ ਕੀਤੀ ਸੀ ਪਰ ਕੋਵਿਡ-19 ਦੇ ਨਾਮ ਉੱਤੇ ਆਖ਼ਿਰਕਾਰ ਉਸ ਧਰਨੇ ਨੂੰ ਖ਼ਤਮ ਕਰਵਾ ਦਿੱਤਾ ਗਿਆ। ਇਸ ਪਿੱਛੋਂ ਦਿੱਲੀ ਵਿਚ ਹੋਏ ਦੰਗਿਆਂ ਦੌਰਾਨ ਪੀੜਤ ਧਿਰ ਨੂੰ ਸਾਜ਼ਿਸ਼ੀ ਬਣਾ ਕੇ ਮੁਕੱਦਮੇ ਦਰਜ ਕੀਤੇ ਜਾ ਰਹੇ ਹਨ। ਨਾਗਰਿਕ ਸੋਧ ਬਿਲ ਅਤੇ ਦੂਸਰੇ ਦੋਵਾਂ ਕਾਨੂੰਨਾਂ ਦੇ ਖ਼ਿਲਾਫ 12 ਰਾਜਾਂ ਦੇ ਮੁੱਖ ਮੰਤਰੀਆਂ ਨੇ ਲਾਗੂ ਨਾ ਕਰਨ ਬਾਰੇ ਲਿਖ ਕੇ ਦਿੱਤਾ, ਫਿਰ ਵੀ ਕੇਂਦਰ ਸਰਕਾਰ ਨੇ ਇਸ ਨੂੰ ਲਾਗੂ ਕਰਨ ਦੀ ਜ਼ਿਦ ਬਰਕਰਾਰ ਰੱਖੀ ਹੋਈ ਹੈ।

ਕੋਵਿਡ-19 ਦੌਰਾਨ ਡਰ ਅਤੇ ਸਹਿਮ ਦੇ ਮਾਹੌਲ ਵਿਚ ਰਹਿ ਰਹੇ ਲੋਕਾਂ ਨੂੰ ਉਸ ਵਕਤ ਕਰੋਨਾ ਤੋਂ ਵੀ ਵੱਡਾ ਝਟਕਾ ਲੱਗਾ ਜਦੋਂ ਕੇਂਦਰ ਸਰਕਾਰ ਨੇ ਖੇਤੀ ਮੰਡੀ, ਕੰਟਰੈਕਟ ਫਾਰਮਿੰਗ ਅਤੇ ਜ਼ਰੂਰੀ ਵਸਤਾਂ ਸਬੰਧੀ ਸੋਧ ਬਾਰੇ ਆਰਡੀਨੈਂਸ ਜਾਰੀ ਕਰ ਦਿੱਤੇ। ਇਨ੍ਹਾਂ ਦੀ ਤੁਰੰਤ ਜ਼ਰੂਰਤ ਬਾਰੇ ਕੁਝ ਵੀ ਦੱਸਣ ਦੀ ਅੱਜ ਤੱਕ ਜ਼ਰੂਰਤ ਨਹੀਂ ਸਮਝੀ ਗਈ। ਬਿਜਲੀ ਸੋਧ ਬਿੱਲ-2020 ਉੱਤੇ ਰਾਇ ਮੰਗ ਲਈ ਗਈ। ਇਨ੍ਹਾਂ ਖ਼ਿਲਾਫ਼ ਦੇਸ਼ ਭਰ ਵਿਚ ਅਤੇ ਖ਼ਾਸ ਤੌਰ ਉੱਤੇ ਪੰਜਾਬ ਵਿਚ ਪੈਦਾ ਹੋਏ ਕਿਸਾਨ ਅੰਦੋਲਨ ਨੂੰ ਜਿਸ ਤਰ੍ਹਾਂ ਲੋਕਾਂ ਦਾ ਹੁੰਗਾਰਾ ਮਿਲਿਆ ਹੈ, ਇਸ ਤੋਂ ਸਪੱਸ਼ਟ ਹੈ ਕਿ ਲੋਕਾਂ ਨੂੰ ਇਹ ਸਮਝ ਹੈ ਕਿ ਤਾਕਤਾਂ ਦੇ ਕੇਦਰੀਕਰਨ ਵਾਲੇ ਅਤੇ ਕਾਰਪੋਰੇਟ ਘਰਾਣਿਆਂ ਦੇ ਪੱਖੀ ਆਰਡੀਨੈਂਸਾਂ ਨੇ ਉਨ੍ਹਾਂ ਦੀ ਹੋਂਦ ਲਈ ਖ਼ਤਰਾ ਖੜ੍ਹਾ ਕਰ ਦਿੱਤਾ ਹੈ। ਲੋਕ ਰੋਹ ਨੂੰ ਟਿੱਚ ਜਾਣਦਿਆਂ ਕੇਂਦਰ ਨੇ ਇਨ੍ਹਾਂ ਬਿੱਲਾਂ ਨੂੰ ਰਾਜ ਸਭਾ ਵਿਚ ਪ੍ਰਕਿਰਿਆ ਦਾ ਉਲੰਘਣ ਕਰ ਕੇ ਪਾਸ ਕਰਵਾ ਲਿਆ। ਜਦੋਂ ਸੰਸਦ ਮੈਂਬਰ ਵੋਟਿੰਗ ਕਰਵਾਉਣ ਦੀ ਮੰਗ ਕਰ ਰਹੇ ਸਨ ਤਾਂ ਮੰਗ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਟੈਲੀਵਿਜ਼ਨ ਚੈਨਲ ਬੰਦ ਕਰ ਦਿੱਤੇ ਗਏ।

ਰਾਜ ਸਰਕਾਰਾਂ ਜੀਐੱਸਟੀ ਦਾ ਪੰਜ ਸਾਲ ਤੱਕ ਰਾਜਾਂ ਨੂੰ 14 ਫ਼ੀਸਦੀ ਵਾਧੂ ਮਾਲੀਏ ਦਾ ਰੱਖਿਆ ਟੀਚਾ ਪੂਰਾ ਨਾ ਹੋਣ ਬਦਲੇ ਕੇਂਦਰ ਵੱਲੋਂ ਦਿੱਤੇ ਜਾਣ ਵਾਲੇ ਫੰਡ ਜਾਰੀ ਕਰਨ ਦੀ ਮੰਗ ਕਰ ਰਹੀਆਂ ਹਨ ਪਰ ਕੇਂਦਰ ਨੇ ਹੱਥ ਖੜ੍ਹੇ ਕਰ ਦਿੱਤੇ। ਪੰਜਾਬ ਵਿਚ ਵਿਧਾਨ ਸਭਾ ਦੀਆਂ ਚੋਣਾਂ 2022 ਵਿਚ ਹੋਣੀਆਂ ਹਨ। ਜੇਕਰ ਪੰਜਾਬ ਦਾ 2022 ਤੋਂ ਪਿੱਛੋਂ ਦਾ ਹਾਲ ਚਿਤਵਿਆ ਜਾਵੇ ਤਾਂ ਰਾਜ ਸਰਕਾਰ ਦੀ ਹਾਲਤ ਕੀ ਹੋ ਜਾਵੇਗੀ? ਪੰਜਾਬ ਸਰਕਾਰ ਨੇ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਦੀ ਗੱਲ ਕੀਤੀ ਸੀ ਪਰ ਮੁਸ਼ਕਿਲ ਨਾਲ 4700 ਕਰੋੜ ਰੁਪਿਆ ਹੀ ਮੁਆਫ਼ ਕੀਤਾ ਗਿਆ ਜਦਕਿ ਕੇਵਲ ਸੰਸਥਾਈ ਕਰਜ਼ਾ ਹੀ 31 ਮਾਰਚ 2017 ਨੂੰ 73 ਹਜ਼ਾਰ ਕਰੋੜ ਰੁਪਏ ਤੋਂ ਵੱਧ ਸੀ। ਘਰ ਘਰ ਨੌਕਰੀ ਦਾ ਮੁੱਦਾ ਠੰਢੇ ਬਸਤੇ ਵਿਚ ਹੈ। ਕਰੋਨਾ ਦੌਰਾਨ ਬੇਰੁਜ਼ਗਾਰੀ ਹੋਰ ਵਧ ਗਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਹਿ ਚੁੱਕੇ ਹਨ ਕਿ ਸੂਬੇ ਨੂੰ 25 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਕੇਂਦਰ ਨੇ ਅਜੇ ਵੀ 9 ਹਜ਼ਾਰ ਕਰੋੜ ਰੁਪਏ ਦਾ ਬਕਾਇਆ ਨਹੀਂ ਦਿੱਤਾ। 2022 ਤੋਂ ਪਿੱਛੋਂ ਤਾਂ ਇਹ ਪੈਸਾ ਮਿਲਣਾ ਵੈਸੈ ਹੀ ਬੰਦ ਹੋ ਜਾਣਾ ਹੈ। ਕੇਂਦਰ ਨੇ ਹੁਣ ਦਿਹਾਤੀ ਵਿਕਾਸ ਫੰਡ ਦਾ ਹਿਸਾਬ ਕਿਤਾਬ ਮੰਗ ਕੇ ਸਾਲ ਦਾ ਲਗਭੱਗ 1800 ਕਰੋੜ ਰੁਪਏ ਰੋਕ ਦਿੱਤਾ ਹੈ। ਖੇਤੀ ਕਾਨੂੰਨਾਂ ਵਿਚ ਇਕ ਮੱਦ ਇਹ ਵੀ ਹੈ ਕਿ ਖਰੀਦਦਾਰ ਉੱਤੇ ਕੋਈ ਟੈਕਸ ਨਹੀਂ ਲੱਗ ਸਕੇਗਾ। ਖੇਤੀ ਉਪਜ ਮੰਡੀ ਕਮੇਟੀ ਕਾਨੂੰਨ ਤਹਿਤ ਸੂਬਾ ਸਰਕਾਰ ਨੂੰ ਫ਼ਸਲਾਂ ਦੀ ਵਿਕਰੀ ਉੱਤੇ ਟੈਕਸ ਲਗਾਉਣ ਦਾ ਹੱਕ ਹੈ ਪਰ ਹੁਣ ਕੇਂਦਰ ਨੇ ਇਸ ਹੱਕ ਉੱਤੇ ਵੀ ਛਾਪਾ ਮਾਰਨਾ ਸ਼ੁਰੂ ਕਰ ਦਿੱਤਾ ਹੈ।

ਸਿੱਖਿਆ ਨੀਤੀ, ਕਿਰਤ ਕਾਨੂੰਨਾਂ ਵਿਚ ਅਖੌਤੀ ਸੁਧਾਰ ਅਤੇ ਹਰ ਕਾਨੂੰਨ ਅਜਿਹਾ ਹੈ ਜਿਸ ਨਾਲ ਰਾਜਾਂ ਅਤੇ ਲੋਕਾਂ ਦੇ ਅਧਿਕਾਰਾਂ ਉੱਤੇ ਦਿਨ ਦਿਹਾੜੇ ਡਾਕਾ ਮਾਰਿਆ ਜਾ ਰਿਹਾ ਹੈ। ਇਸ ਦੇ ਬਾਵਜੂਦ ਕੇਂਦਰ ਸਰਕਾਰ ਪਿੱਛੇ ਹਟਣ ਲਈ ਤਿਆਰ ਨਹੀਂ ਹੈ ਬਲਕਿ ਵਿਰੋਧ ਕਰਨ ਵਾਲਿਆਂ ਨੂੰ ਸਬਕ ਸਿਖਾਉਣ ਦੀ ਨੀਤੀ ਉੱਤੇ ਚੱਲਿਆ ਜਾ ਰਿਹਾ ਹੈ। ਇਹ ਇਕ ਤਰ੍ਹਾਂ ਨਾਲ ਤਾਨਾਸ਼ਾਹ ਵਤੀਰਾ ਅਤੇ ਅਣਐਲਾਨੀ ਐਮਰਜੈਂਸੀ ਹੈ।

ਕੇਂਦਰ ਦੇ ਇਸ ਅੜੀਅਲ ਰੁਖ਼ ਦਾ ਜਵਾਬ ਇਕਜੁੱਟ ਤਾਕਤ ਨਾਲ ਹੀ ਸੰਭਵ ਹੈ। ਪੰਜਾਬ ਦੀਆਂ 31 ਕਿਸਾਨ ਜਥੇਬੰਦੀਆਂ ਵਿਚੋਂ 29 ਇਕੱਠੀਆਂ ਹੋਈਆਂ ਹਨ ਅਤੇ ਦੋ ਤਾਲਮੇਲ ਵਾਲੇ ਐਕਸ਼ਨ ਵਿਚ ਹਨ। ਖ਼ੁਦ ਨੂੰ ਵੱਡਾ, ਜ਼ਿਆਦਾ ਬਹਾਦਰ ਅਤੇ ਸਿਆਣਾ ਸਮਝਣ ਨੂੰ ਬਦਲਣ ਦਾ

(ਬਾਕੀ ਸਫਾ 22 'ਤੇ)

# 'ਸ਼ੋਅਲੇ', ਸੰਗੀਤ ਤੇ ਰਾਹੁਲ ਦੇਵ ਬਰਮਨ


-ਅਨੀਰੁੱਧ ਭੱਟਾਚਾਰਜੀ

'ਸ਼ੋਅਲੇ' ਫ਼ਿਲਮ ਜਦੋਂ ਰਿਲੀਜ਼ ਹੋਈ ਤਾਂ ਇਸ ਦੀ ਬਹੁਤ ਨੁਕਤਾਚੀਨੀ ਹੋਈ। 'ਬੁਝੇ ਹੋਏ ਅੰਗਾਰੇ', 'ਨਾ ਭਾਰਤੀ, ਨਾ ਫ਼ਿਲਮ, 'ਨਾ ਭਾਰਤੀ, ਨਾ ਪੱਛਮੀ', 'ਫ਼ਿਲਮ ਘੱਟ, ਰਾਮਲੀਲਾ ਵੱਧ'- ਇਹ ਸਨ ਕੁਝ ਰੀਵਿਊਜ਼ ਦੇ ਸਿਰਲੇਖ। ਫ਼ਿਲਮ ਵਿੱਚ ਖਲਨਾਇਕ ਦੇ ਕਿਰਦਾਰ ਲਈ ਮੁੱਢ ਵਿੱਚ ਚੁਣੇ ਅਦਾਕਾਰ ਨੇ ਕਿਸੇ ਹੋਰ ਫ਼ਿਲਮ ਸ਼ੂਟਿੰਗ ਵਿੱਚ ਰੁੱਝੇ ਹੋਣ ਕਾਰਨ 'ਸ਼ੋਅਲੇ' ਦਾ ਗੱਬਰ ਬਣਨ ਤੋਂ ਇਨਕਾਰ ਕਰ ਦਿੱਤਾ ਸੀ। ਡਾਇਰੈਕਟਰ ਰਮੇਸ਼ ਸਿੱਪੀ ਖ਼ਿਲਾਫ਼ ਅਦਾਕਾਰ ਤੇ ਨਿਰਮਾਤਾ ਜੋਗਿੰਦਰ ਨੇ ਇਸ ਆਧਾਰ 'ਤੇ ਦੀਵਾਨੀ ਦਾਅਵਾ ਠੋਕ ਦਿੱਤਾ ਸੀ ਕਿ ਫ਼ਿਲਮ ਦਾ ਵਿਸ਼ਾ-ਵਸਤੂ ਉਸ ਦੀ ਫ਼ਿਲਮ 'ਬਿੰਦੀਆ ਔਰ ਬੰਦੂਕ' ਦੀ ਨਕਲ ਸੀ। ਅਭਿ-ਨੇਤਾ ਮੈਕਮੋਹਨ ਇਹ ਸ਼ਿਕਵੇ ਕਰਦਾ ਸੁਣਿਆ ਗਿਆ ਕਿ ਸਾਂਬਾ ਦੇ ਕਿਰਦਾਰ ਲਈ ਸ਼ੂਟਿੰਗ ਤਾਂ ਲੰਮੀ-ਚੌੜੀ ਕੀਤੀ ਗਈ, ਪਰ ਫ਼ਿਲਮ ਦੇ ਸੰਪਾਦਨ ਦੌਰਾਨ ਉਸ ਦਾ ਰੋਲ ਕੱਟ ਕੇ ਫੀਤੀ ਜਿੰਨਾ ਕਰ ਦਿੱਤਾ ਗਿਆ। ਫ਼ਿਲਮ ਨੂੰ ਮੁਕੰਮਲ ਹੁੰਦਿਆਂ ਢਾਈ ਸਾਲ ਲੱਗੇ ਅਤੇ ਇਸ ਉੱਤੇ ਆਪਣੇ ਬਜਟ ਨਾਲੋਂ ਤਿੰਨ ਲੱਖ ਰੁਪਏ ਵੱਧ ਖ਼ਰਚ ਆਇਆ। 1975 ਵਿੱਚ ਤਿੰਨ ਲੱਖ ਰੁਪਏ ਦੀ ਰਕਮ ਅੱਜ ਦੇ 30 ਕਰੋੜ ਤੋਂ ਵੱਧ ਸੀ।

ਫ਼ਿਲਮ 'ਸ਼ੋਅਲੇ' 15 ਅਗਸਤ 1975 ਨੂੰ ਰਿਲੀਜ਼ ਹੋਈ। ਦੋ ਦਿਨ ਬਾਅਦ ਇਸ ਨੂੰ ਫਲੌਪ ਕਰਾਰ ਦੇ ਦਿੱਤਾ ਗਿਆ। ਬਲੈਕ ਮਾਰਕੀਟਾਂ ਵੱਲੋਂ ਇਸ ਦੀਆਂ ਟਿਕਟਾਂ ਅੱਧੇ ਭਾਅ 'ਤੇ ਵੇਚਣ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਛਪੀਆਂ, ਪਰ ਹਫ਼ਤੇ ਬਾਅਦ ਸਥਿਤੀ ਬਦਲਣ ਲੱਗੀ। ਫ਼ਿਲਮ ਦੇਖਣ ਲਈ ਭੀੜਾਂ ਉਮੜ੍ਹਨ ਲੱਗੀਆਂ। 'ਹਾਊਸਫੁੱਲ' ਦੇ ਬੋਰਡ ਅਗਲੇ ਕਈ ਹਫ਼ਤੇ ਸਿਨਮਾਘਰਾਂ ਦੇ ਬਾਹਰ ਲੱਗੇ ਰਹੇ। ਕੁਝ ਹਫ਼ਤਿਆਂ ਬਾਅਦ ਇਸ ਨੂੰ ਭਾਰਤੀ ਸਿਨੇ ਇਤਿਹਾਸ ਦੀ ਸਭ ਤੋਂ ਸਫਲ ਤੇ ਕਮਾਊ ਫ਼ਿਲਮ ਦੱਸਿਆ ਜਾਣ ਲੱਗਾ। ਮੁੰਬਈ ਦੇ ਮਿਨਰਵਾ ਸਿਨਮੇ ਵਿੱਚ ਇਹ ਫ਼ਿਲਮ ਪੰਜ ਸਾਲਾਂ ਤੋਂ ਵੱਧ ਸਮਾਂ ਚੱਲਦੀ ਰਹੀ। ਫ਼ਿਲਮ ਦੇ ਗੀਤ-ਸੰਗੀਤ ਦੇ ਰਿਕਾਰਡ ਤਾਂ ਵਿਕੇ, ਇਹ ਪਹਿਲੀ ਫ਼ਿਲਮ ਸੀ ਜਿਸ ਦੇ ਸੰਵਾਦਾਂ ਦੇ ਰਿਕਾਰਡ ਤੇ ਕੈਸੇਟਾਂ ਵੀ ਮਾਰਕੀਟ ਵਿੱਚ ਆਈਆਂ ਤੇ ਧੜਾਧੜ ਵਿਕੀਆਂ। 'ਬੀਬੀਸੀ' ਨੇ ਇਸ ਨੂੰ 'ਦਹਿਸਦੀ ਦੀ ਭਾਰਤੀ ਫ਼ਿਲਮ' ਦੇ ਖ਼ਿਤਾਬ ਨਾਲ ਨਿਵਾਜਿਆ।

ਸਲੀਮ ਜਾਵੇਦ ਦੀ ਜੋੜੀ ਵੱਲੋਂ ਲਿਖੀ ਗਈ ਇਸ ਫ਼ਿਲਮ ਦੇ ਪੋਸਟਰ ਅਜੇ ਵੀ ਇਸ ਨੂੰ 'ਹੁਣ ਤਕ ਦੀ ਸਭ ਤੋਂ ਮਹਾਨ ਕਹਾਣੀ' ਦੱਸਦੇ ਹਨ। ਇਸ ਦਾਅਵੇ ਨੂੰ ਮਜ਼ਾਹੀਆ ਲਹਿਜੇ ਵਿੱਚ ਲਿਆ ਜਾਣਾ ਚਾਹੀਦਾ ਹੈ ਕਿਉਂਕਿ ਖ਼ੁਦ ਸਲੀਮ ਖ਼ਾਨ ਟੀਵੀ ਤੇ ਰੇਡੀਓ ਇੰਟਰਵਿਊਜ਼ ਵਿੱਚ ਤਸਲੀਮ ਕਰ ਚੁੱਕੇ ਹਨ ਕਿ ਬੁਨਿਆਦੀ ਤੌਰ 'ਤੇ ਫ਼ਿਲਮ ਦੀ ਕਹਾਣੀ ਹੌਲੀਵੁੱਡ ਦੀ ਯਾਦਗਾਰੀ ਵੈਸਟਰਨ ਫ਼ਿਲਮ 'ਦਿ ਮੈਗਨੀਫਿਸ਼ੈਂਟ ਸੈਵਨ' ਦੀ ਕਹਾਣੀ ਦੇ ਖਾਕੇ ਉੱਤੇ ਆਧਾਰਿਤ ਸੀ ਜਦੋਂਕਿ ਜੈ (ਅਮਿਤਾਭ ਬੱਚਨ) ਤੇ ਵੀਰੂ (ਧਰਮਿੰਦਰ) ਦੇ ਕਿਰਦਾਰਾਂ ਨੂੰ ਹੌਲੀਵੁੱਡ ਦੀ ਇੱਕ ਹੋਰ ਮਹਾਂ-ਹਿੱਟ ਫ਼ਿਲਮ 'ਬੁੱਚ ਕੈਸਿਡੀ ਐਂਡ ਸਨਡੈਂਸ ਕਿੱਡ' (1969) ਵਿਚਲੇ ਕਿਰਦਾਰਾਂ ਉੱਤੇ ਢਾਲਿਆ ਗਿਆ।

ਧਰਮਿੰਦਰ ਦੇ ਸ਼ਰਾਬ ਪੀ ਕੇ ਜਲ ਟੈਂਕੀ ਉੱਤੇ ਜਾ ਚੜ੍ਹਨ ਵਾਲੇ ਦ੍ਰਿਸ਼ ਫ਼ਿਲਮ 'ਚਾਚਾ ਜ਼ਿੰਦਾਬਾਦ' (1959) ਵਿੱਚ ਕਿਸ਼ੋਰ ਕੁਮਾਰ ਦੇ ਦ੍ਰਿਸ਼ਾਂ ਅਤੇ ਹੌਲੀਵੁੱਡ ਦੀ ਇੱਕ ਹੋਰ ਫ਼ਿਲਮ 'ਦਿ ਸੀਕਰੈਟ ਆਫ ਸੈਂਟਾ ਵਿਟੋਰੀਆ' (1969) ਵਿੱਚ ਐਂਟਨੀ ਕੁਇੰਨ ਦੇ ਦ੍ਰਿਸ਼ਾਂ ਉੱਤੇ ਆਧਾਰਿਤ ਸਨ। ਇਸੇ ਤਰ੍ਹਾਂ ਕਲਾਈਮੈਕਸ ਵਿੱਚ ਸਿੱਕਾ ਉਛਾਲਣ ਵਾਲਾ ਦ੍ਰਿਸ਼ ਮੈਰਲਨ ਬਰੈਂਡੋ ਦੀ ਫ਼ਿਲਮ 'ਵਨ-ਆਈਡ ਜੈਨ' (1961) ਵਿਚਲੇ ਅਜਿਹੇ ਦ੍ਰਿਸ਼ ਦੀ ਨਕਲ ਸੀ।



ਫ਼ਿਲਮ 'ਸ਼ੋਅਲੇ' ਦਾ ਇੱਕ ਅਹਿਮ ਦ੍ਰਿਸ਼।

ਫ਼ਿਲਮ 'ਸ਼ੋਅਲੇ' ਦਾ ਇੱਕ ਅਹਿਮ ਦ੍ਰਿਸ਼।

ਇਸ ਫ਼ਿਲਮ ਦਾ ਸੰਗੀਤ ਹੁਣ ਤਕ ਵੀ ਹਿੱਟ ਹੈ, ਪਰ 'ਮਹਿਬੂਬਾ ਓ ਮਹਿਬੂਬਾ' ਵਾਲੇ ਗੀਤ ਨੂੰ ਛੱਡ ਕੇ ਹੋਰ ਕੋਈ ਵੀ ਗੀਤ ਅਜਿਹਾ ਨਹੀਂ ਜਿਸ ਨੂੰ ਮਾਸਟਰਪੀਸ ਜਾਂ ਨਿਵੇਕਲੀ ਰਚਨਾ ਕਿਹਾ ਜਾ ਸਕੇ। ਹਾਂ, ਬੈਕਗਰਾਊਂਡ ਮਿਊਜ਼ਿਕ ਕਮਾਲ ਦਾ ਸੀ ਅਤੇ ਇਸ ਕਿਸਮ ਦਾ ਯਾਦਗਾਰੀ ਬੈਕਗ੍ਰਾਊਂਡ ਮਿਊਜ਼ਿਕ ਹੁਣ ਤਕ ਵੀ ਕਿਸੇ ਫ਼ਿਲਮ ਵਿੱਚ ਨਹੀਂ ਆਇਆ। ਇਹ ਸੰਗੀਤਕਾਰ ਰਾਹੁਲ ਦੇਵ ਬਰਮਨ ਅੰਦਰਲੀ ਸੰਗੀਤਕ ਪ੍ਰਤਿਭਾ ਦਾ ਪ੍ਰਮਾਣ ਹੈ ਕਿ 'ਸ਼ੋਅਲੇ' ਦਾ ਸੰਗੀਤ ਫ਼ਿਲਮ ਦੇ ਕਥਾਨਕ ਦਾ ਹਿੱਸਾ ਹੈ ਅਤੇ ਇਹ ਇਸ ਫ਼ਿਲਮ ਨੂੰ ਠਾਕੁਰ (ਸੰਜੀਵ ਕੁਮਾਰ), ਗੱਬਰ (ਅਮਜ਼ਦ ਖਾਨ), ਵੀਰੂ (ਧਰਮਿੰਦਰ) ਤੇ ਜੈ (ਅਮਿਤਾਭ ਬੱਚਨ) ਵਾਲੇ ਚਾਰ ਆਯਾਮਾਂ ਦੇ ਨਾਲ-ਨਾਲ ਪੰਜਵਾਂ ਆਯਾਮ ਬਖ਼ਸ਼ਦਾ ਹੈ। ਜਦੋਂ ਗੱਬਰ ਵੱਲੋਂ ਠਾਕੁਰ ਦੇ ਪਰਿਵਾਰ ਦਾ ਸਫਾਇਆ ਕੀਤਾ ਜਾਂਦਾ ਹੈ ਤਾਂ ਇਸ ਖ਼ੂੰਖਾਰ ਘਟਨਾ ਦੇ ਦ੍ਰਿਸ਼ ਸਾਹਮਣੇ ਨਹੀਂ ਆਉਂਦੇ, ਗੋਲੀਆਂ ਚੱਲਣ ਦੀ ਆਵਾਜ਼, ਘੋੜਿਆਂ ਦੇ ਖੁਰਾਂ ਦੀ ਹਲਕੀ-ਹਲਕੀ ਚਾਪ ਅਤੇ ਬਗੀਚੇ ਵਿੱਚ ਲੱਗੇ ਝੂਲੇ ਦੇ ਹਿੱਲਣ ਤੋਂ ਉਪਜੀਆਂ ਚੀਖਨੁਮਾ ਆਵਾਜ਼ਾਂ ਹੀ ਸਾਨੂੰ ਪਰਿਵਾਰ ਦਾ ਸਫਾਇਆ ਹੋਣ ਅਤੇ ਇਸ ਨਾਲ ਜੁੜੀ ਦਹਿਸ਼ਤ ਦੀ ਦਸਤਕ ਨਾਲ ਵਾਕਫ਼ ਕਰਵਾਉਂਦੀਆਂ ਹਨ। ਇਸੇ ਤਰ੍ਹਾਂ ਬਾਅਦ ਵਿੱਚ ਜੈ ਦੇ ਸਸਕਾਰ ਸਮੇਂ ਖ਼ਾਮੋਸ਼ੀ ਨੂੰ ਤੋੜਦੀਆਂ ਲੱਕੜ ਜਲਣ ਦੀਆਂ ਆਵਾਜ਼ਾਂ ਤੇ ਹਾਰਮੋਨਿਕਾ 'ਤੇ ਵੱਜਦੀ ਮੱਧਮ-ਮੱਧਮ ਧੁਨ ਪੂਰੀ ਘਟਨਾਵਲੀ ਨਾਲ ਜੁੜੇ ਮਾਤਮ ਦੀ ਕੰਨੀ ਨੂੰ ਹਰ ਦਰਸ਼ਕ ਦੇ ਸੀਨੇ ਤਕ ਧੂਹ ਕੇ ਲੈ ਜਾਂਦੀਆਂ ਹਨ। ਇਹ ਰਾਹੁਲ ਦੇਵ ਬਰਮਨ ਦੀ ਸੰਗੀਤਕ ਸੂਝ ਦਾ ਕਮਾਲ ਸੀ ਕਿ ਉਸ ਨੇ ਹਰ ਦ੍ਰਿਸ਼ ਮੁਤਾਬਿਕ ਪਿੱਠਵਰਤੀ ਸੰਗੀਤ ਰਚਿਆ ਅਤੇ ਇਸ ਨੂੰ ਫ਼ਿਲਮ ਦਾ ਅਭਿੰਨ ਅੰਗ ਬਣਾ ਦਿੱਤਾ। ਗੱਬਰ ਵੱਲੋਂ ਸਾਂਬਾ ਨੂੰ ਕੀਤੇ ਜਾਂਦੇ ਸਵਾਲ 'ਕਿਤਨੇ ਆਦਮੀ ਥੇ?' ਨਾਲ ਬੰਸਰੀ ਦੀ ਕੂਕ, ਸੈਲੋ ਦੇ ਸਵਿੰਗ ਤੇ ਹਰਾਈਡਰੋਫ਼ੋਨ ਦੇ ਲੂਪ ਦਾ ਸੁਮੇਲ ਇਸ ਸਵਾਲ ਨਾਲ ਜੁੜੇ ਖ਼ੌਫ਼ ਨੂੰ ਸਿੱਧੇ ਤੌਰ 'ਤੇ ਰੂਪਮਾਨ ਕਰਦੇ ਹਨ। ਬਸੰਤੀ ਦਾ ਡਾਕੂਆਂ ਵੱਲੋਂ ਪਿੱਛਾ ਕੀਤੇ ਜਾਣ ਦੇ ਦ੍ਰਿਸ਼ਾਂ ਨਾਲ ਜੁੜੀ ਤਬਲੇ ਦੀ ਥਾਪ ਬਸੰਤੀ ਦੇ ਦਿਲ ਦੀ ਧੱਕ-ਧੱਕ ਬੜੇ ਸਹਿਜ-ਭਾਅ ਨਾਲ ਉਜਾਗਰ ਕਰਦੀ ਹੈ।

ਰਾਹੁਲ ਦੇਵ ਬਰਮਨ, ਜੋ ਆਪਣੇ ਉਪਨਾਮ ਪੰਚਮ ਨਾਲ ਵੱਧ ਜਾਣਿਆ ਜਾਂਦਾ ਸੀ, ਦੀ ਮੌਤ ਤੋਂ ਇੱਕ ਮਹੀਨਾ ਬਾਅਦ ਫ਼ਿਲਮ ਰਸਾਲੇ 'ਮੂਵੀ' ਵਿੱਚ ਛਪੇ ਇੰਟਰਵਿਊ ਵਿੱਚ ਫ਼ਿਲਮਸਾਜ਼ ਰਮੇਸ਼ ਸਿੱਪੀ ਨੇ ਦੱਸਿਆ, ''ਸ਼ੋਅਲੇ ਦਾ ਬੈਕਗ੍ਰਾਊਂਡ ਸੰਗੀਤ ਪੰਚਮ ਦੀ 'ਖ਼ੁਰਾਫ਼ਾਤੀ' ਪੈਦਾਇਸ਼ ਸੀ। ਉਸ ਨੇ ਮੈਨੂੰ ਕਿਹਾ, ਸਭ ਮੇਰੇ 'ਤੇ ਛੱਡ ਦੇ। ਜੇ ਕੁਝ ਪਸੰਦ ਨਾ ਆਇਆ ਤਾਂ ਆਪਾਂ ਤੇਰੀ ਪਸੰਦ ਮੁਤਾਬਿਕ ਬਦਲ ਦਿਆਂਗੇ। ਬਸੰਤੀ ਦੇ ਤਾਂਗੇ ਦਾ ਪਿੱਛਾ ਕੀਤੇ ਜਾਣ ਦੇ ਦ੍ਰਿਸ਼ਾਂ ਲਈ ਉਸ ਨੇ ਤਬਲੇ 'ਤੇ ਢੋਲਕ ਦੀ ਥਾਪ, ਘੁੰਗਰੂਆਂ ਦੀ ਖਣਕ ਤੇ ਘੋੜਿਆਂ ਦੇ ਖੁਰਾਂ ਦੇ ਪਟਕੇ ਜਾਣ ਦੀ ਆਵਾਜ਼ ਨਾਲ ਮਿਲਾ ਕੇ ਵਰਤਿਆ। ਇਸ ਤਜਰਬੇ ਨੇ ਪੂਰੀ ਦ੍ਰਿਸ਼ਵਲੀ ਵਿੱਚ ਜਾਨ ਭਰ ਦਿੱਤੀ। ਤੁਸੀਂ ਸਿਰਫ਼ ਆਡੀਓ ਟੇਪ ਸੁਣ ਕੇ ਵੀ ਇਹ ਕਲਪਨਾ ਕਰ ਸਕਦੇ ਹੋ ਕਿ ਕੀ ਕੁਝ ਵਾਪਰ ਰਿਹਾ ਹੈ। ਇਹ ਪੰਚਮ ਦੀ ਜੀਨੀਅਸ ਦਾ ਕਮਾਲ ਸੀ।''

ਪੰਚਮ ਨੇ ਫ਼ਿਲਮ 'ਪਲੋਤਨ' ਦੇ ਗੀਤ 'ਮੇਰੇ ਸਾਮਨੇ ਵਾਲੇ ਖਿੜਕੀ...' ਲਈ ਝਾੜੂ ਤੇ ਮੰਜੇ ਦੀ ਦੌਣ ਕੱਸਣ ਦੀਆਂ ਆਵਾਜ਼ਾਂ ਨੂੰ ਆਪਣੇ ਸੰਗੀਤ ਦਾ ਸ਼ਿੰਗਾਰ ਬਣਾਇਆ ਸੀ। ਉਸ ਨੇ 'ਸ਼ੋਅਲੇ' ਦੇ ਗੀਤ 'ਮਹਿਬੂਬਾ ਓ ਮਹਿਬੂਬਾ...' ਦੀ ਸ਼ੁਰੂਆਤ ਮੌਕੇ ਬਿਲਕੁਲ ਨਵੀਂ ਕਿਸਮ ਦੀ ਆਵਾਜ਼ ਦੀ ਵਰਤੋਂ ਕੀਤੀ। ਇਹ ਆਵਾਜ਼ ਸੀ ਬੀਅਰ ਦੀਆਂ ਅੱਧਭਰੀਆਂ ਬੋਤਲਾਂ ਵਿੱਚ ਫੂਕ ਮਾਰਨ ਦੀ। ਉਸ ਦੇ ਇੱਕ ਸਹਾਇਕ ਨੇ ਇੱਕ ਦਿਨ ਬੀਅਰ ਦੇ ਲੋਰ ਵਿੱਚ ਅਜਿਹਾ ਕਰ ਦਿੱਤਾ। ਜੋ ਆਵਾਜ਼ ਨਿਕਲੀ, ਉਸ ਨੂੰ ਸੁਣ ਕੇ ਪੰਚਮ ਚੌਂਕ ਗਿਆ। ਬਸ, ਉਸੇ ਸਹਾਇਕ ਦੀ ਡਿਊਟੀ ਤਿੰਨ ਘੰਟਿਆਂ ਲਈ ਬੀਅਰ ਦੀਆਂ ਅੱਧਭਰੀਆਂ ਬੋਤਲਾਂ ਵਿੱਚ ਫੂਕਾਂ ਮਾਰਨ ਤੇ ਆਵਾਜ਼ਾਂ ਰਿਕਾਰਡ ਕਰਨ ਦੀ ਲੱਗ ਗਈ। (ਨਵ-ਪ੍ਰਕਾਸ਼ਿਤ ਪੁਸਤਕ 'ਫ਼ਿਲਮਜ਼ ਐਂਡ ਆਰ.ਡੀ. ਬਰਮਨ' ਦੇ ਅੰਸ਼)

# ਜੱਟ ਦੇ ਮੇਚ ਆ ਜਾਂਦੀ ਟੌਅਰ ਪਟਵਾਰੀ ਦੀ

ਖੁਸ਼ਪ੍ਰੀਤ ਸਿੰਘ ਸੁਨਾਮ


“ਪਟਵਾਰੀ” ਜਿਸ ਨੂੰ ਰਾਜਾ ਅਕਬਰ ਦੇ ਰਾਜਕਾਲ ਦੌਰਾਨ ਬੜੇ ਹੀ ਮਾਣ ਅਤੇ ਇੱਜਤ ਨਾਲ ਸੰਬੋਧਨ ਕੀਤਾ ਜਾਦਾਂ ਸੀ। ਭੌਂ ਅਤੇ ਇਸ ਸਬੰਧੀ ਕੋਈ ਵੀ ਕੰਮ ਕਰਨ ਤੋ ਪਹਿਲਾ ਪਟਵਾਰੀ ਨੂੰ ਪੁੱਛਣਾ ਜਰੂਰੀ ਹੀ ਨਹੀਂ ਬਲਕਿ ਲਾਜਮੀ ਹੁੰਦਾ ਸੀ। ਸਮਾ ਬਦਲਦਾ ਰਿਹਾ ਭਾਵੇ ਮੁਗਲ ਸਮਾਰਾਜ ਜਾ ਅੰਗਰੇਜ ਹਕੂਮਤ ਰਹੀ ਹੋਵੇ ਪ੍ਰੰਤੂ ਪਟਵਾਰੀ ਦਾ ਰੁਤਬਾ ਮਾਨ-ਸਤਿਕਾਰ ਇੱਜਤ ਵਾਲਾ ਹੀ ਰਿਹਾ ਹੈ।

ਕੰਮ ਪੱਖੋ ਪਟਵਾਰੀ ਨੇ ਕਦੇ ਦਿਨ-ਰਾਤ ਨਹੀ ਵੇਖਿਆ, ਕਦੇ ਮੀਂਹ ਹਨੇਰੀ ਦੀ ਪ੍ਰਵਾਹ ਨੀਹ ਕੀਤੀ ਕੁਦਰਤੀ ਆਫਤਾ ਜਿਵੇ ਹੜਾਂ-ਝੱਖੜਾ ਵਿੱਚ ਆਪਣੀ ਜਿੰਮੁਵਾਰੀ ਸਮਝਦੇ ਹੋਏ,ਹਰ ਅਸੰਭਵ ਕੰਮ ਨੂੰ ਕਰਕੇ ਦਿਖਾਇਆ। ਇਹਨਾ ਕੰਮਾ ਵਿੱਚ ਉਸਨੇ ਭਾਵੇ ਹੜ-ਪੀੜਤਾਂ ਨੂੰ ਰਿਹਾਇਸ਼ ਦਾ ਪ੍ਰਬੰਧ ਕਰਨ ਵਿੱਚ ਮਦਦ ਕੀਤੀ, ਲੰਗਰ ਪਾਣੀ ਪਸ਼ੂਆ ਦੇ ਹਰੇ ਚਾਰੇ ਲੋੜਵੰਦਾ ਨੂੰ ਦਵਾਈਆਂ ਆਦਿ ਦਾ ਇੰਤਜਾਮ ਕਰਨਾ ਹੋਵੇ ਕਦੇ ਵੀ ਪਾਸਾ ਨਹੀ ਵੱਟਿਆ।

ਪ੍ਰਸ਼ਾਸ਼ਨ ਦੀ ਰੀੜ ਦੀ ਹੱਡੀ ਵਜੋ ਜਾਣੇ ਜਾਦੇ ਪਟਵਾਰੀ ਨੇ ਬੰਦੋਬਸਤ ਤੋ ਲੈ ਕਾ ਮੁਰੱਬਾਬੰਦੀ ਕਰਨ ਤੱਕ ਦੇ ਸਭ ਤੋ ਔਖੇ ਸਮਝੇ ਜਾਦੇ ਕੰਮ ਨੂੰ,ਲੋਕਾ ਦੀ ਲੋੜ ਅਨੁਸਾਰ ਉਸ ਨੂੰ ਸੁਖਾਲਾ ਕਰਨ ਵਿੱਚ ਆਪਣੇ ਦਿਮਾਗ ਵਿੱਚ ਸਿਰਜੇ ਹੋਏ ਨਕਸ਼ਿਆ ਨੂੰ ਕਾਗਜਾ ਤੇ ਵਾਹ ਕੇ ਮੁਰੱਬਿਆ ਦੇ ਰੂਪ ਵਿੱਚ ਜਮੀਨ ਤੇ ਬਣਾ ਕੇ ਰਹਿੰਦੀ ਦੁਨੀਆ ਵਿੱਚ ਨਾ ਮਿਟਣਯੋਗ ਮੀਲ ਪੱਥਰ ਸਥਾਪਿਤ ਕੀਤੇ।

ਅੰਗਰੇਜ ਹਕੂਮਤ ਨੂੰ ਪਟਵਾਰੀ ਦੀ ਅਹਿਮੀਅਤ ਦਾ ਅਹਸਾਸ ਉਦੋਂ ਹੋਇਆ ਜਦੋਂ ਉਹਨਾਂ ਕੋਲ ਕਿਸ ਇੱਕ ਪਿੰਡ ਤੋਂ ਦੂਜੇ ਪਿੰਡ ਜਾਣ ਲਈ ਕੋਈ ਸਿੱਧਾ ਰਸਤਾ ਨਹੀ ਸੀ। ਇਸ ਲੋੜ ਨੂੰ ਮਹਿਸੂਸ ਕਰਦੇ ਹੋਏ ਅੰਗਰੇਜ ਹਕੂਮਤ ਨੇ ਪਟਵਾਰੀ ਨੂੰ ਹੀ ਇਸ ਦੇ ਯੋਗ ਸਮਝਿਆ। ਪਟਵਾਰੀ ਵੱਲੋ ਕੀਤੇ ਗਏ ਮਾਰਗ-ਦਰਸ਼ਨ ਨੂੰ ਅਮਲ ਵਿੱਚ ਲਿਆਉਦਿਆ ਪਟਾਵਾਰੀ ਦੀ ਪੈੜਾਂ ਵਿੱਚ ਪੈੜਾਂ ਧਰਨ ਲਈ ਮਜਬੂਰ ਹੋਏ। ਅੰਗਰੇਜੀ ਹਕਮੂਤ ਤੋ ਬਾਅਦ ਸਾਡੇ ਸੂਬੇ ਦੀਆ ਸਰਕਾਰਾ ਨੇ ਜਮੀਨ ਦੇ ਵਿੰਗੇ-ਟੇਢੇ ਟੁਕੜਿਆਂ ਨੂੰ ਅਤੇ ਰਸਤਿਆਂ-ਖਾਲਾਂ ਦੀ ਲੋੜ ਸਮਝਦੇ ਹੋਏ ਚੰਗੀ ਆਸ ਦੀ ਝਾਕ ਵਿੱਚ ਇੱਕ ਵਾਰ ਫਿਰ ਸੂਈ ਪਟਵਾਰੀ ਵੱਲ ਹੀ ਘੁੰਮੀ ਜਿਸ ਤੇ ਬਾਖੂਬੀ ਖਰੇ ਉਤਰਦੇ ਹੋਏ ਪਟਵਾਰੀ ਨੇ ਦਰੀਆਂ ਤੇ ਬੈਠ ਕੇ ਰਿਕਾਰਡ ਦੀ ਪੰਡ ਸਿਰ ਉਪਰ ਚੁੱਕ ਕੇ ਕੱਚੇ ਅਤੇ ਔਖੇ ਰਸਤਿਆਂ ਉਪਰ ਚੱਲ ਕੇ ਇੱਕ ਵਾਰ ਫਿਰ ਮੁਰੱਬਾਬੰਦੀ(ਚੌਰਸ ਖੇਤ) ਵਰਗਾ ਔਖਾ ਕੰਮ ਕਰਕੇ ਲੋਕਾ ਵਿੱਚ ਆਪਣੀ ਪੈਂਠ ਦੀ ਧਾਂਕ ਜਮਾਈ ਜੋ ਕਿ ਰਹਿੰਦੀ ਦੁਨੀਆ ਤੱਕ ਕਾਇਮ ਰਹੇਗੀ।

ਪਟਵਾਰੀ ਜਿੱਥੇ ਆਪਣੇ ਕੰਮਾਂ ਵਿੱਚ ਮੂਹਰੀ ਰੋਲ ਅਦਾ ਕਰਦਾ ਰਿਹਾ ਹੈ। ਉਥੇ ਸੰਘਰਸ਼ ਦੇ ਪਿੜ ਵਿੱਚ ਉਤਰਨ ਦੀ ਪਹਿਲ ਵੀ ਪਟਵਾਰੀ ਦੇ ਹਿੱਸੇ ਹੀ ਆਈ । ਜਦੋਂ ਉਸ ਨੇ ਆਪਣੇ ਹੀ ਸੂਬੇ ਦੀ ਸਰਕਾਰ, ਲੋਕਾਂ ਦੀ ਮੁਦਈ ਆਖੀ ਜਾਣ ਵਾਲੀ ਕੈਰੋ ਸਰਕਾਰ ਦੇ ਖਿਲਾਫ ਆਪਣੀਆਂ ਹੱਕੀ ਮੰਗਾਂ ਮੰਨਵਾਉਣ ਲਈ ਸੰਘਰਸ਼ ਵਿੱਢਣਾ ਪਿਆ ਪਟਾਵਰੀਆ ਦੇ ਇਸ ਸੰਘਰਸ਼ ਦੀ ਉਸ ਵੇਲੇ ਦੀ ਵਿਧਾਨ ਸਭਾ ਵਿੱਚ ਵਿਧਾਂਇਕਾ ਨੂੰ ਵੀ ਪਟਵਾਰੀਆਂ ਦੇ ਹੱਕ ਵਿੱਚ ਹਾਂ ਦਾ ਨਾਅਰਾ ਮਾਰਨਾ ਪਿਆ ਸੀ। ਭਾਵੇਂ ਸੰਘਰਸ਼ ਨੂੰ ਆਸ ਮੁਤਾਬਿਕ ਬੂਰ ਨਹੀਂ ਪਿਆ,ਪ੍ਰੰਤੂ ਫਿਰ ਵੀ ਪਟਵਾਰੀਆਂ ਨੇ ਜਮੀਰ ਦੀ ਅਵਾਜ ਨੂੰ ਸੁਣਦੇ ਹੋਏ ਕੈਰੋਂ ਦੇ ਨਾਦਰਸ਼ਾਹੀ ਫਰਮਾਨਾਂ ਅੱਗੇ ਨਹੀ ਝੁਕੇ ਅਤੇ ਸੰਘਰਸ਼ ਜਾਰੀ ਰੱਖਦੇ ਹੋਏ ਪਟਵਾਰੀ ਦੀ ਅਹਿਮੀਅਤ ਨੂੰ ਬਰਕਰਾਰ ਰੱਖਣ ਵਿੱਚ ਅਹਿਮ ਰੋਲ ਅਦਾ ਕੀਤਾ ਅਤੇ ਆਪਣੀ ਜਥੇਬੰਦੀ ਦੀ ਸਥਾਪਨਾ ਨੂੰ ਮਜਬੂਤ ਕੀਤਾ।



ਭਾਵੇਂ ਪੰਜਾਬੀ-ਸਭਿਆਚਾਰ ਹੋਰ ਮੁਲਾਜਮਾਂ ਨਾਲੋ ਵਖਰੇਵਾਂ ਦਰਸਾਉਦੇ ਹੋਏ ਲੋਕ ਬੋਲੀਆ ਵਿੱਚ ਵੀ ਪਟਵਾਰੀ ਦੀ ਹੋਂਦ ਸਭ ਤੋ ਉਪਰ ਹੀ ਰਹੀ ਹੈ। ਜਿਵੇਂ ਕਿ ਲੋਕ ਬੋਲੀਆਂ ਵਿੱਚ:-

ਬਣ ਪਟਵਾਰੀ ਤੈਨੂੰ ਲਿਖਦੇ ਨੂੰ ਦੇਖਾਂ ”

ਜਾਂ

“ਪੰਚੀਆਂ ਪਿੰਡਾਂ ਦਾ ਮੇਰਾ ਢੋਲ ਪਟਵਾਰੀਆਂ “

ਆਦਿ ਲੋਕ ਬੋਲੀਆ ਹਮੇਸ਼ਾ ਹੀ ਸੱਭਿਆਚਾਰ ਦਾ ਅੰਗ ਰਹੀਆ ਹਨ। ਪ੍ਰੰਤੂ ਹਕੀਕਤ ਵਿੱਚ ਕਿਸ ਨੇ ਉਸਦੇ ਅੰਦਰਲੇ ਭਰੇ ਹੋਏ ਮਨ ਨਹੀ ਫਰੋਲਿਆ । ਐਨੇ ਔਖੇ ਕੰਮਾਂ ਨੂੰ ਕਰਦਿਆਂ ਉਸ ਦੀ ਮਾਨਸਿਕ ਹਾਲਤ ਕੀ ਹੈ। ਕਿਸੇ ਨੇ ਵੀ ਸੱਚ ਸਮਝਣ ਦੀ ਕੋਸ਼ਿਸ਼ ਨਹੀ ਕੀਤੀ ਹੋਰ ਮੁਲਾਜਮਾ ਨਾਲੋ ਘੱਟ ਤਨਖਾਹ ਲੈ ਕੇ ਕਿਸ ਵੀ ਬੱਚੇ ਦੇ ਜਨਮ ਤੋਂ ਲੈ ਕੇ ਉਸ ਦੀ ਪੜਾਈ ਵਿੱਚ ਕੰਮ ਆਉਦੇ ਸਰਟੀਫਿਕੇਟ ਤਿਆਰ ਕਰਵਾਉਣ ਵਾਲਾ, ਕਿਸੇ ਜਮੀਨ ਮਾਲਕ ਦੀ ਮੌਤ ਤੋ ਬਾਅਦ ਉਸ ਦੇ ਵਾਰਿਸਾਂ ਦੇ ਨਾਮ ਵਿਰਾਸਤ ਕਰਵਾਉਣ ਵਾਲਾ, ਆਮਦਨ ਤਸਦੀਕ ਕਰਨ ਵਾਲਾ, ਬੇਘਰਿਆਂ ਨੂੰ ਘਰ ਬਣਾਉਣ ਵਿੱਚ ਮਦਦ ਕਰਨ ਵਾਲਾ, ਫਸਲੀ ਮੁਆਵਜੇ ਦਿਵਾਉਣ ਵਾਲਾ ਪਟਵਾਰੀ ਸਿਰਫ ਰਸਤਾਂ ਵੰਡਣ ਤੱਕ ਹੀ ਮਹਿਫੂਜ ਰਿਹਾ। ਉਸ ਨੂੰ ਮਿਲਣ ਵਾਲੀ ਤਨਖਾਹ, ਭੱਤਿਆਂ ਕਿਸੇ ਸਰਕਾਰ ਨੇ ਵਧਾਉਣ ਦੀ ਗੱਲ ਤਾ ਕੀ ਕਰਨੀ ਸੀ ਸਗੋਂ ਉਸ ਨੂੰ ਪੁਚਾਰਕੇ ਕੇ ਵਿਰਾ ਕੇ ਹੋਰ ਵੀ ਕੰਮ ਦਾ ਬੋਝ ਲੱਦ ਦਿੱਤਾ, ਵਾਧੂ ਹਲਕਿਆਂ ਦਾ ਕੰਮ ਦੇ ਕੇ ਉਸ ਦੀ ਚੈਨ ਦੀ ਜਿੰਦਗੀ ਖੋਹ ਲਈ । ਹਰ ਵੇਲੇ ਹਿੱਬੜ-2 ਕਰਦਾ ਪਟਵਾਰੀ ਲੋਕਾਂ ਨੂੰ ਸਹੂਲਤਾਂ ਵੰਡਣ ਵਾਲੇ ਫਰਦ-ਕੇਦਰਾਂ ਤੇ ਹਾਜਰੀ ਭਰਨ ਜੋਗਾ ਰੀ ਰਹਿ ਗਿਆ। ਇਕ ਲੱਤ ਦਫਤਰ ਅਤੇ ਇੱਕ ਲੱਤ ਫਰਦ-ਕੇਂਦਰ ਵਾਧੂ ਕੰਮਾਂ ਦੇ ਫਲ ਵਜੋਂ ਮਿਲਦੀਆਂ ਹਨ, “ਉਚ-ਅਧਿਕਾਰੀਆਂ ਦੀਆਂ ਫਿਟਕਾਰਾਂ” ਅਤੇ ਲੋਕਾਂ ਵੱਲੋਂ ਬਿਨਾ ਵਜਾਹ ਸਿਕਾਇਤਾਂ, ਤਰੱਕੀ ਮਿਲਣਾ ਤਾਂ ਉਸ ਨੂੰ ਸੁਪਨੇ ਬਰਾਬਰ ਹੈ। ਉਹ ਤਾ ਪਟਵਾਰੀ ਭਰਤੀ ਹੁੰਦਾ ਹੈ, ਪਟਵਾਰੀ ਹੀ ਰਿਟਾਇਰ ਹੋ ਜਾਦਾਂ ਹੈ। ਕਿਉਂਕਿ ਇਸ ਮਹਿਕਮੇ ਵਿੱਚ ਤਰੱਕੀ ਦੇ ਮੌਕੇ ਬਹੁਤ ਘੱਟ ਮਿਲਦੇ ਹਨ।

ਵਕਤ ਬਦਲਦਾ ਹੈ, ਸਰਕਾਰ ਬਦਲਦੀ ਹੈ,ਪਟਵਰੀ ਨੂੰ ਲੱਗਦਾ ਹੈ। ਕਿ ਸਾਡੇ ਉਪਰ ਲੱਦਿਆ ਵਾਧੂ ਬੋਝ ਆਹ ਸਰਕਾਰ ਤੋ ਜਰੂਰ ਹੋਲਾ ਕਰੇਗੀ, ਪਰ ਪਰਨਾਲਾ ਉੱਥੇ ਦਾ ਉੱਥੇ ਕਿਉਂਕਿ 1991 ਤੋਂ ਬਾਅਦ ਪਟਵਾਰੀਆਂ ਦੀ ਕੋਈ ਭਰਤੀ ਨਹੀ ਹੋਈ, ਪਟਵਾਰ ਹਲਕੇ ਹਰ ਮਹੀਨੇ ਖਾਲੀ ਹੋ ਰਹੇ ਹਨ, ਸਰਕਾਰ ਨੂੰ ਬਿਨਾ ਤਨਖਾਹ ਦਿੱਤਿਆਂ ਫ੍ਰੀ ਮੁਲਾਜਮ ਮਿਲੇ ਹਨ ਤਾ ਸਿਰਫ ਪਟਵਾਰੀ। ਜੇਕਰ ਕਿਸੇ ਮੁਲਾਜਮ ਤੋ ਵਾਧੂ ਕੰਮ ਲਿਆ ਜਾਦਾਂ ਹੈ ਤਾਂ ਉਸ ਦੇ ਇਵਜ ਵਿੱਚ ਉਸ ਮੁਲਾਜਮ ਨੂੰ ਮਿਹਨਤਾਨਾ ਮਿਲਦਾ ਹੈ। ਜੇਕਰ ਕਿਸੇ ਮੁਲਾਜਮ ਦੀ ਡਿਊਟੀ ਵੋਟਾਂ ਪਵਾਉਣ ਵਿੱਚ ਜਾਂ ਮਰਦਮ-ਸ਼ੁਮਾਰੀ ਵਿੱਚ ਲੱਗਦੀ ਹੈ। ਤਾ ਉਸ ਨੂੰ ਰਿਹਰਸਲ ਵਿੱਚ ਸ਼ਾਮਿਲ ਹੋਣ ਦੇ ਵੱਖਰੇ ਵੋਟਾਂ ਪੈਣ ਵਾਲੇ ਦਿਨ ਦੇ ਵੱਖਰੇ ਰੁਪਏ ਮਾਨ-ਭੇਟਾਂ ਵਜੋਂ ਮਿਲਦੇ ਹਨ। ਪਰ ਪ੍ਰਸ਼ਾਸ਼ਨ ਦੀ ਰੀੜ ਦੀ ਹੱਡੀ ਪਟਵਾਰੀ ਨੂੰ ਵੋਟਾਂ ਪੈਣ ਦੇ ਐਲਾਨ ਹੋਣ ਤੋਂ ਲੈ ਕੇ ਵੋਟਾਂ ਦਾ ਸਮਾਨ ਵਾਪਿਸ ਰਿਕਾਰਡ ਰੂਮ ਵਿੱਚ ਜਮਾਂ ਕਰਵਾਉਣ ਦੇ ਦੋ-ਢਾਈ ਮਹੀਨਿਆਂ ਦਾ ਕੋਈ ਵਾਧੂ ਮਿਹਨਤਾਨਾ ਨਹੀ ਦਿੱਤਾ ਜਾਦਾਂ ਬਲਕਿ ਉਸ ਦੀ ਆਪਣੀ ਜੇਬ ਵਿੱਚੋ ਹੀ ਖਰਚ ਹੁੰਦਾ ਹੈ।

ਇਹ ਹੈ ਅੱਜ ਦੇ ਪਟਵਾਰੀ ਦੀ ਹਾਲਤ ਇਹਨਾ ਸਮਿਆਂ ਦੌਰਾਨ ਪਟਵਾਰੀਆਂ ਨੂੰ ਕਈ-ਕਈ ਦਿਨ ਸਵੇਰੇ 6 ਵਜੇ ਤੋਂ ਲੈ ਕੇ ਰਾਤ ਦੇ 10-11 ਵਜੇ ਤੱਕ ਵੀ ਕੰਮ ਕਰਨਾ ਪੈਂਦਾ ਹੈ, ਕਿਉਂਕਿ ਉਹ ਰੀੜ ਦੀ ਹੱਡੀ ਹੈ। ਕਿਸੇ ਵੇਲੇ ਪਟਵਾਰੀ, ਕੰਡਕਟਰ, ਜੇ.ਬੀ.ਟੀ ਮਾਸਟਰ ਦਾ ਤਨਖਾਹ ਸਕੇਲ ਇੱਕ ਹੁੰਦਾ ਸੀ, ਪ੍ਰੰਤੂ ਅੱਜ ਹਕੀਕਤ ਉਲਟ ਹੋ ਗਈ ਹੈ, ਮਾਸਟਰ,ਕੰਡਕਟਰ ਵੱਧ ਤਨਖਾਹ ਸਕੇਲ ਲੈ ਰਹੇ ਹਨ ਅਤੇ ਪਟਵਾਰੀ ਸਭ ਤੋਂ ਨੀਵੇਂ ਸਕੇਲ ਵਿੱਚ ਹਨ। ਕਿਉਂਕਿ ਪਟਵਾਰੀ ਰੀੜ ਦੀ ਹੱਡੀ ਹੈ ਤੇ ਫਿਰ ਰੀੜ ਦੀ ਹੱਡੀ ਤੇ ਬੋਝ ਪੈਣਾ ਹੀ ਹੋਇਆ, ਕੁੱਝ ਲੋਕਾਂ ਦੀਆਂ ਨਜਰਾਂ ਵਿੱਚ ਪਟਵਾਰੀ ਨੂੰ ਘ੍ਰਿਣਤ ਨਜਰ ਨਾਲ ਵੇਖਿਆ ਜਾਦਾ ਹੈ, ਬਾਹਰੋ ਹੱਸਦਾ ਅਤੇ ਅੰਦਰਲੇ ਮਨੋ ਫਿਸਿਆ ਪਿਆ ਪਟਵਾਰੀ ਜੇ ਅੱਜ ਵਾਧੂ ਹਲਕਿਆਂ ਦੇ ਚਾਰਜ ਛੱਡਣ ਲਈ ਮਜਬੂਰ ਹੋਇਆ ਤਾਂ ਇਥੋ ਦੀਆਂ ਸਰਕਾਰਾਂ ਜਿੰਮੇਵਾਰ ਹਨ, ਵਾਰ-ਵਾਰ ਮੰਗਾਂ ਮੰਣਨ ਲਈ ਅਲਟੀਮੇਟਮ ਦੇਣ ਦੇ ਬਾਵਜੂਦ ਵੀ ਸਰਕਾਰ ਨੇ ਪਟਵਾਰੀਆਂ ਦੀ ਕੋਈ ਵੀ ਮੰਗ ਨਹੀ ਮੰਨੀ, ਜਦੋਂ ਕਿ ਸਾਰੀਆ ਮੰਗਾਂ ਜਾਇਜ ਹਨ। ਤਨਖਾਹ ਸਕੇਲ ਦੀ ਇਕਸਾਰਤਾ ਕਰਨ ਦੀ ਮੰਗ ਮਾਨਯੋਗ ਸੁਪਰੀਮ ਕੋਰਟ ਦੀ ਰੂਲਿੰਗ ਹੈ ਕਿ ਇੱਕ ਬਰਾਬਰ ਦੇ ਅਹੁਦੇ ਤੇ ਕੰਮ ਕਰਨ ਵਾਲੇ ਮੁਲਾਜਮਾਂ ਦੀ ਤਨਖਾਹ ਇਕਸਾਰ ਹੋਵੇਗੀ, ਪਰ ਪੰਜਾਬ ਵਿੱਚ ਪਟਵਾਰੀਆਂ ਦੀ ਤਨਖਾਹ ਇਕਸਾਰ ਨਹੀਂ।

ਕੰਮ ਦੀ ਬਹੁਤਾਤ ਅਤੇ ਸਮੇਂ ਦੀ ਲੋੜ ਅਨੁਸਾਰ ਜੇ ਪੰਜ ਪਟਵਾਰੀਆਂ ਪਿੱਛੇ ਇੱਕ ਕਾਨੂੰਗੋ ਲਗਾਇਆ ਜਾਦਾਂ ਹੈ ਤਾਂ ਸਰਕਾਰ ਦੀ ਇੱਕ ਲਗਜਰੀ ਕਾਰ ਦੇ ਖਰਚੇ ਵਿੱਚੋਂ ਤਨਖਾਹਾਂ ਪੂਰੀਆ ਹੋ ਜਾਦੀਆਂ ਹਨ, ਹੈਲੀਕੈਪਟਰ ਦੇ ਇੱਕ ਦੇ ਝੂਟੇ ਦੇ ਕਿਰਾਏ ਵਿੱਚੋਂ ਸਾਰੇ ਪਟਵਾਰੀਆਂ ਨੂੰ ਬਰਾਬਰ ਤਨਖਾਹ ਦਿੱਤੀ ਜਾ ਸਕਦੀ ਹੈ। ਜਿਲਾ ਪੱਧਰ ਤੇ ਕਾਨੂੰਗੋ ਵਿੱਚ ਪਦ-ਉਨਤ ਕਰਕੇ ਦੋ ਅਸਾਮੀਆਂ ਪੂਰੀਆ ਕਰਨ ਨਾਲ ਵੀ ਸਰਕਾਰ ਦਾ ਬਜਟ ਨਹੀਂ ਹਿਲਦਾ ਪਰ ਕਹਿੰਦੇ ਨੇ ਰੋਇਆਂ ਬਿਨਾ ਮਾਂ ਵੀ ਦੁੱਧ ਨਹੀ ਪਿਲਾਂਉਦੀ ਤੇ ਸੰਘਰਸ਼ਾ ਬਿਨਾ ਹੱਕ ਨਹੀ ਮਿਲਦੇ।

ਪਟਵਾਰੀ ਜਮਾਤ ਜਿਸ ਨੂੰ ਰੀੜ ਦੀ ਹੱਡੀ ਕਿਹਾ ਜਾਦਾ ਹੈ, ਹੁਣ ਰੀੜ ਦੀ ਹੱਡੀ ਦੇ ਕਰਤੱਵ ਦਿਖਾ ਕੇ ਰਹੇਗੀ,ਜੇਕਰ ਕਦੇ ਰੀੜ ਦੀ ਹੱਡੀ ਵਿੱਚ ਨੁਕਸ ਪੈ ਜਾਵੇ,ਫਿਰ ਖੜੇ ਅੰਗਾਂ ਨੂੰ ਮੁੜ ਤੋ ਚਾਲੂ ਕਰਨ ਲਈ “ਬਾਬੇ ਦਾ ਯੋਗਾ” ਵੀ ਕੁੱਝ ਨਹੀ ਕਰ ਸਕਦਾ, ਪਟਵਾਰੀ ਜਮੀਨ ਦੀ ਮਾਂ ਹੁੰਦੇ ਨੇ ਅਤੇ ਮਾਂ ਬਣ ਕੇ ਰਹਿਣਾ ਲੋਚਦੇ ਹਨ। ਤੇ ਲੋਕਾਂ ਨੂੰ ਚਾਹੀਦਾ ਹੈ ਕਿ ਜਮੀਨ ਦੀ ਮਾਂ ਦੀ ਹੋਂਦ ਨੂੰ ਬਹਾਲ ਰੱਖਣ ਵਿੱਚ ਜਮੀਨ ਦੇ ਵਾਰਿਸ ਵੀ ਆਪਣਾ ਯੋਗਦਾਨ ਵੀ ਪਾਉਣ ਤੇ ਸਹਿਯੋਗ ਤੇ ਸਾਥ ਵੀ ਦੇਣ।

ਭਾਵੇਂ ਕਿ ਪਟਵਾਰੀ ਕਿਸੇ ਨੂੰ ਮਾਨਸਿਕ ਤਣਾਅ ਦੇ ਕੇ ਖੁਸ਼ ਨਹੀ ਹਨ,ਪਰ ਪਟਵਾਰੀ ਦੇ ਮਾਨਸਿਕ ਤਣਾਅ ਕੋਈ ਮਹਿਸੂਸ ਤਾ ਕਰੇ ।

# ਪਾਕਿਸਤਾਨ ਦੀ ਦੁਖਦੀ ਰਗ ਬਲੋਚਿਸਤਾਨ ਦਾ ਇਤਿਹਾਸ



ਬਲਰਾਜ ਸਿੰਘ ਸਿੱਧੂ
ਐਸ. ਪੀ.
9815124449

ਭਾਰਤ ਸਰਕਾਰ ਨੇ ਪਾਕਿਸਤਾਨ ਦੇ ਗੜਬੜ ਗ੍ਰਸਤ ਸੂਬੇ ਬਲੋਚਿਸਤਾਨ ਦਾ ਹਾਲਾਤ ਬਾਰੇ ਬਿਆਨ ਦੇ ਕੇ ਪਾਕਿਸਤਾਨ ਦੀ ਦੁਖਦੀ ਰਗ ਨੂੰ ਛੇੜ ਦਿੱਤਾ ਹੈ। ਹਮੇਸ਼ਾਂ ਕਸ਼ਮੀਰ ਦਾ ਰੋਣਾ ਰੋਣ ਵਾਲੇ ਪਾਕਿਸਤਾਨ ਨੂੰ ਇਸ ਬਿਆਨ ਨਾਲ ਬਹੁਤ ਢਿੱਡ ਪੀੜ ਹੋਈ ਹੈ। ਭਾਰਤ ਦੀ ਵੇਖਾ ਵੇਖੀ ਹੁਣ ਅਮਰੀਕਾ ਅਤੇ ਪੱਛਮੀ ਦੇਸ਼ਾਂ ਨੇ ਵੀ ਬਲੋਚਿਸਤਾਨ ਦੇ ਹਾਲਾਤ ਬਾਰੇ ਫਿਕਰਮੰਦੀ ਜਾਹਿਰ ਕੀਤੀ ਹੈ। ਬਲੋਚਿਸਤਾਨ ਦੀ ਸਮੱਸਿਆ 1947 ਵਿੱਚ ਅਜ਼ਾਦੀ ਮਿਲਦੇ ਸਾਰ ਹੀ ਸ਼ੁਰੂ ਹੋ ਗਈ ਸੀ। ਇਹ ਪਾਕਿਸਤਾਨ ਦਾ ਸਭ ਤੋਂ ਵੱਡਾ ਸੂਬਾ ਹੈ। ਇਸ ਦਾ ਕੁੱਲ ਖੇਤਰਫਲ 347190 ਸੁਕੇਅਰ ਕਿ.ਮੀ. ਹੈ। ਪਾਕਿਸਤਾਨ ਦੀ 44ਗ਼ ਧਰਤੀ ਇਸ ਦੇ ਕਬਜ਼ੇ ਹੇਠ ਹੈ। ਪਰ ਇਸ ਦੀ ਅਬਾਦੀ ਬਹੁਤ ਹੀ ਘੱਟ (13162222) ਹੈ। ਇਹ ਪਾਕਿਸਤਾਨ ਦੀ ਕੁੱਲ ਅਬਾਦੀ ਦਾ ਸਿਰਫ 15ਗ਼ ਹੈ। ਇਸ ਪੱਛੜੇ ਹੋਏ ਅਰਧ ਮਾਰੂਥਲੀ ਸੂਬੇ ਦੀਆਂ ਹੱਦਾਂ ਇਰਾਨ, ਅਫਗਾਨਿਸਤਾਨ ਅਤੇ ਅਰਬ ਸਾਗਰ ਨਾਲ ਲੱਗ-ਦੀਆਂ ਹਨ। ਇਥੋਂ ਸੂਈ ਨਾਮਕ ਸਥਾਨ ਤੋਂ ਮਿਲਣ ਵਾਲੀ ਕੁਦਰਤੀ ਗੈਸ (ਸੂਈ ਗੈਸ) ਦੀ ਸਪਲਾਈ ਪਾਕਿਸਤਾਨ ਦੇ ਘਰ ਘਰ ਵਿੱਚ ਹੁੰਦੀ ਹੈ। ਇਸ ਦੀ ਇਸ ਦੀ ਰਾਜਧਾਨੀ ਕੋਇਟਾ ਸੁਲੇਮਾਨ ਪਹਾੜਾਂ ਵਿੱਚ ਬਹੁਤ ਹੀ ਰਮਣੀਕ ਠੰਡੀ ਪਹਾੜੀ ਸੈਰਗਾਹ ਹੈ।

ਬਲੋਚਿਸਤਾਨ ਦੀ ਹਿੰਸਾ ਵਿੱਚ ਹੁਣ ਤੱਕ 20000 ਦੇ ਕਰੀਬ ਬਾਗੀ ਅਤੇ ਆਮ ਨਾਗਰਿਕ ਮਾਰੇ ਜਾ ਚੁੱਕੇ ਹਨ ਤੇ 1.50 ਲੱਖ ਦੇ ਕਰੀਬ ਬੇਘਰ ਹੋ ਚੁੱਕੇ ਹਨ। ਹਜ਼ਾਰਾਂ ਬਲੋਚ ਫੌਜ ਤੇ ਪੁਲਿਸ ਨੇ ਗਾਇਬ ਕਰ ਦਿੱਤੇ ਹਨ। ਇਹ ਗੁਰੀਲਾ ਯੁੱਧ ਪਾਕਿਸਤਾਨ ਅਤੇ ਇਰਾਨ ਦੇ ਬਲੋਚ ਬਹੁਗਿਣਤੀ ਵਾਲੇ ਸੀਸਤਾਨ ਪ੍ਰਾਂਤ ਵਿੱਚ ਚੱਲ ਰਿਹਾ ਹੈ। ਬਲੋਚ ਬਾਗੀ ਆਪਣੀ ਕੁਦਰਤੀ ਗੈਸ ਅਤੇ ਖਣਿਜ ਪਦਾਰਥ ਤੋਂ ਹੋਣ ਵਾਲੀ ਆਮਦਨ 'ਚੋਂ ਜਿਆਦਾ ਰਾਇਲਟੀ ਅਤੇ ਪਾਕਿਸਤਾਨ ਤੋਂ ਅਜ਼ਾਦੀ ਚਾਹੁੰਦੇ ਹਨ। ਅਸਲ ਵਿੱਚ ਸਾਰੇ ਪਾਕਿਸਤਾਨ ਵਿੱਚ ਪੰਜਾਬੀਆਂ ਦਾ ਗਲਬਾ ਹੈ। 45ਗ਼ ਅਬਾਦੀ ਕਾਰਨ ਉਹ ਨੌਕਰੀਆਂ ਅਤੇ ਵਪਾਰ ਵਿੱਚ ਛਾਏ ਪਏ ਹਨ। ਪੁਲਿਸ ਅਤੇ ਫੌਜ ਵਿੱਚ ਉਹਨਾਂ ਦਾ ਏਕਾਧਿਕਾਰ ਹੈ। ਬਾਕੀ ਸਾਰੇ ਸੂਬੇ ਪੰਜਾਬੀਆਂ ਤੋਂ ਬਹੁਤ ਨਫਰਤ ਕਰਦੇ ਹਨ। ਬਲੋਚਿਸਤਾਨ ਵਿੱਚ ਹੁਣ ਤੱਕ 1948, 1958-59, 1962-63 ਅਤੇ 1973-77 ਵਿੱਚ ਬਗਾਵਤਾਂ ਹੋ ਚੁੱਕੀਆਂ




ਹਨ। 2003 ਤੋਂ ਸ਼ੁਰੂ ਹੋਈ ਅਜੋਕੀ ਬਗਾਵਤ ਬਹੁਤ ਭਿਆਨਕ ਰੂਪ ਧਾਰਨ ਕਰ ਚੁੱਕੀ ਹੈ। ਗੁਆਂਢੀ ਅਫਗਾਨਿ-ਸਤਾਨ ਵਿੱਚ ਚੱਲ ਰਹੀ ਗੜਬੜ ਨੇ ਇਸ ਅੱਗ ਵਿੱਚ ਘਿਉ ਦਾ ਕੰਮ ਕੀਤਾ ਹੈ। ਬਲੋਚ ਬਾਗੀ ਕੇਂਦਰੀ ਸਰਕਾਰ ਦੇ ਕਈ ਵੱਡੇ ਅਦਾਰਿਆਂ 'ਤੇ ਹਮਲੇ ਚੁੱਕੇ ਹਨ। ਕੋਇਟਾ ਦੀ ਛਾਉਣੀ ਤੇ ਗਵਾਦਰ ਬੰਦਰਗਾਹ 'ਤੇ ਹਮਲੇ ਕਰਕੇ ਕਈ ਸੀਨੀਅਰ ਅਧਿਕਾਰੀ ਕਤਲ ਕਰ ਦਿੱਤੇ ਹਨ।

ਅਰਬਾਂ ਡਾਲਰ ਦੀ ਗੈਸ ਅਤੇ ਖਣਿਜਾਂ ਦਾ ਮਾਲਕ ਹੋਣ ਦੇ ਬਾਵਜੂਦ ਬਲੋਚਿਸਤਾਨ ਪਾਕਿਸਤਾਨ ਦਾ ਸਭ ਤੋਂ ਗਰੀਬ ਸੂਬਾ ਹੈ। ਇਸ ਦੇ ਸ਼ਹਿਰ, ਪਿੰਡ ਅਤੇ ਸੜਕਾਂ ਅਜੇ ਵੀ ਮੱਧ ਯੁੱਗ ਦਾ ਭੁਲੇਖਾ ਪਾਉਂਦੇ ਹਨ। ਹਜਾਰਾਂ ਪਿੰਡਾਂ ਵਿੱਚ ਬਿਜਲੀ ਅਤੇ ਪੀਣ ਵਾਲਾ ਪਾਣੀ ਨਹੀਂ ਹੈ। ਉਠਾਂ 'ਤੇ ਪੀਣ ਵਾਲਾ ਪਾਣੀ ਢੋਂਦੇ ਕਾਫਲੇ ਆਮ ਦ੍ਰਿਸ਼ ਹੈ। ਫਸਲਾਂ ਵੀ ਜਿਆਦਾ ਨਹੀਂ ਹੁੰਦੀਆਂ। ਜਿਆਦਾਤਰ ਲੋਕ ਅਜੇ ਵੀ ਭੇਡ ਬੱਕਰੀਆਂ ਅਤੇ ਊਠ ਪਾਲ ਕੇ ਗੁਜ਼ਾਰਾ ਕਰਦੇ ਹਨ। ਬਲੋਚਿਸਤਾਨ ਦੇ ਸਭ ਤੋਂ ਵੱਡੇ ਬਾਗੀ ਗਰੁੱਪ ਬਲੋਚਿਸਤਾਨ ਲਿਬਰੇਸ਼ਨ ਆਰਮੀ ਅਤੇ ਲਸ਼ਕਰੇ ਬਲੋਚਿਸਤਾਨ ਹਨ। ਇਹਨਾਂ ਗਰੁੱਪਾਂ ਨੇ ਫੌਜ, ਪੁਲਿਸ ਅਤੇ ਸਿਵਲ ਅਧਿਕਾਰੀਆਂ 'ਤੇ ਸੈਂਕੜੇ ਹਮਲੇ ਕੀਤੇ ਹਨ। ਇਸ ਸਮੱਸਿਆ ਦਾ ਮੁੱਢ 1666 ਈ. ਵਿੱਚ ਕਲਾਤ ਰਿਆਸਤ ਦੀ ਸਥਾਪਨਾ ਨਾਲ ਬੱਝਾ ਸੀ। 1758 ਵਿੱਚ ਇਸ ਦੇ ਨਵਾਬ ਮੀਰ ਨਸੀਰ ਖਾਨ ਨੇ ਅਹਿਮਦ ਸ਼ਾਹ ਅਬਦਾਲੀ ਦੀ ਅਧੀਨਤਾ ਸਵੀਕਾਰ ਕਰ ਲਈ ਸੀ। ਕਲਾਤ ਰਿਆਸਤ ਦੇ ਬਲੋਚਾਂ ਨੇ ਅਬਦਾਲੀ ਦੇ ਸਿੱਖਾਂ 'ਤੇ ਹਮਲਿਆਂ ਅਤੇ ਪਾਣੀਪੱਤ ਦੀ ਤੀਸਰੀ ਜੰਗ ਵਿੱਚ ਵੱਡਾ ਹਿੱਸਾ ਲਿਆ ਸੀ।

1869 ਈ. ਵਿੱਚ ਅੰਗਰੇਜਾਂ ਨੇ ਸਾਰੇ ਬਲੋਚਿਸਤਾਨ 'ਤੇ ਕਬਜ਼ਾ ਜਮਾ ਲਿਆ। 20ਵੀਂ ਸਦੀ ਵਿੱਚ ਪੜ੍ਹੇ ਲਿਖੇ ਮੱਧ ਵਰਗ ਨੇ ਬਲੋਚਿਸਤਾਨ ਨੂੰ ਅਜ਼ਾਦ ਦੇਸ਼ ਬਣਾਉਣ ਲਈ ਅੰਗਰੇਜਾਂ ਦੇ ਖਿਲਾਫ ਅੰਦੋਲਨ ਛੇੜ ਦਿੱਤਾ। ਅਜ਼ਾਦੀ ਵੇਲੇ ਬਲੋਚਿਸਤਾਨ ਮਰਕਾਨ, ਲਸਬੇਲਾ, ਖਾਰਾਨ ਅਤੇ ਕਲਾਤ ਰਿਆਸਤਾਂ ਵਿੱਚ ਵੰਡਿਆ ਹੋਇਆ ਸੀ। ਭਾਰਤ ਦੀਆਂ ਸਾਰੀਆਂ 535 ਰਿਆਸਤਾਂ ਨੂੰ ਅੰਗਰੇਜਾਂ ਨੇ ਕਿਸੇ ਵੀ ਦੇਸ਼ ਵਿੱਚ ਸ਼ਾਮਲ ਹੋਣ ਜਾਂ ਅਜ਼ਾਦ ਰਹਿਣ ਦੀ ਖੁਲ੍ਹ ਦੇ ਦਿੱਤੀ। ਕਲਾਤ ਨੂੰ ਛੱਡ ਕੇ ਬਾਕੀ ਤਿੰਨ ਰਿਆਸਤਾਂ ਪਾਕਿਸਤਾਨ ਵਿੱਚ ਸ਼ਾਮਲ ਹੋ ਗਈਆਂ। ਪਰ ਕਲਾਤ ਦੇ ਖਾਨ ਅਹਿਮਦ ਯਾਰ ਖਾਨ ਨੇ ਖੁਦ ਨੂੰ ਅਜ਼ਾਦ ਐਲਾਨ ਦਿੱਤਾ। 27 ਮਾਰਚ 1948 ਨੂੰ ਪਾਕਿਸਤਾਨੀ ਫੌਜ ਨੇ ਧਾਵਾ ਬੋਲ ਕੇ ਕਲਾਤ 'ਤੇ ਕਬਜ਼ਾ ਜਮਾ ਲਿਆ। ਖਾਨ ਨੇ ਡਰਦੇ ਮਾਰੇ ਰਲੇਵੇਂ ਦੇ ਦਸਤਾਵੇਜ਼ਾਂ 'ਤੇ ਦਸਤਖਤ ਕਰ ਦਿੱਤੇ। 1955 ਪਾਕਿਸਤਾਨ ਸਰਕਾਰ ਨੇ ਸਾਰੀਆਂ ਰਿਆਸਤਾਂ ਜ਼ਬਤ ਕਰ ਲਈਆਂ। 1958 ਵਿੱਚ ਇਸ ਜ਼ਬਤੀ ਦੇ ਖਿਲਾਫ ਨਵਾਬ ਨੌਰੋਜ਼ ਖਾਨ ਨੇ ਬਗਾਵਤ ਕਰ ਦਿੱਤੀ। ਇੱਕ ਸਾਲ ਦੀ ਲੜਾਈ ਤੋਂ ਬਾਅਦ 1959 ਵਿੱਚ ਉਸ ਨੂੰ ਹਰਾ ਕੇ ਹੈਦਰਾ-ਬਾਦ ਵਿੱਚ ਕੈਦ ਕਰ ਲਿਆ ਗਿਆ। ਉਸ ਦੇ 3 ਪੁੱਤਰ ਅਤੇ 2 ਭਤੀਜੇ ਫਾਂਸੀ 'ਤੇ ਲਟਕਾ ਦਿੱਤੇ ਗਏ। ਨਵਾਬ ਵੀ ਕੈਦ ਵਿੱਚ ਹੀ ਮਰ ਗਿਆ।

1956 ਵਿੱਚ ਪ੍ਰਧਾਨ ਮੰਤਰੀ ਸਿਕੰਦਰ ਮਿਰਜ਼ਾ ਨੇ ਸਾਰੇ ਪਾਕਿਸਤਾਨ ਨੂੰ ਇੱਕ ਯੂਨਿਟ ਘੋਸ਼ਿਤ ਕਰ ਦਿੱਤਾ। ਇਸ ਦੇ ਖਿਲਾਫ ਤੇ ਬਲੋਚਿਸਤਾਨ ਦੀ ਇਤਿਹਾਸਿਕ

(ਬਾਕੀ ਸਫਾ 22 ‘ਤੇ)

# ਨਜ਼ਰੀਆ ਮੈਕਰੋਨ ਤੇ ਮਹਾਤਿਰ ਦਾ

**ਸ਼ੰਕਰ ਸ਼ਰਨ**

ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦੀਆਂ ਗੱਲਾਂ 'ਤੇ ਤਮਾਮ ਪ੍ਰਤੀਕਰਮ ਆ ਰਹੇ ਹਨ। ਮੁਸਲਿਮ ਨੇਤਾਵਾਂ ਵੱਲੋਂ ਵੀ। ਇਨ੍ਹਾਂ ਨੂੰ ਮਿਲਾ ਕੇ ਦੇਖੀਏ ਤਾਂ ਇਹ ਕੌਮਾਂਤਰੀ ਪੱਧਰ 'ਤੇ ਕਾਫਰ-ਮੋਮਨ ਸੰਵਾਦ ਦੀ ਉਦਾਹਰਨ ਹੈ। ਭਾਰਤ, ਬੰਗਲਾਦੇਸ਼ ਅਤੇ ਪਾਕਿਸਤਾਨ ਵਿਚ ਵੀ ਚਰਚਾ ਹੋ ਰਹੀ ਹੈ। ਇਸ ਲਈ ਚੰਗਾ ਹੋਵੇਗਾ ਕਿ ਸਾਰੀਆਂ ਗੱਲਾਂ ਸਾਹਮਣੇ ਰੱਖ ਕੇ ਮੁਲਾਂਕਣ ਕਰੀਏ ਕਿਉਂਕਿ ਕਈ ਬਿੰਦੂਆਂ 'ਤੇ ਭਾਰਤ ਦੇ ਸਬੰਧ ਵਿਚ ਵੀ ਇਹ ਗੱਲਾਂ ਲਾਗੂ ਹੁੰਦੀਆਂ ਹਨ।

ਮੈਂਕਰੋ ਦੀਆਂ ਗੱਲਾਂ ਵਿਚ ਮੁੱਖ ਗੱਲ ਫਰਾਂਸ ਵਿਚ ਵੱਖਵਾਦ ਦਾ ਮੁਕਾਬਲਾ ਕਰਨਾ ਹੈ। ਉਨ੍ਹਾਂ ਨੇ ਇਸਲਾਮਵਾਦ ਦਾ ਵੀ ਜ਼ਿਕਰ ਕੀਤਾ। ਮੈਕਰੋਨ ਅਨੁਸਾਰ, ਇਸਲਾਮ ਇਕ ਵਿਸ਼ਵ-ਵਿਆਪੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ ਜਿਸ ਵਿਚ ਧਾਰਮਿਕ ਅਤੇ ਰਾਜਨੀਤਕ ਅਨਸਰਾਂ ਵਿਚਾਲੇ ਤਣਾਅ ਮੁੱਖ ਹੈ।



ਉਨ੍ਹਾਂ ਨੇ ਫਰਾਂਸ ਵਿਚ ਇਸਲਾਮੀ ਵਿਵਹਾਰ ਨੂੰ ਵਿਦੇਸ਼ੀ ਪ੍ਰਭਾਵ ਤੋਂ ਮੁਕਤ ਕਰਨ ਦੀ ਜ਼ਰੂਰਤ ਦੱਸੀ। ਸਥਾਨਕ ਇਮਾਮਾਂ ਦੀ ਬਾਹਰ ਸਿਖਲਾਈ, ਫਰਾਂਸੀਸੀ ਸਿੱਖਿਆ ਤੋਂ ਦੂਰੀ, ਸਥਾਨਕ ਇਸਲਾਮੀ ਸੰਸਥਾਵਾਂ ਨੂੰ ਵਿਦੇਸ਼ ਤੋਂ ਆਉਣ ਵਾਲੀ ਧਨ-ਦੌਲਤ ਆਦਿ ਇਸ ਦੇ ਉਦਾਹਰਨ ਹਨ। ਇਹ ਸਭ ਫਰਾਂਸੀਸੀ ਮੁਸਲਮਾਨਾਂ ਨੂੰ ਫਰਾਂਸ ਦੀਆਂ ਰਾਸ਼ਟਰੀ ਕਦਰਾਂ-ਕੀਮਤਾਂ 'ਸੈਕੂਲਰਿਜ਼ਮ ਅਤੇ ਸੁਤੰਤਰਤਾ' ਤੋਂ ਦੂਰ ਕਰਦੇ ਹਨ। ਇਸ ਲਈ ਮੈਕਰੋਨ ਨੇ ਇਕ 'ਵਿਵੇਕਸ਼ੀਲ ਇਸਲਾਮ' ਦੀ ਜ਼ਰੂਰਤ ਦੱਸੀ। ਪੈਰਿਸ ਵਿਚ ਇਕ ਚੇਚੇਨ ਮੁਸਲਿਮ ਦੁਆਰਾ ਅਧਿਆਪਕ ਸੈਮੂਅਲ ਪੈਟੀ ਦੇ ਕਤਲ ਤੋਂ ਬਾਅਦ ਮੈਂਕਰੋ ਨੇ ਫਰਾਂਸ ਦੀਆਂ ਰਾਸ਼ਟਰੀ ਕਦਰਾਂ-ਕੀਮਤਾਂ ਦੀ ਰੱਖਿਆ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਅੱਤਵਾਦੀ ਲੋਕ ਅਜਿਹੇ ਕੰਮ ਕਰਦੇ ਹਨ ਤਾਂ ਕਿ ਵੱਧ ਮੁਸਲਿਮਾਂ ਨੂੰ ਆਪਣੇ ਵੱਲ ਖਿੱਚ ਸਕਣ ਜਦਕਿ ਸਾਰੇ ਮੁਸਲਮਾਨ ਉਨ੍ਹਾਂ ਕਾਰਨਾਮਿਆਂ ਦਾ ਸਮਰਥਨ ਨਹੀਂ ਕਰਦੇ। ਇਸ ਦੇ ਲਈ ਉਨ੍ਹਾਂ ਨੇ 'ਇਸਲਾਮੀ ਵੱਖਵਾਦ' ਦੇ ਵਿਚਾਰ ਨੂੰ ਦੋਸ਼ੀ ਦੱਸਿਆ ਜੋ ਫਰਾਂਸ ਵਿਚ ਰਾਸ਼ਟਰੀ ਵਿਵਸਥਾ ਤੋਂ ਅਲੱਗ 'ਇਕ ਸਮਾਨਾਂਤਰ ਵਿਵਸਥਾ' ਬਣਾਉਣੀ ਚਾਹੁੰਦਾ ਹੈ। ਮੈਕਰੋਨ ਦੇ ਸ਼ਬਦਾਂ ਵਿਚ, 'ਸਾਡਾ ਸੰਘਰਸ਼ ਮਜ਼ਹਬ ਦੇ ਨਾਂ 'ਤੇ ਪਤਨ ਵੱਲ ਜਾਣ ਦੇ ਵਿਰੁੱਧ ਹੈ।

ਸਾਨੂੰ ਅਜਿਹੇ ਲੋਕਾਂ ਤੋਂ ਬਚਣਾ ਹੈ ਜੋ ਮਜ਼ਹਬ ਵਿਚ ਵਿਸ਼ਵਾਸ ਦੇ ਨਾਲ-ਨਾਲ ਫਰਾਂਸ ਦੀਆਂ ਕੌਮੀ ਕਦਰਾਂ-ਕੀਮਤਾਂ ਵਿਚ ਵੀ ਨਿਸ਼ਠਾ ਰੱਖਦੇ ਹਨ। ਉਨ੍ਹਾਂ ਨੇ ਦੁਹਰਾਇਆ ਕਿ ਫਰਾਂਸੀਸੀ ਪ੍ਰਗਟਾਵੇ ਦੀ ਆਜ਼ਾਦੀ ਵਿਚ ਕਿਸੇ ਵੀ ਵਿਚਾਰ ਜਾਂ ਸ਼ਖ਼ਸੀਅਤ ਦੀ ਆਲੋਚਨਾ ਜਾਂ ਕਾਰਟੂਨ ਬਣਾਉਣਾ ਸ਼ਾਮਲ ਰਿਹਾ ਹੈ। ਇਸ ਨੂੰ ਰੋਕਣ ਲਈ ਨਫ਼ਰਤ, ਹਿੰਸਾ ਅਤੇ ਦੂਜਿਆਂ ਦਾ ਅਪਮਾਨ ਬੰਦ ਹੋਣਾ ਚਾਹੀਦਾ ਹੈ। ਦੱਸਣਯੋਗ ਹੈ ਕਿ ਹਾਲੀਆ ਸਾਲਾਂ ਵਿਚ ਫਰਾਂਸ ਵਿਚ ਤਮਾਮ ਜੇਹਾਦੀ ਹਮਲਿਆਂ ਵਿਚ ਕਈ ਲੋਕ ਮਾਰੇ ਜਾ ਚੁੱਕੇ ਹਨ। ਪੈਰਿਸ ਵਿਚ ਅਧਿਆਪਕ ਦੇ ਕਤਲ ਤੋਂ ਬਾਅਦ ਤਿੰਨ ਹੋਰ ਲੋਕ ਨੀਸ ਸ਼ਹਿਰ ਵਿਚ ਮਾਰ ਦਿੱਤੇ ਗਏ। ਫਰਾਂਸ ਦੇ ਕਈ ਮੁਸਲਿਮ ਨੇਤਾਵਾਂ ਨੇ ਮੈਕਰੋਨ ਦੀ ਚਿੰਤਾ ਦਾ ਸਮਰਥਨ ਕੀਤਾ ਹੈ ਪਰ ਮਲੇਸ਼ੀਆ ਦੇ ਸਾਬਕਾ ਪ੍ਰਧਾਨ ਮੰਤਰੀ ਮਹਾਤਿਰ ਮੁਹੰਮਦ ਨੇ ਬੇਹੱਦ ਹਿੰਸਕ ਅਤੇ ਭੜਕਾਊ ਬਿਆਨ ਦਿੱਤਾ ਹੈ।

ਉਨ੍ਹਾਂ ਨੇ ਮੈਕਰੋਨ ਨੂੰ ਸੰਬੋਧਨ ਕਰਦਿਆਂ ਟਵਿੱਟਰ 'ਤੇ ਲਿਖਿਆ ਕਿ 'ਅਤੀਤ ਦੇ ਕਤਲੇਆਮਾਂ ਕਾਰਨ ਮੁਸਲਮਾਨਾਂ ਨੂੰ ਗੁੱਸੇ ਹੋਣ ਅਤੇ ਲੱਖਾਂ ਫਰਾਂਸ ਵਾਸੀਆਂ ਨੂੰ ਮਾਰਨ ਦਾ ਅਧਿਕਾਰ ਹੈ। ਤੁਸੀਂ ਕਿਉਂਕਿ ਇਕ ਗੁੱਸੇਖੋਰ ਆਦਮੀ ਦੇ ਕਾਰੇ ਲਈ ਮੁਸਲਮਾਨਾਂ ਦੇ ਧਰਮ ਨੂੰ ਦੋਸ਼ੀ ਠਹਿਰਾਇਆ ਹੈ, ਇਸ ਲਈ ਮੁਸਲਮਾਨਾਂ ਕੋਲ ਫਰਾਂਸੀਸੀਆਂ ਨੂੰ ਸਜ਼ਾ ਦੇਣ ਦਾ ਅਧਿਕਾਰ ਹੈ।' ਇਹ ਯਕੀਨਨ ਗ਼ਲਤ ਇਲਜ਼ਾਮ ਹੈ। ਮੈਕਰੋਨ ਨੇ ਉਸ ਤਰ੍ਹਾਂ ਕੁਝ ਨਹੀਂ ਕਿਹਾ, ਜਿਸ ਤਰ੍ਹਾਂ ਮਹਾਤਿਰ ਕਹਿ ਰਹੇ ਹਨ। ਮੈਕਰੋਨ ਨੇ ਤਾਂ ਰਾਜਨੀਤਕ ਇਸਲਾਮ ਅਤੇ ਇਸਲਾਮ ਦੇ ਧਾਰਮਿਕ ਪੱਖ ਨੂੰ ਅਲੱਗ ਰੱਖ ਕੇ ਦੇਖਣ ਦੀ ਅਪੀਲ ਕੀਤੀ ਸੀ। ਇਸ 'ਤੇ ਚੁੱਪੀ ਕਾਰਨ ਹੀ ਕੱਟੜਵਾਦੀ ਇਸਲਾਮੀ ਅਨਸਰ ਆਮ ਮੁਸਲਮਾਨਾਂ ਨੂੰ ਆਪਣੀਆਂ ਵੱਖਵਾਦੀ ਯੋਜਨਾਵਾਂ ਵਿਚ ਘੜੀਸ ਲੈਂਦੇ ਹਨ। ਫ਼ਰਜ਼ ਕਰੋ ਕਿ ਕਾਨੂੰਨਾਂ ਦੀ ਉਲੰਘਣਾ ਕਰ ਕੇ ਸ਼ਰੀਅਤ ਨੂੰ ਸਭ 'ਤੇ ਥੋਪਣਾ, ਇਸ ਦੇ ਲਈ ਕਤਲ ਅਤੇ ਹਮਲੇ ਕਰਨਾ ਆਦਿ ਵੀ ਧਰਮ ਹੀ ਹੋਵੇ।

ਇਸਲਾਮ ਦੇ ਧਾਰਮਿਕ ਪੱਖ ਅਰਥਾਤ ਨਮਾਜ਼, ਰੋਜ਼ਾ, ਹੱਜ, ਈਦ, ਮਸਜਿਦ ਆਦਿ ਤੋਂ ਫਰਾਂਸੀਸੀ ਰਾਸ਼ਟਰ ਨੂੰ ਕੋਈ ਸਮੱਸਿਆ ਨਹੀਂ ਹੈ। ਸਮੱਸਿਆ ਰਾਜਨੀਤਕ ਇਸਲਾਮ ਤੋਂ ਹੈ ਜੋ ਦੇਸ਼ ਦੀ ਜਮਹੂਰੀ, ਧਰਮ-ਨਿਰਪੱਖ ਸ਼ਾਸਨ ਪ੍ਰਣਾਲੀ ਨੂੰ ਚੁਣੌਤੀ ਦਿੰਦੇ ਹੋਏ ਉਸ 'ਤੇ ਸ਼ਰੀਅਤ ਥੋਪਣੀ ਚਾਹੁੰਦਾ ਹੈ। ਇਹ ਸੰਪੂਰਨ ਰਾਸ਼ਟਰੀ ਜੀਵਨ 'ਤੇ ਕਬਜ਼ੇ ਦੀ ਯੋਜਨਾ ਹੈ ਜਿਸ ਵਿਚ ਵਿਚਾਰ-ਵਟਾਂਦਰੇ, ਸਿੱਖਿਆ, ਖਾਣ-ਪੀਣ, ਪੋਸ਼ਾਕ, ਸਮੁਦਾਇਕ ਵਿਵਹਾਰ ਆਦਿ ਸਭ ਕੁਝ 'ਤੇ ਇਸਲਾਮ ਥੋਪਣ ਦੀ ਮਨਸ਼ਾ ਹੈ।

ਇਸ ਨੂੰ ਖੁੱਲ੍ਹ ਕੇ ਖ਼ਾਰਿਜ ਕੀਤੇ ਬਿਨਾਂ ਕੋਈ ਜਮਹੂਰੀ, ਸੈਕੂਲਰ ਦੇਸ਼ ਟਿਕ ਨਹੀਂ ਸਕਦਾ। ਮਹਾਤਿਕ ਦਾ ਹਿੰਸਕ ਬਿਆਨ ਇਸੇ ਦਾ ਸਬੂਤ ਹੈ ਕਿ ਉਨ੍ਹਾਂ ਵਰਗੇ ਇਸਲਾਮੀ ਨੇਤਾ ਹਰ ਕਿਤੇ ਇਸਲਾਮੀ ਰਾਜਨੀਤੀ ਥੋਪਣ ਲਈ ਗ਼ਲਤਬਿਆਨੀ ਅਤੇ ਹਿੰਸਾ ਦਾ ਸੱਦਾ ਦਿੰਦੇ ਰਹਿੰਦੇ ਹਨ ਜਦਕਿ ਉਨ੍ਹਾਂ ਦੇ ਆਪਣੇ ਸ਼ਾਸਨ ਵਾਲੇ ਦੇਸ਼ਾਂ ਵਿਚ ਗ਼ੈਰ-ਮੁਸਲਿਮਾਂ ਦੀ ਸਥਿਤੀ ਦੂਜੇ-ਤੀਜੇ ਦਰਜੇ ਦੀ ਰੱਖੀ ਜਾਂਦੀ ਹੈ ਪਰ ਫਰਾਂਸ ਜਾਂ ਭਾਰਤ ਵਰਗੇ ਦੇਸ਼ਾਂ 'ਤੇ ਦਬਾਅ ਪਾਇਆ ਜਾਂਦਾ ਹੈ ਕਿ ਉਹ ਦੁਨੀਆ ਭਰ ਦੇ ਇਸਲਾਮੀ ਨੇਤਾਵਾਂ ਦੀ ਦਖ਼ਲਅੰਦਾਜ਼ੀ ਸਵੀਕਾਰ ਕਰਨ, ਨਹੀਂ ਤਾਂ ਗਾਲ੍ਹਾਂ, ਧਮਕੀਆਂ ਸੁਣਨ। ਇਹ ਕੋਈ ਧਾਰਮਿਕ ਵਿਵਹਾਰ ਨਹੀਂ ਬਲਕਿ ਖੁੱਲ੍ਹੀ ਸਿਆਸੀ ਤਾਨਾਸ਼ਾਹੀ ਹੈ।

ਖ਼ੁਦ ਮਲੇਸ਼ੀਆ ਵਿਚ ਭਾਰਤੀ, ਚੀਨੀ ਮੂਲ ਦੇ ਨਾਗਰਿਕਾਂ ਦੇ ਵਿਰੁੱਧ ਕਾਨੂੰਨੀ ਤੌਰ 'ਤੇ ਪੱਖਪਾਤ ਹੁੰਦਾ ਹੈ, ਜੋ ਜ਼ਿਆਦਾਤਰ ਹਿੰਦੂ ਜਾਂ ਬੋਧੀ ਹੁੰਦੇ ਹਨ। ਉੱਥੇ ਸੰਵਿਧਾਨ ਦੀ ਧਾਰਾ 153 ਦੇ ਓਹਲੇ ਵਿਚ ਮੁਸਲਮਾਨਾਂ ਨੂੰ 'ਸਥਾਨਕ' ਕਹਿ ਕੇ ਵਿਸ਼ੇਸ਼ ਅਧਿਕਾਰ ਦਿੱਤੇ ਗਏ ਹਨ। ਮਲੇਸ਼ੀਆ ਵਿਚ ਕਿਉਂਕਿ ਗ਼ੈਰ-ਮੁਸਲਿਮ ਘੱਟ-ਗਿਣਤੀ ਹਨ ਤਾਂ ਉਨ੍ਹਾਂ ਦੇ ਵਿਰੋਧ ਦੀ ਹੱਦ ਹੈ।

ਕੁਝ ਇਹੀ ਵਿਸ਼ੇਸ਼ ਅਧਿਕਾਰ ਯੂਰਪੀ ਦੇਸ਼ਾਂ ਵਿਚ ਲੈਣ ਦਾ ਦਬਾਅ ਹੀ ਮਹਾਤਿਰ ਦਾ ਮਕਸਦ ਹੈ। ਇਸ ਦੇ ਲਈ 'ਲੱਖਾਂ-ਲੱਖ ਫਰਾਂਸੀਸੀਆਂ ਨੂੰ ਮਾਰ ਦੇਣ ਦਾ ਅਧਿਕਾਰ' ਜ਼ਾਹਿਰ ਕਰਨਾ ਖੁੱਲ੍ਹੀ ਧਮਕੀ ਹੈ।

ਕੀ ਇਸੇ ਤੋਂ ਇਹ ਸਪਸ਼ਟ ਨਹੀਂ ਕਿ ਰਾਜਨੀਤਕ ਇਸਲਾਮ ਨੂੰ ਧਾਰਮਿਕ ਇਸਲਾਮ ਤੋਂ ਅਲੱਗ ਕਰਨਾ ਅਤੇ ਉਸ ਨੂੰ ਨੱਥ ਪਾਉਣਾ ਕਿੰਨਾ ਜ਼ਰੂਰੀ ਹੈ? ਜੋ ਮੱਤਵਾਦ ਆਪਣੇ ਦੇਸ਼ ਵਿਚ ਤਾਂ ਦੂਜਿਆਂ ਨੂੰ ਹੇਠਲਾ ਦਰਜਾ ਦਿੰਦਾ ਹੀ ਹੈ, ਦੂਜੇ ਮੁਲਕਾਂ ਵਿਚ ਵੀ ਹਿੰਸਕ ਦਬਾਅ ਪਾਉਣਾ ਆਪਣਾ ਅਧਿਕਾਰ ਸਮਝਦਾ ਹੈ, ਉਹ ਧਰਮ ਦੇ ਲਿਫ਼ਾਫ਼ੇ ਵਿਚ ਸ਼ੁੱਧ ਰਾਜਨੀਤੀ ਹੈ। ਮਹਾਤਿਰ ਕੋਈ ਜੇਹਾਦੀ ਨੇਤਾ ਨਹੀਂ ਬਲਕਿ ਵਿਸ਼ਵ ਦੇ ਸਭ ਤੋਂ ਉਮਰਦਰਾਜ ਮੁਸਲਿਮ ਨੇਤਾ ਹਨ।

ਉਨ੍ਹਾਂ ਦੀਆਂ ਗੱਲਾਂ ਕਿਸੇ ਭਟਕੇ ਹੋਏ ਅੱਤਵਾਦੀ ਦੀਆਂ ਨਹੀਂ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ 'ਮੈਕਰੋਨ ਨਹੀਂ ਦਿਖਾ ਰਹੇ ਕਿ ਉਹ ਸੱਭਿਅਕ ਹਨ। ਉਹ ਇਸਲਾਮ ਅਤੇ ਮੁਸਲਿਮਾਂ ਨੂੰ ਉਸ ਅਪਮਾਨਜਨਕ ਅਧਿਆਪਕ ਦੀ ਹੱਤਿਆ ਦਾ ਦੋਸ਼ੀ ਗਰਦਾਨਣ 'ਤੇ ਅੜੇ ਹੋਏ ਹਨ। ਸਵਾਲ ਹੈ ਕਿ ਕੀ ਕਿਸੇ ਵੱਖ ਮੱਤ ਦੇ ਵਿਅਕਤੀ ਦਾ ਗਲਾ ਕੱਟ ਦੇਣਾ ਜ਼ਾਲਮਾਨਾ, ਅਸੱਭਿਅਕ ਕੰਮ ਨਹੀਂ? ਫਰਾਂਸ ਨੂੰ ਆਪਣੇ ਸੰਵਿਧਾਨ ਅਤੇ ਨੈਤਿਕਤਾ ਨਾਲ ਚੱਲਣ ਦਾ ਉਹੀ ਅਧਿਕਾਰ ਹੈ ਜੋ ਮਲੇਸ਼ੀਆ ਨੂੰ ਹੈ। ਭਾਰਤੀਆਂ ਨੂੰ ਇਸ ਲਈ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਬੀਤੇ ਜਨਵਰੀ ਮਹੀਨੇ ਵਿਚ ਹੀ ਮਹਾਤਿਰ ਨੇ ਨਾਗਰਿਕਤਾ ਸੋਧ ਕਾਨੂੰਨ 'ਤੇ ਭਾਰਤ ਦੀ ਤਿੱਖੀ ਨੁਕਤਾਚੀਨੀ ਕੀਤੀ ਸੀ।

ਉਦੋਂ ਉਹ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਸਨ। ਉਦੋਂ ਵੀ ਉਨ੍ਹਾਂ ਨੇ ਸਾਫ਼ ਤੌਰ 'ਤੇ ਭੜਕਾਊ ਬਿਆਨਬਾਜ਼ੀ ਕੀਤੀ ਸੀ। ਵਿਵੇਕਸ਼ੀਲ ਮੁਸਲਮਾਨਾਂ ਨੂੰ ਧਾਰਮਿਕ ਇਸਲਾਮ ਤੋਂ ਰਾਜਨੀਤਕ ਇਸਲਾਮ ਨੂੰ ਵੱਖ ਕਰਨਾ ਹੋਵੇਗਾ ਕਿਉਂਕਿ ਇਹੀ ਵਿਸ਼ਵ ਵਿਚ ਗ਼ੈਰ-ਮੁਸਲਿਮਾਂ 'ਤੇ ਦਬਦਬਾ ਕਾਇਮ ਕਰਨ ਲਈ ਪੂਰੇ ਮੁਸਲਮਾਨ ਭਾਈਚਾਰੇ ਨੂੰ ਉਭਾਰਦਾ ਹੈ।

ਧਰਮ ਅਤੇ ਰਾਜਨੀਤੀ ਨੂੰ ਜਦੋਂ ਰਲਗੱਡ ਕੀਤਾ ਜਾਂਦਾ ਹੈ ਤਾਂ ਇਸ ਦੇ ਕਈ ਵਾਰ ਬੇਹੱਦ ਭਿਅੰਕਰ ਸਿੱਟੇ ਨਿਕਲਦੇ ਹਨ। ਰਾਜਨੀਤੀ ਦਾ ਦਰਅਸਲ ਧਰਮ ਨਾਲ ਕੋਈ ਮੇਲ ਹੀ ਨਹੀਂ ਹੈ। ਸਿਆਸਤ ਕਈ ਵਾਰ ਸਿਵਿਆਂ ਨਾਲ ਜੁੜੀ ਹੁੰਦੀ ਹੈ ਜਦਕਿ ਧਰਮ ਦਾ ਸਬੰਧ ਧਰਮੀਆਂ ਨਾਲ ਹੋਣਾ ਚਾਹੀਦਾ ਹੈ। ਜੇਹਾਦੀ ਹਿੰਸਾ ਦਾ ਕਾਰਨ ਵੀ ਕੁਝ ਨਾਸਮਝ ਮੁਸਲਮਾਨ ਨਹੀਂ, ਬਲਕਿ ਉਹ ਰਾਜਨੀਤਕ ਮੱਤਵਾਦ ਹਨ ਜੋ ਉਨ੍ਹਾਂ ਨੂੰ ਇਸ ਦੇ ਲਈ ਪ੍ਰੇਰਿਤ ਕਰਦਾ ਹੈ। ਇਸ ਲਈ ਮੱਦਵਾਦ ਨਾਲ ਲੜਨਾ ਹੀ ਹੋਵੇਗਾ। ਇਹ ਫ਼ੌਜੀ ਜੰਗ ਨਹੀਂ, ਬਲਕਿ ਵਿਚਾਰਧਾਰਕ ਜੰਗ ਹੈ। ਇਸ ਤੋਂ ਬਚਣਾ ਹੀ ਹੋਵੇਗਾ।

# ਠਾਠ-ਬਾਠ ਨੂੰ ਤਿਆਗੋ ਅਤੇ ਸਾਦਾ ਅਤੇ ਸੁਖੀ ਜੀਵਨ ਜੀਓ

**ਅਜੀਤ ਸਿੰਘ ਚੰਦਨ**

ਖ਼ੁਸ਼ੀ, ਸੁੰਦਰਤਾ ਤੇ ਆਨੰਦ ਦੀ ਪ੍ਰਾਪਤੀ ਲਈ ਕੀ ਨਹੀਂ ਕਰਦਾ ਇਨਸਾਨ। ਪਰ ਇਹ ਮਿਲਦੀਆਂ ਤਦ ਹਨ ਜਦ ਇਨਸਾਨ ਬੁੱਧ ਵਾਂਗ ਅਮੀਰੀ ਠਾਠ-ਬਾਠ ਨੂੰ ਤਿਆਗ ਕੇ ਇਕ ਸਧਾਰਨ ਇਨਸਾਨ ਬਣ ਸਕੇ। ਕਈ ਲੋਕ ਇਹ ਸਮਝਦੇ ਹਨ ਕਿ ਧਨ ਇਕੱਠਾ ਕਰ ਕੇ, ਸਭ ਚੀਜ਼ਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਪਰ ਅਜਿਹਾ ਨਹੀਂ ਹੈ। ਵਰ੍ਹਦੇ ਮੀਂਹ ਤੇ ਘਨਘੋਰ ਘਟਾਵਾਂ ਨੂੰ ਵੇਖ ਕੇ ਕਈ ਵਾਰ ਇਨਸਾਨ ਦਾ ਮਨ ਪੈਲਾਂ ਪਾਉਣ ਲੱਗਦਾ ਹੈ। ਇਕ ਧੁੱਪ ਦਾ ਸਤਾਇਆ ਰਾਹੀ ਜਦ ਕਿਸੇ ਸੰਘਣੀ ਛਾਂ ਵਾਲੇ ਰੁੱਖ ਹੇਠ ਬੈਠ ਕੇ, ਸਾਹ ਲੈਂਦਾ ਹੈ ਤੇ ਖ਼ੁਸ਼ ਵਿਖਾਈ ਦਿੰਦਾ ਹੈ। ਇੰਜ ਹੀ ਜੰਗਲ ਬੇਲੇ ਗਾਹੁੰਦਿਆਂ ਜੰਗਲ ਦੇ ਉੱਚੇ ਲੰਬੇ ਰੁੱਖ ਵੇਖ ਕੇ ਮਨ ਪ੍ਰਸੰਨ ਹੋ ਜਾਂਦਾ ਹੈ ਜਾਂ ਖਿੜੇ ਫੁੱਲਾਂ ਤੇ ਬਸੰਤੀ ਰੁੱਤ ਦੇ ਨਜ਼ਾਰੇ ਵੀ ਇਨਸਾਨ ਨੂੰ ਖ਼ੁਸ਼ੀ ਦਿੰਦੇ ਹਨ। ਜਦ ਸਾਰੀ ਕੁਦਰਤ ਖ਼ੁਸ਼ੀ ਤੇ ਆਨੰਦ ਦੀ ਅਵਸਥਾ ਵਿਚ ਝੂਮਦੀ ਤੇ ਜਲ ਦੀਆਂ ਧਾਰਾਂ ਜਦ ਗੀਤ ਗਾਉਂਦੀਆਂ ਹੇਠਾਂ ਆਉਂਦੀਆਂ ਹਨ ਤੇ ਕਿੰਨੀਆਂ ਸੁੰਦਰ ਲੱਗਦੀਆਂ ਹਨ। ਝੂਮ ਦੇ ਰੁੱਖ, ਗਾਉਂਦੇ ਮੋਰ, ਬੰਬੀਹੇ ਤੇ ਵਨ-ਪੰਛੀ ਸਾਨੂੰ ਪੈਲਾਂ ਪਾ ਕੇ ਤੇ ਗਾ ਕੇ ਖ਼ੁਸ਼ ਕਰਦੇ ਹਨ। ਬੰਬੀਹਾ ਅੰਮ੍ਰਿਤ ਵੇਲੇ ਬੋਲ ਕੇ ਇਨਸਾਨ ਨੂੰ ਡੂੰਘੀ ਨੀਂਦ ਤੋਂ ਜਗਾ ਦਿੰਦਾ ਹੈ ਕਿ ਉਠੋ! ਭਾਈ ਰੱਬ ਦੀ ਯਾਦ ਵਿਚ ਸਿਮਰਨ ਕਰੋ ਤੇ ਆਨੰਦਿਤ ਹੋ ਜਾਓ!

ਕਿਸੇ ਸੁੰਦਰ ਚਿਹਰੇ ਦੀ ਮੁਸਕਾਨ, ਸਾਨੂੰ ਖ਼ੁਸ਼ੀ ਦਿੰਦੀ ਹੈ, ਜਦ ਅੱਖਾਂ ਚਾਰ ਹੁੰਦੀਆਂ ਹਨ ਤੇ ਪ੍ਰੇਮ ਦੀ ਲੋਰ ਵਿਚ ਬੱਝੇ ਦੋ ਦਿਲ ਇਕ ਦੂਜੇ ਲਈ ਤੜਪਦੇ ਤੇ ਹੌਕੇ ਭਰਦੇ ਹਨ। ਇਸ਼ਕ ਦੀ ਸੰਗਲੀ ਨਾਲ ਨੂੜਿਆ ਰਾਂਝਾ 12 ਸਾਲ ਹੀਰ ਦੇ ਦਰਸ਼ਨਾਂ ਲਈ ਮੱਝੀਆਂ ਚਾਰਦਾ ਹੈ ਤੇ ਗ਼ੁਲਾਮ ਹੋ ਕੇ ਵੀ, ਖ਼ੁਸ਼ੀਆਂ 'ਚ ਨੱਚਦਾ ਟੱਪਦਾ ਹੈ। ਵੰਝਲੀ ਵਜਾ ਕੇ, ਮੱਝਾਂ ਚਾਰਦਾ ਢੋਲੇ ਦੀਆਂ ਲਾਉਂਦਾ ਹੈ। ਹੀਰ ਦੇ ਦਰਸ਼ਨ ਕਰ ਕੇ ਨਿਹਾਲ ਹੋਇਆ, ਭੋਰਾ ਵੀ ਸ਼ਕਾਇਤ ਨਹੀਂ ਕਰਦਾ।

ਪਹਾੜਾਂ, ਆਬਸ਼ਾਰਾਂ ਤੇ ਫੁੱਟਦੇ ਚਸ਼ਮਿਆਂ ਦਾ ਨਿਰਮਲ ਜਲ ਇਨਸਾਨ ਨੂੰ ਸਕੂਨ ਬਖ਼ਸ਼ਦਾ ਹੈ। ਇਸੇ ਲਈ ਕਈ ਮਤਵਾਲੇ ਮਨ ਵਾਲੇ ਇਨਸਾਨ ਪਹਾੜਾਂ ਦੀ ਸੈਰ ਲਈ ਇਨ੍ਹਾਂ ਥਾਵਾਂ 'ਤੇ ਜਾ ਕੇ ਆਨੰਦ ਲੁੱਟਦੇ ਹਨ। ਆਪਣੇ ਆਪ ਨੂੰ ਭੁੱਲੇ ਕਈ-ਕਈ ਦਿਨ ਘਰ ਨਹੀਂ ਮੁੜਦੇ। ਨਿਯਮਾਂ ਵਿਚ ਬੱਧੀ ਜ਼ਿੰਦਗੀ ਕਈ ਵਾਰ ਇਨਸਾਨ ਨੂੰ ਬੋਰ ਕਰ



ਦਿੰਦੀ ਹੈ। ਉਂਜ ਵੀ ਨਿਯਮਾਂ ਨੂੰ ਤੋੜ ਕੇ ਇਨਸਾਨ ਵਧੇਰੇ ਖ਼ੁਸ਼ ਹੁੰਦਾ ਹੈ। ਇਹ ਖ਼ੁਸ਼ੀ ਭਾਵੇਂ ਥੋੜ੍ਹਚਿਰੀ ਹੀ ਹੋਵੇ।

ਰਾਤ ਵੇਲੇ ਅਸਮਾਨ 'ਚ ਖਿੜੇ ਤਾਰੇ ਇਨਸਾਨ ਨੂੰ ਖ਼ੁਸ਼ੀ ਦਿੰਦੇ ਸਨ। ਪਰ ਹੁਣ ਇਹ ਕਿਧਰੇ ਦਿਖਾਈ ਨਹੀਂ ਦਿੰਦੇ, ਕਿਉਂਕਿ ਇਨਸਾਨ ਨੇ ਹਰ ਥਾਂ ਵਾਤਾਵਰਨ ਨੂੰ ਗੰਧਲਾ ਕਰ ਕੇ ਤੇ ਪ੍ਰਦੂਸ਼ਣ ਫੈਲਾ ਕੇ ਇਨਸਾਨ ਲਈ ਸਾਫ਼ ਹਵਾ ਵਿਚ ਸਾਹ ਲੈਣ ਦੀ ਮੁਸ਼ਕਲ ਪੈਦਾ ਕਰ ਦਿੱਤੀ ਹੈ।

ਜਿੰਨੀ ਖ਼ੁਸ਼ੀ ਤੇ ਅਨੰਦ ਮਹਿੰਗੀਆਂ ਚੀਜ਼ਾਂ ਨੂੰ ਤਿਆਗ ਕੇ ਇਨਸਾਨ ਨੂੰ ਮਿਲ ਸਕਦੀ ਹੈ, ਓਨੀ ਇਨ੍ਹਾਂ ਦੀ ਪ੍ਰਾਪਤੀ ਕਰ ਕੇ ਨਹੀਂ ਮਿਲ ਸਕਦੀ। ਕਈ ਵਾਰ ਅਸੀਂ ਵੇਖਦੇ ਹਾਂ ਕਿ ਕੋਈ ਯੋਗੀ ਜਾਂ ਫ਼ਕੀਰ ਗਲੀਆਂ ਵਿਚ ਰੱਬੀ ਬਾਣੀ ਦੇ ਗੀਤ ਗਾਉਂਦਾ ਸਵੇਰੇ-ਸਵੇਰੇ ਸਾਡੇ ਦਰਾਂ 'ਤੇ ਆਉਂਦਾ ਹੈ ਤਾਂ ਉਹ ਪੂਰੇ ਆਨੰਦ ਦੀ ਪ੍ਰਾਪਤੀ ਵਿਚ ਹੀ ਹੁੰਦਾ ਹੈ। ਭਾਵੇਂ ਉਹ ਇਕ ਡੰਗ ਦੀ ਰੋਟੀ ਤੋਂ ਵੀ ਮੁਥਾਜ ਹੁੰਦਾ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਸਾਦਾ ਰਹਿ ਕੇ ਇਨਸਾਨ ਵਧੇਰੇ ਖ਼ੁਸ਼ ਰਹਿ ਸਕਦਾ ਹੈ। ਇਨਸਾਨ ਖ਼ੁਸ਼ ਤਦ ਹੀ ਹੋ ਸਕਦਾ ਹੈ, ਜੇ ਉਸ ਦੀ ਜ਼ਿੰਦਗੀ ਆਪਣੀ ਮਿਹਨਤ ਦੀ ਕਮਾਈ 'ਤੇ ਨਿਰਭਰ ਹੋਵੇ ਤੇ ਉਹ ਆਪਣੀ ਲਹੂ ਪਸੀਨਾ ਵਹਾ ਕੇ ਆਪਣਾ ਗੁਜ਼ਾਰਾ ਤੋਰੇ। ਧਨ ਦੀ ਲਾਲਸਾ, ਅਮੀਰ ਹੋਣ ਦੀ ਚਾਹਨਾ, ਕਈ ਵਾਰ, ਇਨਸਾਨ ਨੂੰ ਅਜਿਹੇ ਪਿੰਜਰੇ ਵਿਚ ਬੰਦ ਕਰ ਦਿੰਦੀ ਹੈ, ਜਿੱਥੇ ਇਨਸਾਨ ਆਪਣੀ ਜ਼ਿੰਦਗੀ ਦਾ ਪੂਰਾ ਲੁਤਫ਼ ਨਹੀਂ ਲੈ ਸਕਦਾ। ਉਂਜ ਵੀ ਸਿਆਣਿਆਂ ਨੇ ਕਿਹਾ ਹੈ ਕਿ ਕਿਸੇ ਵੀ ਚੀਜ਼ ਦੀ ਬਹੁਲਤਾ ਇਨਸਾਨ ਨੂੰ ਗੁਮਰਾਹ ਕਰ ਦਿੰਦੀ ਹੈ।

ਆਜ਼ਾਦ ਰਹਿ ਕੇ ਤੇ ਸਾਧਾਰਨ ਜੀਵਨ ਜੀਅ ਕੇ ਇਨਸਾਨ, ਖ਼ੁਸ਼ੀ, ਸੁੰਦਰਤਾ ਤੇ ਆਨੰਦ ਦੀ ਪ੍ਰਾਪਤੀ ਕਰ ਸਕਦਾ ਹੈ। ਜੇ ਉਸ ਦੀ ਜ਼ਿੰਦਗੀ ਦੀ ਡੋਰ ਉਸ ਦੇ ਆਪਣੇ ਹੱਥਾਂ ਵਿਚ ਹੈ।

ਉਹ ਆਪਣੀ ਸ਼ੁੱਧ-ਕਮਾਈ ਨਾਲ ਗੁਜ਼ਾਰਾ ਕਰਦਾ ਹੈ ਤੇ ਆਪਣੇ ਪਰਿਵਾਰ ਦਾ ਪੇਟ ਪਾਲਦਾ ਹੈ ਤੇ ਬੱਚਿਆਂ ਨਾਲ ਖੇਡਦਾ ਤੇ ਆਪਣੇ ਘਰ ਵਿਚ ਖ਼ੁਸ਼ੀਆਂ ਮਨਾਉਂਦਾ ਹੈ। ਉਹ ਕਿਸੇ ਦਾ ਗ਼ੁਲਾਮ ਤੇ ਮੁਥਾਜ ਵੀ ਨਹੀਂ ਹੈ। ਕਈ ਵਾਰ ਇਕ ਸੁਆਣੀ ਦਾ ਤਿਆਰ ਕੀਤਾ ਲਜ਼ੀਜ਼ ਖਾਣਾ ਖਾ ਕੇ ਇਕ ਇਨਸਾਨ ਆਨੰਦਿਤ ਹੋਇਆ ਮਹਿਸੂਸ ਕਰਦਾ ਹੈ। ਖ਼ੁਸ਼ੀ ਤੇ ਆਨੰਦ ਮਨ ਦੀ ਅਵਸਥਾ ਹੈ, ਉਸ ਦਾ ਅਮੀਰੀ ਜਾਂ ਗ਼ਰੀਬੀ ਨਾਲ ਕੋਈ ਸਬੰਧ ਨਹੀਂ ਹੈ।

ਸੋਹਣਾ ਚਿਹਰਾ ਰੱਬ ਦੀ ਕਰਾਮਾਤ ਹੈ। ਇਹ ਕੇਵਲ ਭਾਗਾਂ ਵਾਲੇ ਨੂੰ ਹੀ ਨਸੀਬ ਹੁੰਦਾ ਹੈ। ਖ਼ੁਸ਼ੀ ਤੇ ਆਨੰਦ ਮਾਣਨ ਲਈ ਇਕ ਸੁਹਣੇ ਤੇ ਸਾਫ਼ ਮਨ ਦੀ ਜ਼ਰੂਰਤ ਹੈ। ਪਹਿਲਾਂ ਆਪਣਾ ਮਨ ਸਾਫ਼ ਤੇ ਪਵਿੱਤਰ ਕਰ ਲਵੋ। ਫਿਰ ਹੀ ਇਹ ਦਾਤਾਂ ਪ੍ਰਾਪਤ ਹੋ ਸਕਦੀਆਂ ਹਨ। ਉਂਜ ਵੀ ਰੱਬ ਇਹ ਦਾਤਾਂ ਕੇਵਲ ਭਾਗਾਂ ਵਾਲਿਆਂ ਨੂੰ ਹੀ ਦਿੰਦਾ ਹੈ।

# ਪਿੰਡ ਭੂਰੇ 'ਚ ਕਿਰਸਾਨੀ ਹਾਲਾਤਾਂ ਨੂੰ ਦਰਸਾਉਂਦੀ ਫਿਲਮ 'ਬੱਲੀ ਤੇ ਬੰਦੂਕ' ਦੀ ਹੋਈ ਸ਼ੂਟਿੰਗ









**ਸੰਜੀਵ ਗਰਗ ਕਾਲੀ**

ਪਿਛਲੇ ਤਕਰੀਬਨ ਇਕ ਮਹੀਨੇ ਤੋਂ ਕਿਸਾਨ ਰੇਲ ਪਟੜੀਆਂ, ਟੋਲ ਪਲਾਜਿਆਂ 'ਤੇ ਪ੍ਰਾਈਵੇਟ ਅਦਾਰਿਆਂ ਤੇ ਧਰਨਾ ਲਾਈ ਬੈਠੇ ਹਨ ਇਹਨਾਂ ਮੌਜੂਦਾ ਕਿਸਾਨੀ ਹਾਲਾਤਾਂ ਨੂੰ ਦਰਸਾਉਂਦੀ ਪੰਜਾਬੀ ਫ਼ਿਲਮ 'ਬੱਲੀ ਤੇ ਬੰਦੂਕ' ਦੀ ਸ਼ੂਟਿੰਗ ਧਨੌਲਾ ਦੇ ਨੇੜਲੇ ਪਿੰਡ ਭੂਰੇ ਵਿੱਚ ਹੋਈ । ਇਹ ਫਿਲਮ ਸਰਕਾਰ ਪ੍ਰੋਡਕਸ਼ਨ ਕੈਨੇਡਾ ਦੇ ਦੇਵ ਰਾਏ ਵੱਲੋਂ ਬਣਾਈ ਗਈ ਹੈ ਤੇ ਬਾਹਰਲੇ ਮੁਲਕਾਂ ਵਿੱਚ ਭੰਗੜੇ ਦੀ ਧਾਕ ਜਮਾਉਣ ਵਾਲੇ ਤੇ ਅਮਰੀਕਾ ਦੇ ਥੀਏਟਰ ਕਲਾਕਾਰ ਪਾਲੀ ਧਨੌਲਾ ਵੱਲੋਂ ਨਿਰਦੇਸ਼ਤ ਕੀਤੀ ਗਈ ਹੈ।

ਇਸ ਫਿਲਮ ਵਿੱਚ ਕਿਸਾਨ ਦੀ ਅੱਜ ਦੇ ਹਾਲਾਤ ਦੀ ਤਾਜ਼ੀ ਕਹਾਣੀ ਦਿਖਾਈ ਗਈ ਹੈ ਜੋ ਦਰਸ਼ਕਾਂ ਨੂੰ ਬਹੁਤ ਹੀ ਜਿਆਦਾ ਪਸੰਦ ਆਵੇਗੀ ਇਸ ਫਿਲਮ ਨੂੰ ਬਣਾਉਣ ਲਈ ਪਿੰਡ ਭੂਰੇ ਦੇ ਨੰਬਰਦਾਰ ਬਲਵੰਤ ਸਿੰਘ, ਬੱਗਾ ਸਿੰਘ, ਜਗਜੀਤ ਸਿੰਘ ਜਵੰਧਾ, ਰਸ਼ਪਾਲ ਸਿੰਘ ਜਵੰਧਾ, ਰਣਦੀਪ ਸਿੰਘ ਬਿੱਲਾ ਪ੍ਰਧਾਨ ਕਿਸਾਨ ਯੂਨੀਅਨ, ਕੁਲਦੀਪ ਸਿੰਘ ਪੰਚ, ਰਣਜੀਤ ਸਿੰਘ ਜੀਤ, ਸੁਖਵਿੰਦਰ ਸਿੰਘ ਚਾਚਾ, ਬੂਟਾ ਸਿੰਘ ਜਵੰਧਾ, ਬਿੱਲੂ ਸਿੰਘ ਜਵੰਧਾ, ਹੈਬਨਜੀਤ ਜਵੰਧਾ, ਗੁਰਜਿੰਦਰ ਸਿੰਘ ਜਵੰਧਾ, ਦੇ ਪਰਿਵਾਰ ਵਲੋਂ ਬਹੁਤ ਜਿਆਦਾ ਸਹਿਯੋਗ ਦਿੱਤਾ ਗਿਆ।

ਇਸ ਫਿਲਮ ਨੂੰ ਬਣਾਉਣ ਲਈ ਪਿੰਡ ਭੂਰੇ ਦੇ ਸਰਪੰਚ ਗੁਰਜੀਤ ਸਿੰਘ, ਵਾਈਸ ਚੇਅਰਮੈਨ ਮਹਿੰਦਰ ਸਿੰਘ ਸਿੱਧੂ, ਸਾਬਕਾ ਸਰਪੰਚ ਲਾਲ ਸਿੰਘ, ਹੇਮ ਰਾਜ,ਸਿਕੰਦਰ ਸਿੰਘ ਪ੍ਰਧਾਨ, ਬਲਜੀਤ ਸਿੰਘ ਲੱਡੂ, ਅਜੈਬ ਸਿੰਘ ਪੰਚ, ਹਰਦੀਪ ਸਿੰਘ ਪੰਚ, ਵਿਕਰਮਜੀਤ ਸਿੰਘ ਵਿੱਕੀ , ਸਾਬਕਾ ਸਰਪੰਚ ਬੀਰਇੰਦਰ ਸਿੰਘ ਲੱਕੀ, ਜੋਗਿੰਦਰ ਸਿੰਘ ਆਦਿ ਪਿੰਡ ਵਾਸੀਆਂ ਨੇ ਆਪਣੇ ਸਹਿਯੋਗ ਦੀ ਕੋਈ ਕਸਰ ਬਾਕੀ ਨਹੀਂ ਛੱਡੀ। ਫਿਲਮ ਦੇ ਕਹਾਣੀਕਾਰ ਤੇ ਨਿਰਦੇਸ਼ਕ ਪਾਲੀ ਧਨੌਲਾ ਨੇ ਦੱਸਿਆ ਕਿ ਇਸ ਫਿਲਮ ਦੀ ਗੁਰਦੁਆਰਾ ਸੰਗਤਸਰ ਸਾਹਿਬ ਤੋਂ ਪੂਰੇ ਪਿੰਡ ਵਾਸੀਆਂ ਨਾਲ ਅਰਦਾਸ ਕਰਕੇ ਸੁਰੂਆਤ ਕੀਤੀ ਗਈ ਹੈ ।

ਕਹਾਣੀਕਾਰ ਤੇ ਨਿਰਦੇਸ਼ਕ ਪਾਲੀ ਧਨੌਲਾ ਦੇ ਦੱਸਣ ਅਨੁਸਾਰ ਇਹ ਫਿਲਮ ਦੀ ਕਹਾਣੀ ਇੱਕ ਆਮ ਕਿਸਾਨ ਦੇ ਘਰ ਤੋਂ ਸੁਰੂ ਹੋ ਕੇ ਅੱਜ ਦੇ ਮੌਜੂਦਾ ਹਾਲਾਂਤਾਂ ਤੇ ਖਤਮ ਹੁੰਦੀ ਹੈ , ਇਸ ਫਿਲਮ 'ਚ ਜਿੱਥੇ ਕਿਸਾਨਾਂ, ਮਜਦੂਰਾਂ ਦੀ ਗੱਲ ਕੀਤੀ ਹੈ ਉਸ ਦੇ ਨਾਲ ਨਾਲ ਸਰਕਾਰਾਂ ਵੱਲੋਂ ਕੀਤੇ ਚੰਗੇ ਅਤੇ ਮਾੜੇ ਕੰਮਾਂ ਦੀ ਬਰਾਬਰਤਾ ਨੂੰ ਵੀ ਦਰਸਾਉਂਦੀ ਹੈ। ਉਹਨਾਂ ਦੱਸਿਆ ਕਿ ਇਹ ਫਿਲਮ ਜਲਦੀ ਹੀ ਅਮਰੀਕਾ, ਕੈਨੇਡਾ, ਇੰਡੀਆ ਅਤੇ ਹੋਰਨਾਂ ਮੁਲਕਾਂ ਵਿੱਚ ਰਿਲੀਜ ਕੀਤੀ ਜਾਵੇਗੀ।

ਇਸ ਮੌਕੇ ਤੇ ਪ੍ਰਸਿੱਧ ਗਾਇਕ ਤੇ ਕਲਾਕਾਰ ਬਾਈ ਜੱਸੀ ਲੌਂਗੋਵਾਲੀਆ, ਸੁੱਖਪਾਲ ਬਰਨ, ਸੰਜੀਵ ਗਰਗ ਕਾਲੀ, ਪੁਸ਼ਪਿੰਦਰ ਸਿੰਘ ਪੁਸ਼ਪੀ ਉੱਪਲ, ਜਸ਼ਨ ਗਰਗ, ਅਜੇ ਗਰਗ, ਪ੍ਰੀਤ ਜਵੰਧਾ, ਤਕਦੀਰ ਸਿੰਘ, ਲੱਕੀ , ਈਸੂ ਤੇ ਹੋਰ ਫਿਲਮ ਦੀ ਪੂਰੀ ਟੀਮ ਮੌਜੂਦ ਸੀ। ਫਿਲਮ ਦੇ ਨਿਰਦੇਸਕ ਪਾਲੀ ਧਨੌਲਾ ਨੇ ਪਿੰਡ ਭੂਰੇ ਦੇ ਸਮੁੱਚੇ ਲੋਕਾਂ, ਪੰਚਾਇਤ ਤੇ ਪਿੰਡ ਵਾਸੀਆਂ ਦਾ ਸਹਿਯੋਗ ਤੇ ਮਾਣ ਸਤਿਕਾਰ ਦੇਣ ਲਈ ਬਹੁਤ ਬਹੁਤ ਧੰਨਵਾਦ ਕੀਤਾ। ਜਿਕਰਯੋਗ ਹੈ ਕਿ ਇਸ ਫਿਲਮ ਦੀ ਸੂਟਿੰਗ ਮੌਕੇ ਸੂਬਾ ਪ੍ਰਧਾਨ ਸੈਨਿਕ ਵਿੰਗ ਗੁਰਜਿੰਦਰ ਸਿੰਘ ਸੰਧੂ ਅਤੇ ਅਵਤਾਰ ਸਿੰਘ ਸਿੱਧੂ ਭੂਰੇ ਵੱਲੋਂ ਸਿਰੋਪਾਓ ਪਾ ਕੇ ਪਾਲੀ ਧਨੌਲਾ ਦਾ ਸਨਮਾਨ ਕੀਤਾ।

# ਕਿਸਾਨਾਂ ਵਲੋਂ ਪੰਜਾਬ 'ਚ 4 ਘੰਟੇ ਲਈ ਬੰਦ

ਅੰਮ੍ਰਿਤਸਰ – ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦਾ ਰੇਲ ਰੋਕੋ ਅੰਦੋਲਨ ਜੰਡਿਆਲਾ ਗੁਰੂ ਰੇਲਵੇ ਟਰੈਕ 'ਤੇ 43ਵੇਂ ਦਿਨ ਵਿੱਚ ਦਾਖਲ ਹੋ ਗਿਆ, ਜੋ ਲਗਾਤਾਰ ਹਰ ਰੋਜ਼ ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਨੂੰ ਉਜਾਗਰ ਕਰਦਾ ਸਫਲਤਾ ਵੱਲ ਵਧ ਰਿਹਾ ਹੈ।ਇਸ ਅੰਦੋਲਨ ਵਿੱਚ ਹਰ ਰੋਜ਼ ਕਿਸਾਨ ਮਜ਼ਦੂਰ, ਬੀਬੀਆਂ ਪੂਰੇ ਰੋਹ ਨਾਲ ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦੇ ਹੋਏ ਰੇਲ ਟਰੈਕ 'ਤੇ ਦੇਸ਼ ਤੇ ਪੰਜਾਬ ਦੇ ਕਿਸਾਨਾਂ ਦੀਆਂ ਜਮੀਨਾਂ, ਮੰਡੀ, ਬਜ਼ਾਰ ਤੇ ਜਨਤਕ ਸਾਧਨਾਂ 'ਤੇ ਮੋਦੀ ਸਰਕਾਰ ਵੱਲੋ ਅਡਾਨੀਆਂ, ਅੰਬਾਨੀਆਂ ਦਾ ਕਬਜ਼ਾ ਕਰਵਾਉਣ ਵਿਰੁੱਧ ਸੰਘਰਸ਼ ਨੂੰ ਤਿੱਖੇ ਰੂਪ ਵਿੱਚ ਲੜਨ ਦਾ ਸਕੰਲਪ ਕਰਦੇ ਹਨ। ਕਿਸਾਨ ਆਗੂਆਂ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਅੱਜ ਪੰਜਾਬ ਭਰ ਵਿੱਚ 10 ਜਿਲ੍ਹਿਆਂ ਵਿੱਚ 42 ਤੋ ਵੱਧ ਥਾਵਾਂ 'ਤੇ 12 ਤੋ 4 ਵਜੇ ਤੱਕ ਸੜਕੀ ਆਵਾਜਾਈ ਪੂਰੀ ਤਰਾਂ ਜਾਮ ਕੀਤੀ ਗਈ ਤੇ ਕੇਂਦਰ ਸਰਕਾਰ ਖਿਲਾਫ ਭਾਰੀ ਨਾਅਰੇਬਾਜ਼ੀ ਕਰਦਿਆਂ ਕਿਸਾਨ ਮਾਰੂ ਪਾਸ ਕੀਤੇ ਤਿੰਨ ਖੇਤੀ ਬਿੱਲ ਰੱਦ ਕਰਨ ਦੀ ਮੰਗ ਕੀਤੀ। ਇਸੇ ਤਰਾਂ ਫਿਰੋਜ਼ਪੁਰ ਵਿਚ ਮੀਤ ਪ੍ਰਧਾਨ ਜਸਬੀਰ ਸਿੰਘ ਪਿੱਦੀ, ਫਾਜਿਲਕਾ, ਮੁਕਤਸਰ ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂੰ, ਤਰਨਤਾਰਨ ਵਿੱਚ ਸੂਬਾ ਸੰਗਠਨ ਸਕੱਤਰ ਸੁਖਵਿੰਦਰ ਸਿੰਘ ਸਭਰਾ, ਹਰਪ੍ਰੀਤ ਸਿੰਘ ਸਿਧਵਾਂ, ਕਪੂਰਥਲਾ ਤੇ ਜਲੰਧਰ ਵਿੱਚ ਖਜਾਨਚੀ ਗੁਰਲਾਲ ਸਿੰਘ, ਹੁਸ਼ਿਆਰਪੁਰ ਤੇ ਗੁਰਦਾਸਪੁਰ ਸਵਿੰਦਰ ਸਿੰਘ ਚੁਤਾਲਾ, ਅੰਮ੍ਰਿਤਸਰ ਵਿਚ ਸੂਬਾ ਜਨਰਲ ਸਕੱਤਰ ਸਰਵਨ ਸਿੰਘ ਪੰਧੇਰ, ਗੁਰਬਚਨ ਸਿੰਘ ਚੱਬਾ, ਲਖਵਿੰਦਰ ਸਿੰਘ ਵਰਿਆਮਨੰਗਲ ਨੇ ਅੰਮ੍ਰਿਤਸਰ ਗੋਲਡਨ ਗੇਟ ਬਾਈਪਾਸ ਵਿਖੇ ਆਪਣੇ ਸੰਬੋਧਨ 'ਚ ਕਿਹਾ ਕਿ ਕੌਮੀ ਪੱਧਰ 'ਤੇ ਦੇਸ਼ ਵਾਸੀਆਂ ਦਾ ਇਹ ਅੰਦੋਲਨ ਕਿਸਾਨਾਂ ਮਜ਼ਦੂਰਾਂ ਦੇ ਰੂਪ ਵਿਚ ਅੱਜ ਇਤਿਹਾਸ ਰਚ ਗਿਆ ਹੈ।ਇਸ ਦੀਆਂ ਬਰਕਤਾਂ ਸਦਕਾ ਖੇਤੀ ਕਾਨੂੰਨ ਸਮੇਤ ਲੋਕ ਵਿਰੋਧੀ ਕਾਨੂੰਨ ਰੱਦ ਹੋਣਗੇ।ਕਾਰਪੋਰੇਟ ਘਰਾਣਿਆਂ ਤੋਂ ਭਾਰਤ ਤੇ ਭਾਰਤੀ ਖੇਤੀ ਨੂੰ ਮੁਕਤ ਕਰਵਾਉਣ ਵਿਚ ਅੱਜ ਦਾ ਸੰਘਰਸ਼ ਮੀਲ ਪੱਧਰ ਸਾਬਤ ਹੋਵੇਗਾ।



## ਜਨਮ ਦਿਨ ਮੁਬਾਰਕ



ਮਹਿਕਦੀਪ ਕੌਰ ਧਨੌਲਾ

## ਵਰੇਗੰਢ ਦੀਆਂ ਮੁਬਾਰਕਾਂ



ਹਰਮਿੰਦਰ ਸਿੰਘ ਸੈਣੀ ਤੇ ਸੁਰਿੰਦਰ ਕੋਰ (ਰੋਪੜ) ਨੇ ਵਿਆਹ ਦੀ 15 ਵੀਂ ਵਰੇਗੰਢ ਮਨਾਈ
ਫੋਟੋ ਤੇ ਵੇਰਵਾ : ਗਰਗ ਧਨੌਲਾ ਮੰਡੀ ਤੋਂ




# ਬਦਲਦੇ ਮੌਸਮ ਦੇ ਅਸਰ ਨੂੰ ਘਟਾਉਂਦੀਆਂ ਨੇ ਇਹ ਵਸਤਾਂ



ਜਦੋਂ ਇਕ ਮੌਸਮ ਤੋਂ ਦੂਜੇ ਮੌਸਮ ਵਿਚ ਤਬਦੀਲ ਹੁੰਦਾ ਹੈ ਤਾਂ ਇਸਦੇ ਵਿਚਕਾਰ ਦਾ ਸਮਾਂ ਸਭ ਤੋਂ ਜ਼ਿਆਦਾ ਨੁਕਸਾਨਦੇਹ ਹੁੰਦਾ ਹੈ। ਕਿਉਂਕਿ ਅਸੀਂ ਇਹਨਾਂ ਤਬਦੀਲੀਆਂ ਦੇ ਲਈ ਤਿਆਰ ਨਹੀਂ ਰਹਿੰਦੇ ਜਾਂ ਥੋੜ੍ਹੀ ਜਿਹੀ ਲਾਪਰਵਾਹੀ



ਕਰ ਦਿੰਦੇ ਹਾਂ ਤਾਂ ਸਾਡੇ ਉਪਰ ਬਦਲਦਾ ਮੌਸਮ ਅਸਰ ਕਰ ਜਾਂਦਾ ਹੈ। ਮੌਸਮ ਦਾ ਇਹੀ ਅਸਰ ਸਰਦੀ, ਜੁਕਾਮ ਅਤੇ ਵਾਇਰਲ ਫੀਵਰ ਦੇ ਰੂਪ ਵਿਚ ਨਜ਼ਰ ਆਉਂਦਾ ਹੈ। ਹੁਣ ਤਾਂ ਡੇਂਗੂ ਅਤੇ ਚਿਕਨਗੁਨੀਆ ਦਾ ਵੀ ਖੌਫ ਬਣਿਆ ਰਹਿੰਦਾ ਹੈ ਪਰ ਖੁਦ ਕੁਝ ਆਮ ਸਾਵਧਾਨੀਆਂ ਵਰਤ ਕੇ ਇਹਨਾਂ ਮੌਸਮੀ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਅਜਿਹੇ ਸਮੇਂ ਵਿਚ ਖਾਣ-ਪੀਣ ਦੀਆਂ ਚੀਜ਼ਾਂ 'ਤੇ ਧਿਆਨ ਦੇਣਾ ਬੇਹੱਦ ਜ਼ਰੂਰੀ ਹੈ। ਤੁਹਾਨੂੰ ਆਪਣੇ ਪੋਜ਼ਨ ਵਿਚ ਅਜਿਹੀਆਂ ਚੀਜ਼ਾਂ ਸ਼ਾਮਲ ਕਰਨੀਆਂ ਚਾਹੀਦੀਆਂ ਹਨ, ਜਿਹਨਾਂ ਨੂੰ ਇਮਯੂਨ ਸਿਸਟਮ ਵਧਾਉਣ ਦੀ ਲੋੜੀਂਦੀ ਸਮੱਗਰੀ ਮੌਜੂਦ ਹੋਵੇ।

**ਗਿਲੋਏ:** ਇਸ ਦੇ ਬਾਰੇ ਜ਼ਿਆਦਾਤਰ ਲੋਕਾਂ ਨੂੰ ਪਤਾ ਨਹੀਂ ਹੈ ਪਰ ਗਿਲੋਏ ਦੀ ਵਰਤੋਂ ਬਹੁਤ ਆਸਾਨ ਹੈ ਕਿਉਂਕਿ ਇਸਨੂੰ ਉਗਾਉਣਾ ਬਹੁਤ ਆਸਾਨ ਹੈ। ਗਿਲੋਏ ਨੂੰ ਆਯੁਰਵੈਦਿਕ ਹਲਕਿਆਂ ਵਿਚ ਅੰਮ੍ਰਿਤ ਦੇ ਰੂਪ ਵਿਚ ਮੰਨਿਆ ਜਾਂਦਾ ਹੈ। ਇਹ ਐਂਟੀ ਆਕਸੀਡੈਂਟਸ ਦਾ ਪਾਵਰਹਾਊਸ ਹੈ ਅਤੇ ਵਾਰ-ਵਾਰ ਆਉਣ ਵਾਲੇ ਬੁਖਾਰ, ਸ਼ੂਗਰ ਅਤੇ ਗਠੀਏ ਤੋਂ ਲੈ ਕੇ ਬਦਹਜ਼ਮੀ, ਅਸਥਮਾ ਤੱਕ ਦਾ ਇਲਾਜ ਕਰਦਾ ਹੈ। ਤੁਸੀਂ ਆਯੁਰਵੈਦਿਕ ਸਟੋਰ ਤੋਂ ਗਿਲੋਏ ਦਾ ਪਾਊਡਰ ਜਾਂ ਜੂਸ ਲੈ ਸਕਦੇ ਹੋ ਜਾਂ ਖੁਦ ਵਿਹੜੇ ਵਿਚ ਇਹ ਉਗਾ ਸਕਦੇ ਹੋ। ਇਹੀ ਨਹੀਂ ਬਾਲਕੋਨੀ ਵਿਚ ਕਿਸੇ ਵੀ ਪੌਟ ਵਿਚ ਵੀ ਇਸਨੂੰ ਉਗਾਇਆ ਜਾ ਸਕਦਾ ਹੈ।

**ਐਲੋਵੇਰਾ:** ਇਹ ਕੇਵਲ ਤੁਹਾਡੀ ਚਮੜੀ ਦੇ ਲਈ ਹੀ ਚੰਗਾ ਨਹੀਂ ਹੈ, ਬਲਕਿ ਇਸਦਾ ਹਾਈ ਵਿਟਾਮਿਨ ਅਤੇ ਮਿਨਰਲ ਡਾਈਜੇਸ਼ਨ ਤੋਂ ਲੈ ਕੇ ਡਿਟੋਕਸੀਫਿਕੇਸ਼ਨ ਵਿਚ ਮਦਦ ਕਰਦਾ ਹੈ। ਐਲੋ ਇਕ ਕੁਦਰਤੀ ਐਂਟੀ ਬਾਇਓਟਿਕ, ਐਂਟੀ ਫੰਗਲ ਅਤੇ ਐਂਟੀ ਬੈਕਟੀਰੀਅਲ ਇੰਗ੍ਰੈਡੀਐਂਟ ਹੈ। ਤੁਸੀਂ ਇਸਦਾ ਜੂਸ ਜਾਂ ਸਲਾਦ ਲੈ ਸਕਦੇ ਹੋ।

**ਤੁਲਸੀ:** ਜਿੱਥੇ ਅਸੀਂ ਤੁਲਸੀ ਦੀ ਪੂਜਾ ਕਰਦੇ ਹਾਂ, ਉਥੇ ਇਹ ਤੁਲਸੀ ਸਾਡੇ ਸਰੀਰ ਦੇ ਲਈ ਬਹੁਤ ਫਾਇਦੇਮੰਦ ਹੈ। ਇਹ ਮੁਹਾਂਸਿਆਂ ਨਾਲ ਲੜਦੀ ਹੈ ਅਤੇ ਸਾਨੂੰ ਸ਼ੂਗਰ, ਕੈਂਸਰ, ਸਾਹ ਦੀਆਂ ਬਿਮਾਰੀਆਂ ਅਤੇ ਕ੍ਰਾਨਿਕ ਫੀਵਰ ਤੋਂ ਰੱਖਿਆ ਕਰਦੀ ਹੈ।

**ਅੰਜੀਰ:** ਜੇਕਰ ਤੁਸੀਂ ਹੁਣ ਤੱਕ ਅੰਜੀਰ ਦਾ ਸੇਵਨ ਨਹੀਂ ਕੀਤਾ ਹੈ ਤਾਂ ਅੱਜ ਤੋਂ ਹੀ ਸ਼ੁਰੂ ਕਰੋ। ਇਹ ਫਲ ਕੇਵਲ ਟੇਸਟ ਵਿਚ ਵੀ ਸ਼ਾਨਦਾਰ ਨਹੀ ਹੈ, ਬਲਕਿ ਇਸ ਤੋਂ ਉਚ ਪੋਸ਼ਣ ਵੀ ਮਿਲਦਾ ਹੈ। ਇਹ ਬਲੱਡ ਪ੍ਰੈਸ਼ਰ, ਕੈਂਸਰ, ਸ਼ੂਗਰ ਅਤੇ ਦਿਲ ਦੀਆਂ ਬਿਮਾਰੀਆਂ ਦੇ ਇਲਾਜ ਵਿਚ ਮਦਦ ਕਰਦਾ ਹੈ। ਇਹ ਤੁਹਾਡੇ ਵਜਨ ਨੂੰ ਘੱਟ ਕਰਨ ਦਾ ਵੀ ਕੰਮ ਕਰਦਾ ਹੈ। ਤਾਂ ਇਸਨੂੰ ਦਹੀਂ ਵਿਚ ਮਿਲਾ ਕੇ ਖਾਓ ਜਾਂ ਇਸਨੂੰ ਸਿੱਧਾ ਹੀ ਖਾਧਾ ਜਾ ਸਕਦਾ ਹੈ।

**ਕਿਸ਼ਮਿਸ਼:** ਕਿਸ਼ਮਿਸ਼ ਨੂੰ ਚੌਲਾਂ ਤੋਂ ਲੈ ਕੇ ਖੀਰ ਤੱਕ ਵਿਚ ਪਾਉਣ ਦਾ ਇਕ ਕਾਰਨ ਹੈ। ਇਹ ਵਿਟਾਮਿਨ, ਇਲੈਕਟ੍ਰੋਲਾਇਟਸ ਅਤੇ ਮਿਨਰਲਸ ਦਾ ਵਿਸ਼ਾਲ ਸਰੋਤ ਹੈ। ਇਹ ਸਾਰੇ ਇਮਯੂਨ ਸਿਸਟਮ ਦੇ ਲਈ ਚੰਗਾ ਹੈ। ਇਹ ਕੈਂਸਰ, ਕੋਰੋਨਰੀਲ ਡਿਸੀਜ਼, ਐਲਰਜੀ ਅਤੇ ਬਲੱਡ ਪ੍ਰੈਸ਼ਰ ਦੇ ਇਲਾਜ ਦੇ ਲਈ ਪ੍ਰਸਿੱਧ ਹੈ। ਹਰ ਦਿਨ ਮੁੱਠੀ ਭਰ ਕਿਸ਼ਮਿਸ਼ ਖਾਓ ਅਤੇ ਤੁਸੀਂ ਵਾਇਰਲ ਜਾਂ ਆਟੋ ਇਮਯੂਨ ਡਿਸੀਜ਼ ਨਾਲ ਲੜਨ ਲਈ ਫਿੱਟ ਰਹੋ।

**ਵ੍ਹੀਟ ਗਰਾਸ:** ਇਸ ਵਿਚ ਫਾਈਬਰ, ਵਿਟਾਮਿਨ ਅਤੇ ਮਿਨਰਲਸ ਬਹੁਤ ਜ਼ਿਆਦਾ ਹੁੰਦਾ ਹੈ। ਵ੍ਹੀਟ ਗ੍ਰਾਸ ਇਕ ਅਜਿਹਾ ਇੰਗ੍ਰੈਡੀਐਂਟਸ ਹੈ, ਜਿਸਨੂੰ ਆਸਾਨੀ ਨਾਲ ਘਰੇ ਉਗਾ ਸਕਦੇ ਹੋ। ਇਹ ਪਾਚਣ ਦੇ ਲਈ ਅਸਧਾਰਣ ਤੌਰ ਤੇ ਲਾਭਦਾਇਕ ਹੈ। ਇਹ ਲਾਲ ਰਕਤ ਕੋਸ਼ਿਕਾਵਾਂ, ਪੋਟਾਸ਼ੀਅਮ ਅਤੇ ਇਲੈਕਟ੍ਰੋਲਾਈਟ ਦੇ ਉਤਪਾਦਨ ਵਿਚ ਮਦਦ ਕਰਦਾ ਹੈ। ਇਹ ਸਾਰੇ ਤੁਹਾਡੇ ਸਰੀਰ ਨੂੰ ਫਿੱਟ ਰੱਖਣ ਦਾ ਕੰਮ ਕਰਦਾ ਹੈ। ਤੁਹਾਨੂੰ ਬਾਜ਼ਾਰ ਵਿਚ ਆਸਾਨੀ ਨਾਲ ਇਸਦਾ ਪਾਊਡਰ, ਜੂਸ ਮਿਲ ਸਕਦਾ ਹੈ।

**ਪਪੀਤੇ ਦਾ ਪੱਤਾ:** ਇਹ ਬੇਸ਼ੱਕ ਹੀ ਕੌੜਾ ਹੋਵੇ ਪਰ ਡੇਂਗੂ ਬੁਖਾਰ ਦੇ ਰਵਾਇਤੀ ਇਲਾਜ ਦਾ ਕੰਮ ਕਰਦਾ ਹੈ। ਪਪੀਤੇ ਦੀਆਂ ਪੱਤੀਆਂ ਦਾ ਜੂਸ ਸੁਭਾਵਿਕ ਤੌਰ ਤੇ ਪਲੇਟਲੈਟ ਕਾਊਂਟਸ ਵਧਾਉਂਦਾ ਹੈ। ਇਸਦਾ ਮਤਲਬ ਇਹ ਹੈ ਕਿ ਇਹ ਡੇਂਗੂ, ਮਲੇਰੀਆ ਤੇ ਇੱਥੋਂ ਤੱਕ ਕਿ ਚਿਕਨਗੁਨੀਆ ਵਰਗੀਆਂ ਬਿਮਾਰੀਆਂ ਦੇ ਲਈ ਬਹੁਤ ਕੰਮ ਕਰਦਾ ਹੈ।

ਤੁਸੀਂ ਇਸਨੂੰ ਸੰਤਰੇ ਦੇ ਪਲਪ ਦੇ ਨਾਲ ਉਬਾਲ ਸਕਦੇ ਹੋ ਜਾਂ ਕੱਕੜੀ ਦੇ ਨਾਲ ਪੀਣਯੋਗ ਬਣਾ ਸਕਦੇ ਹੋ ਜਾਂ ਫਿਰ ਕੌੜਾਪਣ ਹਟਾਉਣ ਲਈ ਅੰਜੀਰ ਸ਼ਾਮਲ ਕਰ ਸਕਦੇ ਹੋ।

# ਇਹ ਆਮ ਆਦਤਾਂ ਤੁਹਾਡਾ ਵਜਨ ਨਹੀਂ ਘਟਣ ਦਿੰਦੀਆਂ

ਤੁਹਾਡਾ ਵਜਨ ਜਲਦੀ ਵਧਦਾ ਹੈ ਜਾਂ ਤੁਸੀਂ ਦੂਜਿਆਂ ਦੀ ਤੁਲਨਾ ਵਿਚ ਜਲਦੀ ਵੇਟ ਗੇਨ ਨਹੀਂ ਕਰਦੇ, ਇਹ ਸਭ ਤੁਹਾਡੇ ਮੈਟਾਬਾਲਿਜ਼ਮ 'ਤੇ ਨਿਰਭਰ ਕਰਦਾ ਹੈ। ਜੇਕਰ ਵਾਕ ਅਤੇ ਕਸਰਤ ਕਰਨ ਦੇ ਬਾਵਜੂਦ ਤੁਹਾਡਾ ਵਜਨ ਕੰਟਰੋਲ ਨਹੀਂ ਹੋ ਪਾ ਰਿਹਾ ਹੈ ਤਾਂ



ਤੁਹਾਨੂੰ ਜ਼ਰੂਰਤ ਹੈ ਇਹਨਾਂ ਆਦਤਾਂ ਤੇ ਧਿਆਨ ਦੇਣ ਦੀ :

**ਜੇਕਰ ਨੀਂਦ ਪੂਰੀ ਨਹੀਂ ਲੈਂਦੇ ਹੋ:**

ਪੂਰੀ ਨੀਂਦ ਨਾ ਲੈਣਾ ਤੁਹਾਡੇ ਫੈਟ ਨੂੰ ਵਧਾਉਂਦਾ ਹੈ। ਸਰੀਰ ਨੂੰ ਪੂਰਾ ਆਰਾਮ ਨਹੀਂ ਮਿਲਣ ਤੇ ਤੁਹਾਡਾ ਮੈਟਾਬਾਲਿਜ਼ਮ ਹੌਲੀ ਕੰਮ ਕਰਦਾ ਹੈ, ਜਿਸ ਕਾਰਨ ਤੁਹਾਡੀ ਭੁੱਖ ਤਾਂ ਵਧਦੀ ਹੈ ਪਰ ਤੁਹਾਡਾ ਐਨਰਜੀ ਪੱਧਰ ਘੱਟ ਰਹਿੰਦਾ ਹੈ। ਇਹ ਸਥਿਤੀ ਕਸਰਤ ਦਾ ਵੀ ਪੂਰਾ ਫਾਇਦਾ ਤੁਹਾਡੇ ਸਰੀਰ ਨੂੰ ਨਹੀਂ ਮਿਲਣ ਦਿੰਦੀ।

**ਇਹ ਆਦਤ ਮਿਹਨਤ ਤੇ ਪਾਣੀ ਫੇਰ ਦਿੰਦੀ ਹੈ:**

ਤੁਸੀਂ ਕਿੰਨੇ ਵੀ ਘੰਟੇ ਜਿਮ, ਕਸਰਤ ਜਾਂ ਯੋਗਾ ਕਰਦੇ ਹੋ, ਜੇਕਰ ਤੁਹਾਨੂੰ ਹਰ ਘੰਟੇ ਜਾਂ ਦੋ ਘੰਟੇ ਵਿਚ ਕੁਝ ਮਿੱਠਾ ਖਾ ਲੈਣ ਦੀ ਆਦਤ ਹੈ ਤਾਂ ਇਹ ਆਦਤ ਜਿਮ ਵਿਚ ਕੀਤੀ ਗਈ ਤੁਹਾਡੀ ਮਿਹਨਤ 'ਤੇ ਪਾਣੀ ਫੇਰ ਦਿੰਦੀ ਹੈ।

**ਮਿੱਠਾ ਜ਼ਿਆਦਾ ਪਾਣੀ!**

ਬੇਸ਼ੱਕ ਹੀ ਤੁਸੀਂ ਡਾਈਟ ਚਾਰਟ ਫਾਲੋ ਕਰਦੇ ਹੋ ਪਰ ਜੇਕਰ ਤੁਹਾਡੀ ਡ੍ਰਿੰਕਿੰਗ ਆਦਤਾਂ ਸਹੀ ਨਹੀਂ ਹਨ ਤਾਂ ਡਾਈਟ ਫਾਲੋ ਕਰਨਾ ਬੇਕਾਰ ਹੋ ਜਾਵੇਗਾ। ਡੱਬਾ ਬੰਦ ਜੂਸ ਅਤੇ ਐਨਰਜੀ ਡ੍ਰਿੰਕਸ ਵਿਚ ਸ਼ੂਗਰ ਅਤੇ ਕੈਲੋਰੀਜ਼ ਐਡ ਹੁੰਦੀ ਹੈ। ਇਸ ਕਰਕੇ ਗ੍ਰੀਨ-ਟੀ, ਕੁਦਰਤੀ ਫਰੂਟ ਜੂਸ ਅਤੇ ਨਾਰੀਅਲ ਪਾਣੀ ਲੈਣਾ ਸਹੀ ਰਹਿੰਦਾ ਹੈ।

**ਬੇਹੱਦ ਘੱਟ ਖਾਣਾ**

ਤੁਸੀਂ ਡਾਈਟਿੰਗ 'ਤੇ ਹੈ, ਇਸ ਕਰਕੇ ਖਾਣ ਦੀ ਬੇਹੱਦ ਘੱਟ ਮਾਤਰਾ ਲੈਂਦੇ ਹੋ ਤਾਂ ਇਹ ਵੀ ਤੁਹਾਡਾ ਫੈਟ ਵਧਾ ਸਕਦਾ ਹੈ। ਅਜਿਹਾ ਕਰਨ ਤੇ ਤੁਸੀਂ ਜੋ ਵੀ ਖਾਂਦੀ ਹੋ, ਉਸ ਨਾਲ ਬਾਡੀ ਫੈਟ ਦੇ ਤੌਰ 'ਤੇ ਸਟੋਰ ਕਰ ਲੈਂਦੀ ਹੋ। ਤੁਹਾਡੀ ਐਨਰਜੀ ਪੱਧਰ ਡਾਊਨ ਹੋ ਜਾਂਦਾ ਹੈ ਅਤੇ ਤੁਸੀਂ ਕਮਜ਼ੋਰੀ ਮਹਿਸੂਸ ਕਰਦੇ ਹੋ।

**ਬੱਸ ਸਲਾਦ ਖਾਣਾ**

ਇਹ ਇਕ ਵੱਡੀ ਭੁੱਲ ਹੈ। ਲੰਚ ਅਤੇ ਡਿਨਰ ਵਿਚ ਜੇਕਰ ਤੁਸੀਂ ਵੀ ਅਜਿਹਾ ਕਰ ਰਹੇ ਹੋ ਤਾਂ ਇਸਨੂੰ ਤੁਰੰਤ ਬੰਦ ਕਰ ਦਿਓ। ਕਿਉਂਕਿ ਸਰੀਰ ਨੂੰ ਹੈਲਦੀ ਅਤੇ ਫਿੱਟ ਰਹਿਣ ਦੇ ਲਈ ਲੋੜੀਂਦੀ ਮਾਤਰਾ ਵਿਚ ਪੌਸ਼ਟਿਕ ਭੋਜਨ ਚਾਹੀਦਾ ਹੁੰਦਾ ਹੈ। ਸਨੈਕਸ ਤੋਂ ਦੂਰੀ ਬਣਾਉਣਾ ਨਹੀਂ, ਬਲਕਿ ਆਪਣੀ ਡਾਈਟ ਨੂੰ ਬੈਲੇਂਸ ਬਣਾਉਣਾ ਜ਼ਰੂਰੀ ਹੈ।

**ਇਕੋ-ਜਿਹੀ ਕਸਰਤ**

ਜਲਦੀ ਵਜਨ ਘਟਾਉਣ ਦੇ ਲਈ ਜ਼ਰੂਰੀ ਹੈ ਕਿ ਤੁਸੀਂ ਆਪਣੀ ਕਸਰਤ ਵਿਚ ਬਦਲਾਅ ਕਰਦੇ ਰਹੋ। ਇਕੋ ਜਿਹੀ ਕਸਰਤ ਨਾਲ ਤੁਹਾਡੀ ਬਾਡੀ ਨੂੰ ਇਸਦੀ ਆਦਤ ਪੈ ਜਾਂਦੀ ਹੈ ਅਤੇ ਇਸਦਾ ਅਸਰ ਘੱਟ ਹੋ ਜਾਂਦਾ ਹੈ। ਇਸ ਕਰਕੇ ਬਦਲਾਅ ਜ਼ਰੂਰੀ ਹੈ।

**ਬਿਮਾਰੀਆਂ ਜਾਂ ਹਾਰਮੋਨਲ ਦਿੱਕਤ**

ਕਈ ਵਾਰ ਮੈਡੀਕਲ ਕੰਡੀਸ਼ਨ ਦੇ ਕਾਰਨ ਵੀ ਵਜਨ ਵੱਧ ਜਾਂਦਾ ਹੈ। ਇਸ ਕਰਕੇ ਜ਼ਰੂਰੀ ਹੈ ਕਿ ਤੁਸੀਂ ਡਾਕਟਰ ਦੀ ਗਾਈਡ ਲਾਈਨ ਵਿਚ ਵਜਨ ਘਟਾਉਣ ਦੀ ਕੋਸ਼ਿਸ਼ ਕਰੋ। ਸਭ ਤੋਂ ਖਾਸ ਗੱਲ ਇਹ ਹੈ ਕਿ ਵਧੇ ਵਜਨ ਨੂੰ ਲੈ ਕੇ ਟੈਨਸ਼ਨ ਨਾ ਲਓ, ਕਿਉਂਕਿ ਚਿੰਤਾ ਕਰਨਾ, ਤੁਹਾਡਾ ਵਜਨ ਹੋਰ ਵਧਾ ਸਕਦਾ ਹੈ।

# ਟੁਕੜਿਆਂ ਵਿਚ ਨੀਂਦ ਲੈਣਾ ਪੈ ਸਕਦਾ ਹੈ ਭਾਰੀ

ਖੂਬ ਥੱਕੇ ਹੋ ਅਤੇ ਝਪਕੀ ਆ ਜਾਵੇ ਤਾਂ ਤੁਸੀਂ ਤਰੋ ਤਾਜ਼ਾ ਹੋ ਜਾਂਦੇ ਹੋ ਪਰ ਅਜਿਹੀ ਦਸ਼ਾ ਵਿਚ ਪੂਰੀ ਨੀਂਦ ਨਾ ਲੈਣਾ ਜਾਂ ਲਗਾਤਾਰ ਟੁਕੜਿਆਂ ਵਿਚ ਸੌਣਾ ਸਿਹਤ ਦੇ ਲਈ ਚੰਗਾ ਨਹੀਂ ਹੈ। ਇਕ ਸਟੱਡੀ ਦੀ ਮੰਨੀਏ ਤਾਂ ਵਾਰ-ਵਾਰ ਨੀਂਦ ਟੁੱਟਣ ਕਾਰਨ ਸਰੀਰ 'ਤੇ ਮਾੜਾ ਅਸਰ ਪੈਂਦਾ ਹੈ।

ਵੈਸੇ ਲੰਮੀ ਅਤੇ ਚੈਨ ਦੀ ਨੀਂਦ ਕਿਸਮਤ ਵਾਲੇ ਲੋਕਾਂ ਨੂੰ ਹੀ ਮਿਲਦੀ ਹੈ, ਸਾਰਿਆਂ ਦੇ ਲਈ ਇਕ ਵਾਰ ਵਿਚ 7-9 ਘੰਟੇ ਸੌਣਾ ਸੰਭਵ ਨਹੀਂ ਹੈ। ਨੀਂਦ ਦੀ ਕਮੀ ਕਾਰਨ ਕਈ ਬਿਮਾਰੀਆਂ ਵੀ ਹੋਣ ਲੱਗਦੀਆਂ ਹਨ। ਜੋ ਲੋਕ ਇਕ ਵਾਰ ਵਿਚ ਭਰਪੂਰ ਨੀਂਦ ਨਹੀਂ ਲੈ ਪਾਉਂਦੇ



ਜਾਂ ਫਿਰ ਦੇਰ ਰਾਤ ਤੱਕ ਜਾਗਣ ਤੋਂ ਬਾਅਦ ਸੌਂਦੇ ਹਨ ਉਹਨਾਂ ਦੇ ਮਨ ਵਿਚ ਅਕਸਰ ਖਿਆਲ ਆਉਂਦਾ ਹੈ ਕਿ ਕਿਉਂ ਨਾ ਟੁਕੜਿਆਂ ਵਿਚ ਨੀਂਦ ਪੂਰੀ ਕੀਤੀ ਜਾਵੇ।

ਅਮਰੀਕੀ ਦੀ ਜਾਨ ਹਾਪਕਿੰਸ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਆਪਣੀ ਸਟੱਡੀ ਵਿਚ ਦੋ ਕਿਸਮ ਦੀ ਨੀਂਦ ਦਾ ਅਧਿਐਨ ਕੀਤਾ। ਬਿਨਾਂ ਅੜਿੱਕੇ ਦੀ ਲੰਮੀ ਨੀਂਦ ਅਤੇ ਦੂਜੀ ਘੱਟ ਸਮੇਂ ਦੇ ਲਈ ਟੁਕੜਿਆਂ ਵਿਚ ਲਈ ਜਾਣ ਵਾਲੀ ਨੀਂਦ।

ਇਸ ਸਟੱਡੀ ਵਿਚ 62 ਸਿਹਤਮੰਦ ਪੁਰਸ਼ਾਂ ਨੂੰ ਸ਼ਾਮਲ ਕੀਤਾ ਗਿਆ ਅਤੇ ਇਕ ਲੈਬ ਵਿਚ ਰੱਖਿਆ ਗਿਆ।

ਇਹਨਾਂ ਵਿਚੋਂ ਕੁਝ ਲੋਕਾਂ ਨੂੰ ਵਾਰ-ਵਾਰ ਜਗਾਇਆ ਗਿਆ।


ਵਿਗਿਆਨੀਆਂ ਨੇ ਇਸ ਖੋਜ ਵਿਚ ਪਾਇਆ ਕਿ ਪਹਿਲੀ ਰਾਤ ਤੋਂ ਬਾਅਦ ਹੀ ਭਾਗ ਲੈਣ ਵਾਲਿਆਂ ਵਿਚ ਥਕਾਵਟ ਸੀ। ਵਰਣਨਯੋਗ ਹੈ ਕਿ ਰਾਤਾਂ ਨੂੰ ਟੁਕੜਿਆਂ ਵਿਚ ਸੌਣ ਵਾਲੇ ਸਮੂਹ ਦੇ ਮੁਕਾਬਲੇ ਦੇਰ ਰਾਤ ਤੋਂ ਬਾਅਦ ਸ਼ਾਂਤੀ ਨਾਲ ਸੌਣ ਵਾਲੇ ਸਮੂਹ ਦੇ ਲੋਕਾਂ ਦਾ ਮੂਡ 30 ਪ੍ਰਤੀਸ਼ਤ ਬਿਹਤਰ ਸੀ। ਇਹ ਵੀ ਪਤਾ ਲੱਗਿਆ ਕਿ ਟੁਕੜਿਆਂ ਵਿਚ ਸੌਣ ਵਾਲੇ ਲੋਕ ਅਗਲੇ ਦਿਨ ਜ਼ਿਆਦਾ ਥੱਕੇ ਅਤੇ ਸੁਸਤ ਨਜ਼ਰ ਆਏ।

**ਦਿਨ ਵਿਚ ਸੌਣਾ ਖਤਰਨਾਕ-** ਸਲੀਪ ਜਰਨਲ ਵਿਚ ਪਬਲਿਸ਼ ਹੋਈ ਇਕ ਦੂਜੀ ਖੋਜ ਦੀ ਮੰਨੀਏ ਤਾਂ ਜੋ ਲੋਕ ਦਿਨ ਵਿਚ 6 ਘੰਟੇ ਦੀ ਨੀਂਦ ਲੈਂਦੇ ਹਨ, ਉਹਨਾਂ ਨੂੰ ਰਾਤ ਨੂੰ ਸੱਤ ਘੰਟੇ ਰੋਜ਼ਾਨਾ ਨੀਂਦ ਲੈਣ ਵਾਲਿਆਂ ਦੇ ਮੁਕਾਬਲੇ ਬਿਮਾਰੀਆਂ ਦਾ ਖਤਰਾ ਚਾਰ ਗੁਣਾਂ ਜ਼ਿਆਦਾ ਰਹਿੰਦਾ ਹੈ।

**ਯਾਦਾਸ਼ਤ ਕਮਜ਼ੋਰ ਹੋਣਾ-** ਘੱਟ ਨੀਂਦ ਲੈਣ ਦਾ ਪ੍ਰਭਾਵ ਦਿਮਾਗ 'ਤੇ ਪੈਂਦਾ ਹੈ ਅਤੇ ਦਿਮਾਗ ਸਹੀ ਤਰੀਕੇ ਨਾਲ ਕੰਮ ਨਹੀਂ ਕਰਦਾ। ਇਸ ਕਾਰਨ ਪੜ੍ਹਨ, ਸਿੱਖਣ ਅਤੇ ਫੈਸਲਾ ਲੈਣ ਦੀ ਸਮਰੱਥਾ ਕਮਜ਼ੋਰ ਹੋ ਜਾਂਦੀ ਹੈ।

**ਭੁੱਖ ਜ਼ਿਆਦਾ ਲੱਗਦਾ-** ਟੁਕੜਿਆਂ ਵਿਚ ਨੀਂਦ ਲੈਣ ਕਾਰਨ ਮੈਟਾਬਾਲਿਜ਼ਮ ਕਮਜ਼ੋਰ ਹੋ ਜਾਂਦਾ ਹੈ। ਘੱਟ ਨੀਂਦ ਲੈਣ ਦੇ ਕਾਰਨ ਹਾਰਮੋਨ ਵਿਚ ਅਸੰਤੁਲਨ ਵੀ ਹੁੰਦਾ ਹੈ, ਜਿਸ ਕਾਰਨ ਜ਼ਿਆਦਾ ਭੁੱਖ ਲੱਗਦੀ ਹੈ। ਇਸਦੇ ਕਾਰਨ ਹੀ ਚੰਗੀ ਨੀਂਦ ਨਾ ਲੈਣ ਵਾਲੇ ਲੋਕਾਂ ਨੂੰ ਪੇਟ ਭਰਨ ਦੀ ਘਾਟ ਦੇਰੀ ਨਾਲ ਹੁੰਦੀ ਹੈ। ਇਸ ਕਰਕੇ ਟੁਕੜਿਆਂ ਵਿਚ ਨੀਂਦ ਲੈਣ ਦੀ ਬਜਾਏ ਇਕੱਠੇ ਲੰਮੀ ਨੀਂਦ ਲਓ।

# ਕਿਸਾਨੀ ਸਿਰੜੀ ਭਾਵਨਾ ਨੇ ਹੀ ਭਾਰਤ ਨੂੰ ਭੁੱਖਮਰੀ ਵਿਚੋਂ ਕੱਢਿਆ ਐ



ਗੁਰਬਚਨ ਜਗਤ

ਪਿਛਲੀ ਸਦੀ ਦੇ ਸੱਠਵਿਆਂ ਦੇ ਸ਼ੁਰੂਆਤੀ ਦੋ ਸਾਲ ਮੈਂ ਪੰਜਾਬ ਵਿਚ ਆਪਣੇ ਜੱਦੀ ਪਿੰਡ ਵਿਚ ਬਿਤਾਏ ਸਨ। ਭੱਠ ਵਾਂਗ ਤਪਦੀਆਂ ਦੋ ਗਰਮੀਆਂ ਅਤੇ ਦੋ ਹੱਢ ਚੀਰਵੇਂ ਸਿਆਲ, ਬਿਜਲੀ ਤੇ ਬਿਜਲੀ ਨਾਲ ਮਿਲਣ ਵਾਲੀਆਂ ਹੋਰ ਸੁੱਖ ਸਹੂਲਤਾਂ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਗਰਮੀਆਂ ਦੀ ਰੁੱਤੇ ਆਮ ਕਿਸਾਨ ਪਰਿਵਾਰ ਵਿਚ ਦਿਨ ਦੀ ਸ਼ੁਰੂਆਤ ਤੜਕਸਾਰ ਤਿੰਨ ਵਜੇ ਹੋ ਜਾਂਦੀ ਸੀ। ਕਿਸਾਨ ਜਦੋਂ ਖੇਤ ਵਾਹੁਣ ਲਈ ਹਲ ਤੇ ਬਲਦ ਲੈ ਕੇ ਘਰੋਂ ਤੁਰਦੇ ਸਨ ਤਾਂ ਉਨ੍ਹਾਂ ਦੇ ਗਲਾਂ 'ਚ ਟੰਗੀਆਂ ਟੱਲੀਆਂ ਦੀ ਟੁਣਕਾਰ ਸੁਣਾਈ ਦਿੰਦੀ ਸੀ। ਕਿਸਾਨ ਸੂਰਜ ਦੀ ਧੁੱਪ ਤਿੱਖੀ ਹੋਣ ਤੋਂ ਪਹਿਲਾਂ ਪਹਿਲਾਂ ਵਹਾਈ ਦਾ ਕੰਮ ਮੁਕਾ ਲੈਂਦੇ। ਬਲਦਾਂ ਦੀ ਜੋੜੀ ਨਾਲ ਇਕ ਏਕੜ ਦੀ ਵਹਾਈ ਤੇ ਸਿੰਜਾਈ ਹੋ ਜਾਂਦੀ ਸੀ ਬਸ਼ਰਤੇ ਕਿਸਾਨ ਕੋਲ ਚੰਗਾ ਖੂਹ ਦਾ ਹਲਟ ਹੁੰਦਾ, ਨਹੀਂ ਤੇ ਸਿਆੜਾਂ ਵਿਚ ਬੀਜ ਸੁੱਟ ਕੇ ਟੇਕ ਬੱਦਲਾਂ 'ਤੇ ਰੱਖਣੀ ਪੈਂਦੀ ਸੀ। ਜ਼ਿਕਰਯੋਗ ਹੈ ਕਿ ਖੇਤੀਬਾੜੀ ਪੁਰਾਣੇ ਜੈਵਿਕ ਢੰਗ ਨਾਲ ਕੀਤੀ ਜਾਂਦੀ ਸੀ ਜਿਸ ਵਿਚ ਰਸਾਇਣਕ ਖਾਦਾਂ, ਕੀਟ ਤੇ ਨਦੀਨ ਨਾਸ਼ਕਾਂ ਤੇ ਆਧੁਨਿਕ ਖੇਤੀ ਦੇ ਢਮਢਮੇ ਦਾ ਕੋਈ ਨਾਂ ਨਿਸ਼ਾਨ ਵੀ ਨਹੀਂ ਸੀ। ਵਹਾਈ ਦੇ ਨਾਲ ਨਾਲ ਰੋਜ਼ਾਨਾ ਚਾਰਾ ਵੱਢਣਾ ਪੈਂਦਾ ਸੀ, ਪਸ਼ੂਆਂ ਨੂੰ ਚਰਾਉਣ ਲਿਜਾਣਾ ਤੇ ਘਰ ਲਈ ਪਾਣੀ ਵੀ ਢੋਹਣਾ ਪੈਂਦਾ ਸੀ। ਜ਼ਿੰਦਗੀ ਸਖ਼ਤ ਪਰ ਸਾਦੀ ਹੁੰਦੀ ਸੀ ਤੇ ਖ਼ੁਸ਼ੀਆਂ ਗ਼ਮੀਆਂ ਵੀ ਸਾਦੀਆਂ ਹੁੰਦੀਆਂ ਸਨ ਅਤੇ ਸਾਰੇ ਇਨ੍ਹਾਂ ਵਿਚ ਸ਼ਰੀਕ ਹੁੰਦੇ ਸਨ। ਰੁਪਈਆ ਪੈਸਾ ਕਿਸੇ ਕਿਸੇ ਕੋਲ ਹੀ ਹੁੰਦਾ ਸੀ ਤੇ ਖਪਤਵਾਦ ਬਾਰੇ ਕੋਈ ਜਾਣਦਾ ਵੀ ਨਹੀਂ ਸੀ। ਨਿੱਤ ਦੀਆਂ ਲੋੜਾਂ ਤੇ ਖ਼ਾਹਿਸ਼ਾਂ ਪੂਰੀਆਂ ਕਰਨ ਲਈ ਵੱਟਾ ਪ੍ਰਣਾਲੀ ਚਲਦੀ ਸੀ। ਪਰ ਇਸ ਸਭ ਕੁਝ ਦੀ ਉਥਲ ਪੁਥਲ ਕਰਨ ਲਈ ਵਕਤ, ਵਿਗਿਆਨ ਤੇ ਲਾਲਚ ਵਿਉਂਤਾਂ ਘੜ ਰਹੇ ਸਨ।

ਉਸ ਵੇਲੇ ਭਾਰਤ ਕੋਲ ਅਨਾਜ ਦੀ ਘਾਟ ਸੀ ਤੇ ਇਸ ਲਈ ਉਹ ਅਨਾਜ ਦਰਾਮਦ ਕਰਦਾ ਸੀ। ਕਿਸੇ ਗ਼ਰੀਬ ਮੁਲਕ ਨੂੰ ਅਨਾਜ ਦੀ ਦਰਾਮਦ ਵਾਰਾ ਨਹੀਂ ਖਾਂਦੀ ਸੀ। ਕੇਂਦਰ ਤੇ ਰਾਜ ਦੀਆਂ ਸਰਕਾਰਾਂ ਨੇ ਇਸ ਘਾਟੇ ਦੀ ਭਰਪਾਈ ਲਈ ਤਬਦੀਲੀ ਲਿਆਂਦੀ। ਨਵੀਂ ਤਕਨੀਕ ਪੰਜਾਬ ਅਤੇ ਹਰਿਆਣੇ ਵਿਚ ਜ਼ੋਰ ਸ਼ੋਰ ਨਾਲ ਹਰੇ ਇਨਕਲਾਬ ਦੇ ਰੂਪ ਵਿਚ ਆਈ। ਆਧੁਨਿਕ ਖੇਤੀ ਜਿਸ ਨਾਲ ਨਵੇਂ ਬੀਜ, ਖਾਦਾਂ ਤੇ ਕੀਟਨਾਸ਼ਕ ਆਏ, ਟਿਊਬਵੈੱਲ ਲੱਗੇ ਅਤੇ ਨਹਿਰੀ ਪ੍ਰਬੰਧਾਂ ਵਿਚ ਸੁਧਾਰ ਕੀਤਾ ਗਿਆ, ਦੀ ਸ਼ੁਰੂਆਤ ਹੋ ਗਈ। ਇਸ ਖਿੱਤੇ ਦੇ ਕਾਬੂ ਤੇ ਮਿਹਨਤੀ ਕਿਸਾਨ ਨੇ ਇਸ ਵੰਗਾਰ ਨੂੰ ਕਬੂਲ ਕੀਤਾ ਅਤੇ ਤਤਕਾਲੀ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦੇ ਨਾਅਰੇ 'ਜੈ ਜਵਾਨ, ਜੈ ਕਿਸਾਨ' ਦਾ ਭਰਵਾਂ ਹੁੰਗਾਰਾ ਭਰਿਆ। ਸਿੱਟੇ ਵਜੋਂ ਕਣਕ ਤੇ ਝੋਨੇ ਦੀ ਪੈਦਾਵਾਰ ਵਿਚ ਵਾਧਾ ਹੋਇਆ। ਖੇਤੀ ਜਿਣਸਾਂ ਦੇ ਘੱਟੋਘੱਟ ਸਮਰਥਨ ਮੁੱਲ ਦੀ ਭਾਰਤ ਸਰਕਾਰ ਨੇ ਜ਼ਾਮਨੀ ਦਿੱਤੀ ਤੇ ਇਸ ਨਾਲ ਇਕ ਪਾਸੇ ਕਿਸਾਨਾਂ ਦੀਆਂ ਜੇਬ੍ਹਾਂ ਵਿਚ ਪੈਸਾ ਆਉਣ ਲੱਗਿਆ ਤੇ ਦੂਜੇ ਪਾਸੇ ਖਾਦਾਂ, ਕੀਟ ਤੇ ਨਦੀਨ ਨਾਸ਼ਕਾਂ, ਬਿਜਲੀ, ਪਾਣੀ, ਡੀਜ਼ਲ ਤੇ ਨਵੀਂ ਮਸ਼ੀਨਰੀ 'ਤੇ ਖ਼ਰਚਿਆਂ ਦੇ ਰੂਪ ਵਿਚ ਨਿਕਲਣ ਲੱਗਿਆ। ਕਿਸਾਨ ਹਿਸਾਬ ਕਿਤਾਬ ਦਾ ਆਦੀ ਨਹੀਂ ਸੀ ਤੇ ਆੜ੍ਹਤੀਆ ਉਸ ਦਾ ਸ਼ਾਹੂਕਾਰ ਤੇ ਏਟੀਐਮ (ਓਠੰ) ਬਣ ਗਿਆ। ਵਿਆਹ ਤੋਂ ਲੈ ਕੇ ਖੇਤੀ ਸਮੱਗਰੀ ਤਕ ਹਰੇਕ ਖ਼ਰਚੇ ਲਈ ਆੜ੍ਹਤੀਆ ਉਸ ਨੂੰ ਪੈਸੇ ਦਿੰਦਾ ਸੀ ਤੇ ਫ਼ਸਲ ਆਉਣ 'ਤੇ ਕਿਸਾਨ ਚੁਕਤਾ ਕਰ ਦਿੰਦਾ ਸੀ। ਭਾਵੇਂ ਇਸ ਸਿਸਟਮ ਵਿਚ ਕਦੇ ਕਦਾਈਂ ਐਬ ਨਜ਼ਰ ਆਉਂਦੇ ਸਨ, ਪਰ ਤਾਂ ਵੀ ਇਹ ਕੰਮ ਤਾਂ ਕਰਨਾ ਸੀ। ਜ਼ਿੰਦਗੀ ਦੀ ਸਭ ਤੋਂ ਵੱਡੀ ਸਿਤਮਜ਼ਰੀਫ਼ੀ ਇਹ ਹੈ ਕਿ ਕਿਸਾਨ ਇਕੋ ਇਕ ਉਤਪਾਦਕ ਹੈ ਜੋ ਆਪਣੀ ਉਪਜ ਦਾ ਮੁੱਲ ਤੈਅ ਨਹੀਂ ਕਰਦਾ, ਇਹ ਕੰਮ ਸਰਕਾਰ ਕਰਦੀ ਹੈ ਤੇ ਉਸ ਦੀਆਂ ਏਜੰਸੀਆਂ ਉਪਜ ਖ਼ਰੀਦਦੀਆਂ ਹਨ। ਹਾਲਾਂਕਿ ਘੱਟੋਘੱਟ ਸਮਰਥਨ ਮੁੱਲ ਤੈਅ ਕੀਤਾ ਜਾਂਦਾ ਹੈ, ਪਰ ਖ਼ਰੀਦ ਏਜੰਸੀਆਂ ਉਪਜ ਦੀ ਗੁਣਵੱਤਾ ਨੂੰ ਲੈ ਕੇ ਤਰ੍ਹਾਂ ਤਰ੍ਹਾਂ ਦੇ ਨਖ਼ਰੇ ਦਿਖਾਉਂਦੀਆਂ ਹਨ।

ਖੇਤਾਂ ਵਿਚ ਵਰਤਣ ਵਾਲੀ ਸਮੱਗਰੀ (ਨਿਪੁਟਸ) ਦੇ ਖ਼ਰਚੇ ਵਧਣ, ਬਹੁਤੇ ਕੇਸਾਂ ਵਿਚ ਘੱਟੋਘੱਟ ਸਮਰਥਨ ਮੁੱਲ ਨਾ ਮਿਲਣ, ਖੇਤੀ ਜੋਤਾਂ ਘਟਣ ਤੇ ਸਮਾਜਿਕ ਮਾਹੌਲ ਵਿਚ ਤਬਦੀਲੀ ਆਉਣ ਕਾਰਨ ਕਰਜ਼ੇ ਦਾ ਜਾਲ ਤਿਆਰ ਹੋ ਗਿਆ। ਕਿਸਾਨ ਭਾਈਚਾਰਾ ਪੁਰਾਣੇ ਸਮਿਆਂ ਵਿਚ ਵੱਟਾ ਪ੍ਰਣਾਲੀ ਦੀ ਵਰਤੋਂ ਕਰਦਾ ਰਿਹਾ ਹੈ, ਪਰ ਉਸ ਨੂੰ ਨਕਦ ਨਾਵੇਂ ਵਾਲੇ ਅਰਥਚਾਰੇ ਨਾਲ ਨੱਥੀ ਕਰ ਦਿੱਤਾ ਤੇ ਜ਼ਿਆਦਾ ਪੈਸੇ ਦਾ ਇਕ ਭਰਮਜਾਲ ਬਣਾ ਦਿੱਤਾ ਗਿਆ ਹਾਲਾਂਕਿ ਇਹ ਪੈਸਾ ਕਿਸਾਨ ਦੇ ਹੱਥੋਂ ਸ਼ਾਹੂਕਾਰਾਂ ਤੇ ਸਪਲਾਇਰਾਂ ਕੋਲ ਚਲਿਆ ਜਾਂਦਾ ਹੈ। ਇਸ ਤੋਂ ਇਲਾਵਾ ਕਿਸਾਨ ਭਾਈਚਾਰੇ ਨੂੰ ਖਪਤਵਾਦੀ ਜੀਵਨ ਸ਼ੈਲੀ ਦੇ ਸਮਾਜਿਕ ਦਬਾਓ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਖੇਤੀ ਜੋਤਾਂ ਘਟਣ ਅਤੇ ਜ਼ਿਆਦਾ ਝਾੜ ਦੇ ਚੱਕਰ ਵਿਚ ਜ਼ਮੀਨ ਦੀ ਜ਼ਰਖੇਜ਼ਤਾ ਘਟਣ ਤੇ ਖ਼ਰਚੇ ਵਧਣ (ਫ਼ਸਲੀ ਚੱਕਰ



ਕਾਰਨ ਜ਼ਮੀਨ ਵਿਚ ਪੋਸ਼ਕ ਤੱਤਾਂ ਦੀ ਘਾਟ ਤੇ ਰਸਾਇਣਕ ਖਾਦਾਂ ਤੇ ਕੀਟ ਤੇ ਨਦੀਨ ਨਾਸ਼ਕਾਂ ਦੀ ਵਧੇਰੇ ਵਰਤੋਂ) ਨਾਲ ਹਾਲਾਤ ਬਦ ਤੋਂ ਬਦਤਰ ਹੋਣ ਲੱਗ ਪਏ। ਜਿਸ ਹਿਸਾਬ ਨਾਲ ਖ਼ਰਚੇ ਵਧੇ, ਉਸ ਹਿਸਾਬ ਨਾਲ ਕਿਸੇ ਇਕ ਵੀ ਫ਼ਸਲ ਦੇ ਘੱਟੋਘੱਟ ਸਮਰਥਨ ਮੁੱਲ ਵਿਚ ਵਾਧਾ ਨਹੀਂ ਕੀਤਾ ਗਿਆ।

ਇਨ੍ਹਾਂ ਕਾਰਨਾਂ ਕਰਕੇ ਪਿੰਡ ਦੀ ਸਾਦ-ਮੁਰਾਦੀ ਜ਼ਿੰਦਗੀ ਖੰਭ ਲਾ ਕੇ ਉੱਡ ਗਈ ਤੇ ਪੰਚਾਇਤ ਪ੍ਰਣਾਲੀ ਨੇ ਧੜੇਬੰਦੀਆਂ ਪੈਦਾ ਕਰ ਦਿੱਤੀਆਂ। ਮੈਂ ਸ਼ੁਰੂ ਵਿਚ ਸੱਠਵਿਆਂ ਦੇ ਦਹਾਕੇ ਦੀ ਗੱਲ ਕੀਤੀ ਸੀ ਤੇ ਹਾਲਾਂਕਿ ਉਦੋਂ ਕਿਸੇ ਕੋਲ ਵੀ ਬਹੁਤਾ ਪੈਸਾ ਨਹੀਂ ਹੁੰਦਾ ਸੀ, ਪਰ ਕਿਸੇ ਕਿਸਾਨ ਦੀ ਖ਼ੁਦਕੁਸ਼ੀ ਦਾ ਇਕ ਵੀ ਕੇਸ ਸੁਣਨ ਨੂੰ ਨਹੀਂ ਮਿਲਦਾ ਸੀ, ਪਰ ਹੁਣ ਹਜ਼ਾਰਾਂ ਦੀ ਤਾਦਾਦ ਵਿਚ ਖ਼ੁਦਕੁਸ਼ੀਆਂ ਹੋ ਰਹੀਆਂ ਹਨ। ਇਹ ਖ਼ੁਦਕੁਸ਼ੀਆਂ ਕਰਜ਼ਿਆਂ, ਜੀਵਨ ਸ਼ੈਲੀ ਅਤੇ ਸਮਾਜਿਕ ਤਾਣੇ ਬਾਣੇ ਟੁੱਟਣ ਦਾ ਸਿੱਟਾ ਹਨ। ਕੀ ਲੱਖ-ਦੋ ਲੱਖ ਰੁਪਏ ਦੇ ਮੁਆਵਜ਼ੇ ਨਾਲ ਕਿਸੇ ਕੰਮਕਾਜੀ ਕਿਸਾਨ ਤੇ ਉਸ ਦੇ ਪਰਿਵਾਰਕ ਜੀਅ ਦੀ ਭਰਪਾਈ ਹੋ ਸਕਦੀ ਹੈ? ਉਸ ਦੀ ਥਾਂ ਉਸ ਦੇ ਖੇਤ ਵਿਚ ਕੰਮ ਕੌਣ ਕਰੇਗਾ (ਜੇ ਉਸ ਦੇ ਕਰਜ਼ੇ ਦੀ ਅਦਾਇਗੀ ਤੋਂ ਬਾਅਦ ਕੁਝ ਬਚ ਹੋਵੇ ਤਾਂ), ਉਸ ਦੇ ਬੱਚਿਆਂ ਦਾ ਪਾਲਣ ਪੋਸ਼ਣ ਕੌਣ ਕਰੇਗਾ ਤੇ ਉਨ੍ਹਾਂ ਦੀ ਪੜ੍ਹਾਈ ਦਾ ਕੀ ਬਣੇਗਾ ਤੇ ਮੈਡੀਕਲ ਇਮਦਾਦ ਕੌਣ ਦੇਵੇਗਾ? ਅਜੇ ਕੁਝ ਦੇਰ ਪਹਿਲਾਂ ਤਕ 'ਕੈਂਸਰ ਸਪੈਸ਼ਲ' ਰੇਲਗੱਡੀ ਚੱਲ ਰਹੀ ਸੀ ਅਤੇ ਸਭ ਤੋਂ ਜ਼ਿਆਦਾ ਸ਼ਰਮ ਵਾਲੀ ਗੱਲ ਇਹ ਹੈ ਕਿ ਐਂਬੂਲੈਂਸਾਂ 'ਤੇ ਇਕ ਸਿਆਸੀ ਚੌਧਰੀ ਦੀਆਂ ਤਸਵੀਰਾਂ ਲਾਈਆਂ ਜਾਂਦੀਆਂ ਰਹੀਆਂ ਹਨ। ਸਰਕਾਰ ਭਾਵੇਂ ਕਿਸੇ ਵੀ ਰੰਗ ਦੀ ਹੋਵੇ, ਸਭ ਨੇ ਝੂਠੇ ਵਾਅਦੇ ਕੀਤੇ ਹਨ। 1979 ਵਿਚ ਮੈਂ ਇਕ ਮੁੱਖ ਮੰਤਰੀ ਨੂੰ ਕਿਸਾਨਾਂ ਨੂੰ ਇਹ ਕਹਿੰਦਿਆਂ ਸੁਣਿਆ ਸੀ ਕਿ ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ ਵਿਸ਼ੇਸ਼ ਉਡਾਣਾਂ ਸਬਜ਼ੀਆਂ ਮੱਧ ਪੂਰਬ ਤੇ ਹੋਰ ਖਾੜੀ ਮੁਲਕਾਂ ਵਿਚ ਲਿਜਾਇਆ ਕਰਨਗੀਆਂ, ਜਿਸ ਨਾਲ ਹਜ਼ਾਰਾਂ ਕਰੋੜ ਰੁਪਏ ਪੰਜਾਬ ਆਉਣਗੇ। ਇਹ ਸਭ ਕੁਝ ਸ਼ੇਖਚਿੱਲੀ ਦੇ ਸੁਪਨੇ ਸਾਬਿਤ ਹੋ ਕੇ ਰਹਿ ਗਏ।

ਪੰਜਾਬ ਨੂੰ ਸਰਹੱਦੀ ਰਾਜ ਗਿਣਿਆ ਜਾਂਦਾ ਰਿਹਾ ਤੇ ਭਾਰਤ ਸਰਕਾਰ ਨੇ ਇੱਥੇ ਸਨਅਤੀਕਰਨ ਨੂੰ ਹੱਲਾਸ਼ੇਰੀ ਨਹੀਂ ਦਿੱਤੀ। ਸਿੱਟਾ ਇਹ ਨਿਕਲਿਆ ਕਿ ਛੋਟੀਆਂ ਸਨਅਤਾਂ ਕਿਸਾਨ ਦੇ ਸਾਵੇਂ ਵਿਕਾਸ ਵਿਚ ਉਸ ਕਦਰ ਭੂਮਿਕਾ ਨਾ ਨਿਭਾ ਸਕੀਆਂ ਜਿਵੇਂ ਇਨ੍ਹਾਂ ਨੂੰ ਨਿਭਾਉਣੀ ਚਾਹੀਦੀ ਸੀ। ਖ਼ੁਰਾਕ ਸੁਰੱਖਿਆ ਹਾਸਲ ਕਰ ਲੈਣ ਤੋਂ ਬਾਅਦ ਭਾਰਤ ਸਰਕਾਰ ਦੀ ਰੁਚੀ ਘਟ ਗਈ ਅਤੇ ਵਿਕਾਸ ਦਾ ਅਗਲਾ ਪੜਾਅ ਜੋ ਖੇਤੀ ਸਨਅਤਾਂ ਨੂੰ ਹੱਲਾਸ਼ੇਰੀ ਦੇਣ ਤੇ ਲਾਉਣ ਦੇ ਰੂਪ ਵਿਚ ਆਉਣਾ ਚਾਹੀਦਾ ਸੀ, ਉਸ ਨੂੰ ਆਮ ਤੌਰ 'ਤੇ ਦਰਕਿਨਾਰ ਕੀਤਾ ਜਾਂਦਾ ਰਿਹਾ। ਇਸ ਦੇ ਜਵਾਬ ਵਜੋਂ ਖ਼ਾਸਕਰ ਦੱਖਣੀ ਸੂਬਿਆਂ ਤੇ ਪੰਜਾਬ ਦੇ ਲੋਕਾਂ ਨੇ ਵਿਦੇਸ਼ਾਂ- ਸੰਯੁਕਤ ਅਰਬ ਅਮੀਰਾਤ, ਮੱਧ ਪੂਰਬ, ਬਰਤਾਨੀਆ, ਕੈਨੇਡਾ, ਆਸਟਰੇਲੀਆ, ਅਮਰੀਕਾ ਆਦਿ ਦੇਸ਼ਾਂ ਵੱਲ ਰੁਖ਼ ਕਰ ਲਿਆ ਤੇ ਲੱਖਾਂ ਦੀ ਤਾਦਾਦ ਵਿਚ ਨੌਜਵਾਨ ਮੁੰਡੇ ਕੁੜੀਆਂ ਪਰਵਾਸ ਕਰ ਗਏ। ਸਾਡੀ ਕਿਰਤ ਸ਼ਕਤੀ ਸਾਡੀ ਸਭ ਤੋਂ ਵੱਡੀ ਦੌਲਤ ਅਤੇ ਕੁਦਰਤੀ ਵਸੀਲਾ ਹੈ। ਅਸੀਂ ਇਹ ਗੁਆ ਲਿਆ ਤੇ ਦੂਜੇ ਮੁਲਕਾਂ ਨੇ ਇਸ ਦਾ ਲਾਭ ਲੈਂਦਿਆਂ ਸਸਤੇ ਭਾਅ 'ਤੇ ਚੰਗੀ ਕਿਰਤ ਸ਼ਕਤੀ ਹਾਸਲ ਕਰ ਲਈ। ਪੰਜਾਬ ਵਿਚ ਲੱਖਾਂ ਲੋਕ ਉਡੀਕ ਵਿਚ ਬੈਠੇ ਹਨ ਕਿ ਕਦੋਂ ਕੋਵਿਡ ਮਹਾਮਾਰੀ ਖ਼ਤਮ ਹੋਵੇ ਤੇ ਉਹ ਪੱਛਮ ਵੱਲ ਉਡਾਰੀ ਮਾਰ ਸਕਣ। ਹੁਣ ਤਾਂ ਛੋਟੇ ਸ਼ਹਿਰਾਂ ਦੇ ਵਪਾਰੀ ਵੀ ਆਪਣੇ ਕਾਰੋਬਾਰ ਵੇਚ ਵੱਟ ਕੇ ਜਾ ਰਹੇ ਹਨ ਕਿਉਂਕਿ ਉਨ੍ਹਾਂ ਦੀਆਂ ਕਮਾਈਆਂ ਵੀ ਕਿਸਾਨੀ 'ਤੇ ਹੀ ਮੁਨੱਸਰ ਸਨ। ਖਾਂਦੇ ਪੀਂਦੇ ਤਬਕੇ ਵੀ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ ਤੇ ਆਪਣੇ ਬੱਚਿਆਂ ਨੂੰ ਸਕੂਲੀ ਪੜ੍ਹਾਈ ਲਈ ਵਿਦੇਸ਼ ਭੇਜ ਰਹੇ ਹਨ, ਹਾਲਾਂਕਿ ਪਹਿਲਾਂ ਉਹ ਚੌਦਾਂ ਜਮਾਤਾਂ ਪਾਸ ਕਰਨ (ਗ੍ਰੈਜੂਏਸ਼ਨ) ਤੋਂ ਬਾਅਦ ਜਾਂਦੇ ਸਨ।

ਪਿਛਲੇ ਕੁਝ ਸਾਲਾਂ ਨੇ ਦਰਮਿਆਨੀਆਂ ਤੇ ਛੋਟੀਆਂ ਸਨਅਤੀ ਇਕਾਈਆਂ, ਕਰਿਆਨਾ ਦੁਕਾਨਦਾਰਾਂ ਤੇ ਮਜ਼ਦੂਰਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਨੋਟਬੰਦੀ, ਜੀਐੱਸਟੀ ਲਾਗੂ ਕਰਨ ਦੇ ਗ਼ਲਤ ਢੰਗ, ਲੌਕਡਾਊਨ (ਜਿਸ ਨੇ ਮਜ਼ਦੂਰਾਂ ਨੂੰ ਪਰਵਾਸੀ ਬਣਾ ਦਿੱਤਾ), ਵਧ ਰਹੀ ਬੇਰੁਜ਼ਗਾਰੀ ਤੇ ਘਟ ਰਹੀ ਪੈਦਾਵਾਰ ਦੇ ਰੂਪ ਵਿਚ ਅਰਥਚਾਰੇ ਨੂੰ ਇਕ ਤੋਂ ਬਾਅਦ ਇਕ ਝਟਕੇ ਲੱਗੇ ਹਨ। ਅਰਥਚਾਰੇ ਦਾ ਨਿਘਾਰ ਰੁਕਣ ਦਾ ਨਾਂ ਨਹੀਂ ਲੈ ਰਿਹਾ, ਪਰ ਅਸੀ ਸੱਭਿਆਚਾਰਕ ਸਰਗਰਮੀਆਂ ਤੇ ਸਿਖਿਅਕ ਤਜਰਬੇ ਕਰਨ ਵਿਚ ਲੱਗੇ ਹੋਏ ਹਾਂ।

ਦਿਹਾਤੀ ਤਬਕਾ ਸਾਡੇ ਦੇਸ ਦਾ ਆਖ਼ਰੀ ਗੜ੍ਹ ਹੈ। ਖੇਤੀ ਸੁਧਾਰਾਂ ਦੇ ਐਲਾਨ ਦੇ ਰੂਪ ਵਿਚ ਇਸ ਤਬਕੇ ਲਈ ਮੌਤ ਦੇ ਫ਼ਰਮਾਨ ਜਾਰੀ ਕਰ ਦਿੱਤੇ ਗਏ ਹਨ। ਬਾਕੀ ਮੁੱਦੇ ਛੱਡ ਵੀ ਦੇਈਏ, ਪਰ ਜਿੰਨੀ ਦੇਰ ਕੋਈ ਪਾਏਦਾਰ ਬਦਲ ਨਹੀਂ ਲੱਭ ਲਿਆ ਜਾਂਦਾ ਓਨੀ ਦੇਰ ਘੱਟੋਘੱਟ ਸਮਰਥਨ ਮੁੱਲ ਜਾਰੀ ਕਿਉਂ ਨਾ ਰੱਖਿਆ ਜਾਵੇ? ਐਫਸੀਆਈ ਪਹਿਲਾਂ ਵਾਂਗ ਖ਼ਰੀਦ ਕਿਉਂ ਨਹੀਂ ਕਰ ਸਕਦੀ? ਧਨਕੁਬੇਰਾਂ ਨੂੰ ਕਿਸਾਨਾਂ ਦਾ ਸ਼ਿਕਾਰ ਕਿਉਂ ਕਰਨ ਦਿੱਤਾ ਜਾਵੇ?

ਕੀ ਇਹ ਸੁਧਾਰ ਕਰਨ ਲਈ ਕਿਸਾਨਾਂ ਦੀ ਕੋਈ ਮੰਗ ਸੀ ਤੇ ਕੀ ਕਦੇ ਉਨ੍ਹਾਂ ਇਨ੍ਹਾਂ ਵਾਸਤੇ ਕਦੇ ਅੰਦੋਲਨ ਚਲਾਇਆ ਸੀ? ਕੀ ਕਿਸੇ ਰਾਜ ਸਰਕਾਰ ਨੇ ਇਨ੍ਹਾਂ ਸੁਧਾਰਾਂ ਦੀ ਕੋਈ ਮੰਗ ਕੀਤੀ ਹੈ?

ਕੇਂਦਰ ਸਰਕਾਰ ਨੇ ਆਪਣੇ ਆਪ ਹੀ ਇਹ ਕਿਵੇਂ ਤੈਅ ਕਰ ਲਿਆ ਕਿ ਇਸ ਨਾਲ ਕਿਸਾਨਾਂ ਦਾ ਫਾਇਦਾ ਹੋਵੇਗਾ? ਹੁਣ ਉਹ ਕਹਿ ਰਹੇ ਹਨ ਕਿ ਘੱਟੋਘੱਟ ਸਮਰਥਨ ਮੁੱਲ ਜਾਰੀ ਰਹੇਗਾ, ਜੇ ਇਸ ਤਰ੍ਹਾਂ ਹੈ ਤਾਂ ਕਿਉਂ ਨਹੀਂ ਇਸ ਨੂੰ ਕਾਨੂੰਨ ਦਾ ਹਿੱਸਾ ਬਣਾ ਦਿੱਤਾ ਜਾਂਦਾ? ਤੁਹਾਡੇ ਮਨ ਦੀ ਮੈਲ ਹੁਣ ਖੁੱਲ੍ਹ ਕੇ ਬਾਹਰ ਆ ਗਈ ਹੈ ਕਿਉਂਕਿ ਤੁਸੀਂ ਵਾਅਦੇ ਤੋੜਨ ਦਾ ਰਿਕਾਰਡ ਕਾਇਮ ਕਰ ਦਿੱਤਾ ਹੈ। ਕਿਸਾਨਾਂ ਨੂੰ ਧਨਕੁਬੇਰਾਂ ਦੇ ਰਹਿਮੋ ਕਰਮ 'ਤੇ ਕਿਉਂ ਛੱਡਿਆ ਜਾਵੇ ਜੋ ਉਨ੍ਹਾਂ ਦੀਆਂ ਜ਼ਮੀਨਾਂ ਨਿਗਲ ਕੇ ਡਕਾਰ ਵੀ ਨਹੀਂ ਮਾਰਨਗੇ। ਦੋ ਤੋਂ ਪੰਜ ਏਕੜ ਦੀ ਮਾਲਕੀ ਵਾਲੇ ਕਿਸਾਨ ਅਰਬਾਂਪਤੀਆਂ ਦਾ ਮੁਕਾਬਲਾ ਕਿਵੇਂ ਕਰਨਗੇ? ਉਹ ਇਹ ਨਹੀਂ ਕਰ ਪਾਉਣਗੇ, ਪਰ ਉਹ ਆਪਣੀਆਂ ਜ਼ਮੀਨਾਂ ਦੀ ਰਾਖੀ ਕਰਨਾ ਚੰਗੀ ਤਰ੍ਹਾਂ ਜਾਣਦੇ ਹਨ ਕਿਉਂਕਿ ਇਹ ਜ਼ਮੀਨ ਹੀ ਉਨ੍ਹਾਂ ਦੇ ਸਿਰ ਦੀ ਪੱਗ ਹੈ, ਉਨ੍ਹਾਂ ਦਾ ਮਾਣ ਹੈ; ਉਹ ਸਾਰੇ ਇਕੱਠਿਆਂ ਖ਼ੁਦਕੁਸ਼ੀਆਂ ਨਹੀਂ ਕਰਨਗੇ। ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਉਹ ਮੈਦਵੀਂ ਲੜਾਈ ਲੜਨਗੇ। ਕੱਲ੍ਹ ਤਕ 'ਅੰਨਦਾਤਾ' ਰਿਹਾ ਕਿਸਾਨ ਜਿਸ ਨੇ ਇਸ ਜ਼ਮੀਨ ਨੂੰ ਸਾਡੇ ਦੇਸ਼ ਦਾ ਅੰਨ ਭੰਡਾਰ ਬਣਾ ਕੇ ਉਸ ਨਮੋਸ਼ੀ ਦੀ ਹਾਲਤ 'ਚੋਂ ਬਾਹਰ ਕੱਢਿਆ ਸੀ, ਹੱਥ ਵਿਚ ਠੂਠਾ ਫੜ ਕੇ ਮੰਗਣ ਵਾਲਾ ਬੰਦਾ ਨਹੀਂ।

ਜਦੋਂ ਕਦੇ ਮੈਂ ਬੀਤੇ ਸਮਿਆਂ ਬਾਰੇ ਸੋਚਦਾਂ ਹਾਂ ਤਾਂ ਮੇਰੇ ਮਨ ਵਿਚ ਇਹ ਉਮੀਦ ਜਾਗਦੀ ਹੈ ਇਹ ਕਿਸਾਨੀ ਦੇ ਅੰਤਲੇ ਗੀਤ ਦੀ ਘੜੀ ਨਹੀਂ ਬਣੇਗੀ। ਆਖ਼ਰ 'ਚ ਮੈਂ ਆਇਰਲੈਂਡ ਦੇ ਕਵੀ ਓਲੀਵਰ ਗੋਲਡਸਮਿਥ ਦੀ ਕਵਿਤਾ ਦੀਆਂ ਸਤਰਾਂ ਦੁਹਰਾਅ ਰਿਹਾ ਹਾਂ:

ਪਿੰਡ 'ਤੇ ਆਫ਼ਤ ਆ ਰਹੀ ਏ
ਇਸ ਧਰਤ ਨੂੰ ਤੇਜ਼ੀ ਨਾਲ ਗਰਕ ਹੋਣ ਵੱਲ ਧੱਕਦੀ ਹੋਈ
ਵਧਦੇ ਫੁੱਲਦੇ ਧਨ ਦੇ ਧੰਦੇ ਨੇ
ਜੀਆ-ਜੰਤ ਨੂੰ ਨਿਗਲ ਲੈਣੈ
ਹੋ ਸਕਦੈ ਰਾਜੇ ਰਾਣੇ ਬਿਨਸਣ,
ਵਧਣ ਫੁੱਲਣ ਜਾਂ ਗਰਕ ਹੋ ਜਾਣ
ਉਨ੍ਹਾਂ ਇਕ ਫੂਕ ਨਾਲ ਉਡ ਜਾਣੈ
ਉਹ ਇਕ ਫੂਕ ਨਾਲ ਬਣੇ ਨੇ;
ਪਰ ਸੁਰਮਗਤੀ ਵਾਲੀ ਕਿਸਾਨੀ ਜੋ ਮਾਣ ਮੁਲਕ ਦਾ
ਜੇ ਇਕ ਵਾਰ ਤਬਾਹ ਹੋ ਗਈ
ਤਾਂ ਫਿਰ ਕਦੇ ਵੀ ਨਹੀਂ ਉਠ ਸਕਣੀ।

# ਯਾਰੋ ਆਪਾਂ ਹੁਣ ਅਮੀਰਾਂ ਵਰਗੇ, ਕਰਦੇ ਮੁਲਕ ਮਹਾਨ ਜੀ



ਐਸ ਪੀ ਸਿੰਘ

ਡੋਨਲਡ ਟਰੰਪ ਨੂੰ ਰਾਸ਼ਟਰਪਤੀ ਦੀ ਚੋਣ ਜਿੱਤਿਆਂ ਹਾਲੇ ਤਿੰਨ ਦਿਨ ਹੀ ਹੋਏ ਸਨ ਜਦੋਂ ਇੱਕ ਯੂਨੀਵਰਸਿਟੀ ਪ੍ਰੋਫੈਸਰ ਨੇ ਫਿਲਾਸਫਰ ਰਿਚਰਡ ਰੌਰਟੀ (Richard Rorty) ਦੀ ਕਿਤਾਬ 'ਚੋਂ ਇਕ ਪੰਨੇ 'ਤੇ ਛਪੇ ਤਿੰਨ ਪੈਰਿਆਂ ਦੀ ਫੋਟੋ ਖਿੱਚ ਕੇ ਟਵੀਟ ਕਰ ਦਿੱਤੀ। 1998 'ਚ ਪ੍ਰਕਾਸ਼ਿਤ ਕਿਤਾਬ, Achieving Our Country, ਵਿੱਚ ਰੌਰਟੀ ਨੇ ਲਿਖਿਆ ਸੀ ਕਿ ਜਿਵੇਂ ਮੁਲਕ ਚੱਲ ਰਿਹਾ ਹੈ, ਵਕਤ ਆਵੇਗਾ ਜਦੋਂ ਮਿਹਨਤਕਸ਼ ਕਾਮੇ ਆਪਣੇ ਆਪ ਨੂੰ ਲਿਬਰਲ, ਅਗਾਂਹਵਧੂ ਕਹਾਉਂਦੀਆਂ ਸਰਕਾਰਾਂ ਦੀ ਉਸ ਕਾਰਗੁਜ਼ਾਰੀ ਤੋਂ ਤੰਗ ਆ ਜਾਣਗੇ ਜਿਸ ਕਰਕੇ ਉਨ੍ਹਾਂ ਕੋਲੋਂ ਨੌਕਰੀਆਂ ਖੁੱਸ ਗਈਆਂ। ਲੋਕ ਮੁਲਕੀ ਤਰੱਕੀ ਬਾਰੇ ਗੱਲ ਸੁਣਨੀ ਬੰਦ ਕਰ ਦੇਣਗੇ। ਇਕ ਮੁਕਾਮ 'ਤੇ ਆ ਕੇ ਵੋਟਰ ਕਿਸੇ ਐਸੇ ਮਜ਼ਬੂਤ ਨੇਤਾ ਦੀ ਭਾਲ ਕਰਨੀ ਸ਼ੁਰੂ ਕਰ ਦੇਣਗੇ ਜਿਹੜਾ ਇਹ ਦਾਅਵਾ ਕਰੇ ਕਿ ਮੁਲਕ ਦੇ ਪਿਛਲੇ ਸਾਰੇ ਇਤਿਹਾਸ ਵਿਚ ਕੁਝ ਚੰਗਾ ਨਹੀਂ ਵਾਪਰਿਆ, ਅਫ਼ਸਰਸ਼ਾਹੀ ਨੂੰ ਨੱਥ ਪਾਉਣ ਵਾਲੀ ਹੈ, ਪੜ੍ਹਿਆਂ-ਲਿਖਿਆਂ ਨੇ ਲੋਕਾਂ ਨੂੰ ਬੇਵਕੂਫ਼ ਬਣਾ ਰੱਖਿਆ ਹੈ, ਬਹੁਤੀ ਅਕਲ ਚੰਗੀ ਨਹੀਂ ਹੁੰਦੀ, ਇਨਸਾਫ਼ ਦੀਆਂ ਬਰੀਕੀਆਂ ਵਿਚ ਪੈਣਾ ਬੇਵਕੂਫ਼ੀ ਹੈ। ਫਿਰ ਲੋਕ ਆਪੋ ਵਿਚ ਪਾਟ ਜਾਣਗੇ, ਮੁਲਕ ਨਸਲ/ਧਰਮ ਦੀਆਂ ਲਕੀਰਾਂ ਤਾਈਂ ਵੰਡਿਆ ਜਾਵੇਗਾ, ਦਹਾਕਿਆਂ ਦੀ ਰਾਜਨੀਤਕ ਸੁਹਿਰਦਤਾ ਦੀ ਕਮਾਈ ਰੁੜ੍ਹ ਜਾਵੇਗੀ। ਚਿਰਾਂ ਤੋਂ ਲਫੰਟਰ, ਅਨਪੜ੍ਹ, ਅੱਧਪੜ੍ਹ ਲਾਣਾ ਜਿਹੜਾ ਪੜ੍ਹੇ-ਲਿਖੇ ਮੁਹੱਜ਼ਬੀ ਹਿੱਸੇ ਤੋਂ ਦੁਖੀ ਹੋਇਆ ਪਿਆ ਹੈ, ਮਜ਼ਬੂਤ ਨੇਤਾ ਤੋਂ ਇਹ ਨਹੀਂ ਮੰਗੇਗਾ ਕਿ ਉਹਦੇ ਲਈ ਵੀ ਮਿਆਰੀ ਤੇ ਉਚੇਰੀ ਸਿੱਖਿਆ ਦਾ ਇੰਤਜ਼ਾਮ ਹੋਵੇ ਅਤੇ ਸਰਕਾਰ ਸਿਹਤ ਅਤੇ ਸਿੱਖਿਆ ਲਈ ਖਜ਼ਾਨੇ ਦਾ ਮੂੰਹ ਖੋਲ੍ਹ ਦੇਵੇ। ਸਗੋਂ ਇਹ ਦੁਖੀ ਤੇ ਸਤਾਇਆ ਲਾਣਾ ਮਜ਼ਬੂਤ ਨੇਤਾ ਦਾ ਝੰਡਾ ਹੱਥ ਵਿਚ ਫੜ ਦਾਅਵਾ ਕਰੇਗਾ ਕਿ ਮੁਲਕ ਉਨ੍ਹਾਂ ਦੇ ਤਸੱਵੁਰ ਵਿੱਚ ਢਲਣਾ ਚਾਹੀਦਾ ਹੈ।

ਸਪਸ਼ਟ ਸੀ ਕਿ ਰਿਚਰਡ ਰੌਰਟੀ ਨੇ ਦੋ ਦਹਾਕੇ ਪਹਿਲੋਂ ਹੀ 2016 ਵੇਖ ਲਿਆ ਸੀ, ਦੂਰੋਂ ਆਉਂਦਾ ਟਰੰਪ ਪਛਾਣ ਲਿਆ ਸੀ। ਦੁਨੀਆ ਉਹਦੀ ਕਿਤਾਬ ਪਿੱਛੇ ਹੱਥ ਧੋ ਕੇ ਪੈ ਗਈ, ਸ਼ਾਮ ਤਕ ਇਹ ਭੁੱਲੀ ਵਿਸਰੀ ਕਿਤਾਬ ਬੈਸਟ ਸੈਲਰ ਵਾਲੀ ਲਿਸਟ 'ਤੇ ਸੀ।

ਅਮਰੀਕਾ ਤੋਂ ਲੈ ਕੇ ਆਪਣੇ ਇੱਥੇ ਤੱਕ ਅਸਾਂ ਇਸ ਭਵਿੱਖਬਾਣੀ ਨੂੰ ਸੱਚ ਹੁੰਦਿਆਂ ਵੇਖਿਆ ਹੈ। ਅੱਜ ਜਿਸ ਵੇਲੇ ਅਸੀਂ ਅਮਰੀਕਾ ਵਿਚ ਫੈਸਲਾਕੁੰਨ ਭੇੜ ਤੋਂ ਕੁਝ ਹੀ ਘੰਟੇ ਦੂਰ ਹਾਂ ਅਤੇ ਸੁਰਖੀਆਂ ਦੱਸ ਰਹੀਆਂ ਹਨ ਕਿ ਟਰੰਪ-ਬਾਇਡਨ ਟੱਕਰ ਫਸਵੀਂ ਸੀ ਤਾਂ ਸ਼ਾਇਦ ਆਪਣੇ ਆਪ ਨੂੰ ਇਹ ਯਾਦ-ਦਹਾਨੀ ਕਰਵਾਉਣੀ ਵੀ ਜ਼ਰੂਰੀ ਹੈ ਕਿ ਅਸੀਂ ਅਮਰੀਕਾ ਤੋਂ ਲੈ ਕੇ ਹਿੰਦੁਸਤਾਨ ਤਕ ਕਿਹੜੇ ਸਮੇਂ ਪਿੱਛੇ ਛੱਡ ਆਏ ਹਾਂ ਅਤੇ ਕੀ ਕੁਝ ਨੂੰ ਹੁਣ ਇਸ ਹੱਦ ਤਕ ਆਤਮਸਾਤ ਕਰ ਲਿਆ ਹੈ ਕਿ ਇਹ ਨੌਰਮਲ, ਸਾਧਾਰਨ ਵਰਤਾਰਾ ਜਾਪਣ ਲੱਗ ਪਿਆ ਹੈ।

ਮਜ਼ਬੂਤ ਨੇਤਾ ਓਥੇ ਹੋਵੇ ਜਾਂ ਇੱਥੇ, ਫ਼ਰਕ ਵੀ ਕਿੰਨਾ ਕੁ ਹੈ? ਨੇਤਾ ਨੇ ਮੁਲਕ ਬਦਲ ਦਿੱਤਾ ਹੈ, ਸਾਡਾ ਅੰਦਰਲਾ ਵੀ ਬਦਲ ਰਿਹਾ ਹੈ। ਉਹ ਆਪਣੀ ਤਾਕਤ ਵਿੱਚ ਲਗਾਤਾਰ ਇਜ਼ਾਫਾ ਕਰਦਾ ਜਾ ਰਿਹਾ ਹੈ, ਵਿਰੋਧੀਆਂ ਦੀ ਰਾਜਨੀਤੀ ਦੇ ਜਾਇਜ਼ ਹੋਣ 'ਤੇ ਵੀ ਸਵਾਲ ਚੁੱਕ ਰਿਹਾ ਹੈ। ਅਮਰੀਕਾ ਤੋਂ ਸਾਡੇ ਘਰ ਤਕ ਮਜ਼ਬੂਤ ਨੇਤਾ ਵਿਰੋਧ-ਮੁਕਤ ਮੁਲਕ ਹੀ ਨਹੀਂ, ਮਨ ਵੀ ਚਾਹੁੰਦਾ ਹੈ, ਅਤੇ ਖੁੱਲ੍ਹ ਕੇ ਆਪਣਾ ਏਜੰਡਾ ਰੱਖ ਰਿਹਾ ਹੈ।

ਜਿਨ੍ਹਾਂ ਰਾਜਨੀਤਕ ਤਕਾਜ਼ਿਆਂ ਨੇ ਦਹਾਕਿਆਂ ਤੋਂ ਏਨੀ ਬਹੁਲਤਾ ਵਾਲੇ ਦੇਸ਼ ਨੂੰ ਇਕੱਠਿਆਂ ਰੱਖਿਆ, ਲੱਖ ਵੱਖਰੇਵਿਆਂ ਦੇ ਬਾਵਜੂਦ ਲੋਕਾਂ, ਕੌਮਾਂ, ਧਰਮਾਂ, ਨਸਲਾਂ ਨੂੰ ਇਕ ਦੂਜੇ ਨਾਲ ਤੁਰਨ ਲਈ ਪ੍ਰੇਰਿਆ, ਉਨ੍ਹਾਂ ਸਭਨਾਂ ਨੂੰ ਛਿੱਕੇ ਟੰਗ ਨੇਤਾ ਪਾਟੋਧਾੜ ਵਾਲੀ ਜੁਗਤ ਵਿਚ ਗਲਤਾਨ ਹੈ।

ਨਾਗਰਿਕਾਂ ਦੇ ਤਹੱਫ਼ੁਜ਼ ਤੋਂ ਕਿਨਾਰਾਕਸ਼ੀ ਕਰ ਉਹ ਵੱਡੇ ਧਨਾਢਾਂ, ਵਪਾਰੀਆਂ ਸੰਗ ਜ਼ਾਹਿਰਾ ਰਲਿਆ ਦਿਸ ਰਿਹਾ ਹੈ। ਉਹਦੀ ਬੋਲੀ, ਬਿਆਨੀਆ, ਰਾਜਨੀਤੀ, ਵਿਚਰਨ

(ਬਾਕੀ ਅਗਲੇ ਸਫੇ 'ਤੇ)

# ਪਾਕਿਸਤਾਨ ਦੀ ਦੁਖਦੀ ਰਗ ਬਲੋਚਿਸਤਾਨ ਦਾ ਇਤਿਹਾਸ

(ਸਫਾ 17 ਦੀ ਬਾਕੀ)

ਪਹਿਚਾਣ ਬਚਾਉਣ ਲਈ ਮੜ੍ਹੀ ਕਬੀਲੇ ਦੇ ਸ਼ੇਰ ਮੁਹੰਮਦ ਬਿਰਜਾਨੀ ਨੇ 1963 ਵਿੱਚ ਬੁਗਤੀ ਅਤੇ ਮੈਂਗਲ ਕਬੀਲੇ ਨੂੰ ਨਾਲ ਲੈ ਕੇ ਸਾਰੇ ਬਲੋਚਿਸਤਾਨ ਵਿੱਚ ਬਗਾਵਤ ਕਰ ਦਿੱਤੀ। ਬਾਗੀਆਂ ਦੀ ਗਿਣਤੀ 45000 ਤੱਕ ਪਹੁੰਚ ਗਈ। ਉਹਨਾਂ ਨੇ ਪਾਕਿਸਤਾਨੀ ਫੌਜ ਨੂੰ ਭਾਜੜ ਪਾ ਦਿੱਤਾ। ਅਨੇਕਾਂ ਛਾਉਣੀਆਂ ਤਬਾਹ ਕਰ ਦਿੱਤੀਆਂ ਤੇ ਸੈਨਿਕਾਂ ਅਤੇ ਅਫਸਰਾਂ ਨੂੰ ਕਤਲ ਕਰ ਦਿੱਤਾ। ਰੇਲ ਲਾਈਨਾਂ ਉਡਾ ਦਿੱਤੀਆਂ ਗਈਆਂ। ਫੌਜ ਨੇ ਬਦਲਾ ਲੈਣ ਲਈ ਮੜ੍ਹੀ ਕਬੀਲੇ ਦਾ ਇਲਾਕਾ ਤਬਾਹ ਕਰ ਦਿੱਤਾ। ਪਰ ਬਗਾਵਤ ਵਧਦੀ ਹੀ ਗਈ। ਆਖਰ ਸਰਕਾਰ ਨੂੰ ਝੁਕਣਾ ਪਿਆ। 1969 ਵਿੱਚ ਯੁੱਧ ਵਿਰਾਮ ਹੋ ਗਿਆ। 1970 ਦੀ ਸੰਧੀ ਮੁਤਾਬਿਕ ਬਲੋਚਿਸਤਾਨ ਨੂੰ ਪਾਕਿਸਤਾਨ ਦਾ ਚੌਥਾ ਸੂਬਾ ਮੰਨ ਲਿਆ ਗਿਆ।

1973 ਵਿੱਚ ਪ੍ਰਧਾਨ ਮੰਤਰੀ ਜ਼ੁਲਫਿਕਾਰ ਅਲੀ ਭੁੱਟੋ ਨੇ ਦੇਸ਼ ਧ੍ਰੋਹ ਦਾ ਇਲਜ਼ਾਮ ਲਗਾ ਕੇ ਬਲੋਚਿਸਤਾਨ ਅਤੇ ਸੂਬਾ ਸਰਹੱਦ ਦੀਆਂ ਸਰਕਾਰਾਂ ਤੋੜ ਦਿੱਤੀਆਂ। ਦੋਵਾਂ ਸੂਬਿਆਂ ਵਿੱਚ ਮਾਰਸ਼ਲ ਲਾਅ ਲਾਗੂ ਕਰ ਦਿੱਤਾ ਗਿਆ। ਇਸ 'ਤੇ ਗੁੱਸੇ ਵਿੱਚ ਆ ਕੇ ਖੈਰ ਬਖਸ਼ ਮੜ੍ਹੀ ਅਤੇ ਮੈਂਗਲ ਕਬੀਲੇ ਨੇ ਬਲੋਚਿਸਤਾਨ ਪੀਪਲਜ਼ ਲਿਬਰੇਸ਼ਨ ਫਰੰਟ ਦੀ ਸਥਾਪਨਾ ਕਰ ਕੇ ਹਥਿਆਰਬੰਦ ਬਗਾਵਤ ਕਰ ਦਿੱਤੀ। 1977 ਤੱਕ ਚੱਲੇ ਸੰਘਰਸ਼ ਵਿੱਚ 900 ਪਾਕਿਸਤਾਨੀ ਫੌਜੀ ਅਤੇ 10000 ਦੇ ਕਰੀਬ ਬਲੋਚ ਬਾਗੀ ਅਤੇ ਆਮ ਸ਼ਹਿਰੀ ਮਾਰੇ ਗਏ। ਈਰਾਨ ਦੀ ਮਦਦ ਨਾਲ ਪਾਕਿਸਤਾਨੀ ਫੌਜ ਨੇ ਸਖਤੀ ਨਾਲ ਇਸ ਬਗਾਵਤ ਨੂੰ ਕੁਚਲ ਦਿੱਤਾ। ਖੈਰ ਬਖਸ਼ ਮੜ੍ਹੀ ਲੜਾਈ ਵਿੱਚ ਮਾਰਿਆ ਗਿਆ।

2004 ਵਿੱਚ ਇਹ ਬਗਾਵਤ ਦੁਬਾਰਾ ਭੜਕ ਉੱਠੀ ਜੋ ਅੱਜ ਤੱਕ ਲਗਾਤਾਰ ਚੱਲ ਰਹੀ ਹੈ। 2004 ਵਿੱਚ ਬਾਗੀਆਂ ਨੇ ਗਵਾਦਰ ਬੰਦਰਗਾਹ 'ਤੇ ਹਮਲਾ ਕਰਕੇ 3 ਚੀਨੀ ਇੰਜੀਨੀਅਰਾਂ ਨੂੰ ਕਤਲ ਕਰ ਦਿੱਤਾ ਤੇ 4 ਨੂੰ ਜ਼ਖਮੀ ਕਰ ਦਿੱਤਾ। 5 ਤੇਲ ਟੈਂਕਰਾਂ ਨੂੰ ਸਖਤ ਨੁਕਸਾਨ ਪਹੁੰਚਿਆ। 2005 ਵਿੱਚ ਹਰਮਨ ਪਿਆਰੇ ਬਲੋਚ ਨੇਤਾ ਨਵਾਬ ਅਕਬਰ ਬੁਗਤੀ ਅਤੇ ਮੀਰ ਬਲੋਚ ਮੜ੍ਹੀ ਨੇ ਪਾਕਿਸਤਾਨ ਸਰਕਾਰ ਦੇ ਸਾਹਮਣੇ 15 ਨੁਕਾਤੀ ਸ਼ਾਂਤੀ ਪ੍ਰਸਤਾਵ ਪੇਸ਼ ਕੀਤਾ। ਉਹਨਾਂ ਨੇ ਗੈਸ ਅਤੇ ਖਣਿਜ ਪਦਾਰਥਾਂ 'ਤੇ ਜ਼ਿਆਦਾ ਬਲੋਚ ਕੰਟਰੋਲ ਅਤੇ ਫੌਜੀ ਛਾਉਣੀਆਂ ਹਟਾਉਣ ਦੀ ਮੰਗ ਕੀਤੀ। ਜਦੋਂ ਪਾਕਿਸਤਾਨ ਸਰਕਾਰ ਨੇ ਇਹਨਾਂ ਮੰਗਾਂ ਨੂੰ ਠੁਕਰਾ ਦਿੱਤਾ ਤਾਂ ਗੁੱਸੇ ਵਿੱਚ ਆ ਕੇ ਨਵਾਬ ਬੁਗਤੀ ਬਾਗੀਆਂ ਵਿੱਚ ਸ਼ਾਮਲ ਹੋ ਗਿਆ। ਅਗਸਤ 2006 ਵਿੱਚ ਬੁਗਤੀ ਦੀ ਅਗਵਾਈ ਹੇਠ ਪਾਕਿਸਤਾਨੀ ਫੌਜ ਨਾਲ ਗਹਿਗੱਚ ਲੜਾਈ ਹੋਈ ਜਿਸ ਵਿੱਚ 60 ਪਾਕਿਸਤਾਨੀ ਫੌਜੀ ਅਤੇ 7 ਅਫਸਰ ਮਾਰੇ ਗਏ। ਨਵਾਬ ਬੁਗਤੀ ਵੀ 79 ਸਾਲ ਦੀ ਉਮਰ ਦੇ ਬਾਵਜੂਦ ਬਹਾਦਰੀ ਨਾਲ ਲੜਦਾ ਹੋਇਆ ਮਾਰਿਆ ਗਿਆ। ਸਰਕਾਰ ਨੇ ਉਸ 'ਤੇ ਅਨੇਕਾਂ ਬੰਬ ਧਮਾਕਿਆਂ ਅਤੇ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਨੂੰ ਕਤਲ ਕਰਨ ਦੀ ਸਾਜ਼ਿਸ਼ ਘੜਨ ਦਾ ਦੋਸ਼ ਲਗਾਇਆ। ਅਪਰੈਲ 2009 ਵਿੱਚ ਫੌਜ ਦੇ ਕੈਟਾਂ ਨੇ ਬਲੋਚ ਨੈਸ਼ਨਲ ਮੂਵਮੈਂਟ ਪਾਰਟੀ ਦੇ ਪ੍ਰਧਾਨ ਗੁਲਾਮ ਮੁਹੰਮਦ ਬਲੋਚ, ਲਾਲਾ ਮੁਨੀਰ ਅਤੇ ਸ਼ੇਰ ਮੁਹੰਮਦ ਨੂੰ ਕਚਿਹਰੀ ਵਿੱਚੋਂ ਚੁੱਕ ਲਿਆ। ਉਹਨਾਂ ਦੀਆਂ ਬੁਰੀ ਹਾਲਤ ਵਿੱਚ ਗੋਲੀਆਂ ਨਾਲ ਵਿੰਨ੍ਹੀਆਂ ਲਾਸ਼ਾਂ 8 ਅਪਰੈਲ ਨੂੰ ਮਿਲੀਆਂ। ਇਸ ਕਾਰਨ ਸਾਰੇ ਬਲੋਚਿਸਤਾਨ ਵਿੱਚ ਅੱਗ ਲੱਗ ਗਈ। ਜਗ੍ਹਾ ਜਗ੍ਹਾ ਧਰਨਾ ਪ੍ਰਦਰਸ਼ਨ ਅਤੇ ਸਾੜ ਫੂਕ ਹੋਈ। ਪੁਲਿਸ ਦੀ ਗੋਲੀ ਨਾਲ ਦਰਜਨਾਂ ਲੋਕ ਮਾਰੇ ਗਏ। 12 ਅਗਸਤ 2009 ਨੂੰ ਕਲਾਤ ਦੇ ਖਾਨ ਮੀਰ ਸੁਲੇਮਾਨ ਦਾਊਦ ਨੇ ਆਪਣੇ ਆਪ ਨੂੰ ਸਾਰੇ ਬਲੋਚਿਸਤਾਨ ਦਾ ਨਵਾਬ ਐਲਾਨ ਦਿੱਤਾ ਤੇ ਮਤਵਾਜ਼ੀ ਸਰਕਾਰ ਬਣਾ ਲਈ।

ਬਲੋਚ ਅੰਦੋਲਨ ਦੇ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਗੈਸ ਦੀ ਰਾਇਲਟੀ ਹੈ। ਪਾਕਿਸਤਾਨੀ ਸਰਕਾਰ ਬਲੋਚਿਸਤਾਨ ਨੂੰ ਗੈਸ ਦੀ ਪੂਰੀ ਰਾਇਲਟੀ ਨਹੀਂ ਦੇਂਦੀ। ਜੋ ਰਾਇਲਟੀ ਮਿਲਦੀ ਹੈ, ਉਹ ਭ੍ਰਿਸ਼ਟ ਨੇਤਾ ਅਤੇ ਅਫਸਰ ਰਲ ਮਿਲ ਕੇ ਛਕ ਜਾਂਦੇ ਹਨ। ਜਨਤਾ ਤੱਕ ਕੋਈ ਪੈਸਾ ਨਹੀਂ ਪਹੁੰਚਦਾ। ਦੂਸਰਾ ਕਾਰਨ ਹੈ ਕਿ ਅੰਗਰੇਜ਼ਾਂ ਨੇ ਬਲੋਚਿਸਤਾਨ ਦੇ ਉੱਤਰੀ ਇਲਾਕੇ ਵਿੱਚ ਸੜਕਾਂ ਅਤੇ ਰੇਲਵੇ ਲਾਈਨਾਂ ਦਾ ਜਾਲ ਵਿਛਾ ਦਿੱਤਾ ਸੀ। ਪਰ ਉਥੇ ਆਈ ਖੁਸ਼ਹਾਲੀ ਦਾ ਬਲੋਚਾਂ ਨੂੰ ਕੋਈ ਫਾਇਦਾ ਨਹੀਂ ਹੋਇਆ। ਉਥੇ ਸਾਰੇ ਵਪਾਰ ਅਤੇ ਜ਼ਮੀਨਾਂ 'ਤੇ ਪਠਾਨਾਂ ਦਾ ਕਬਜ਼ਾ ਚੱਲਿਆ ਆ ਰਿਹਾ ਹੈ। ਇਸ ਲਈ ਬਲੋਚ ਅਤੇ ਪਠਾਨ ਇੱਕ ਦੂਸਰੇ ਦੇ ਖੂਨ ਦੇ ਪਿਆਸੇ ਹਨ। ਤੀਸਰਾ ਨਵਾਂ ਕਾਰਨ ਗਵਾਦਰ ਦੀ ਬੰਦਰਗਾਹ ਦਾ ਨਿਰਮਾਣ ਹੈ। ਬਲੋਚਾਂ ਨੂੰ ਇਸ ਗੱਲ ਦਾ ਬਹੁਤ ਗਿਲਾ ਹੈ ਕਿ ਬਲੋਚਿਸਤਾਨ ਦੀ ਧਰਤੀ 'ਤੇ ਉੱਸਰ ਰਹੀ ਇਹ ਬੰਦਰਗਾਹ ਵਿੱਚ ਸਾਰੇ ਮਜ਼ਦੂਰ ਜਾਂ ਚੀਨੀ ਹਨ ਜਾਂ ਪੰਜਾਬੀ। ਇਸੇ ਗੁੱਸੇ ਵਿੱਚ ਬਾਗੀਆਂ ਨੇ ਬੰਦਰਗਾਹ 'ਤੇ ਹਮਲਾ ਕੀਤਾ ਸੀ। ਚੌਥਾ ਕਾਰਨ ਵਿਦਿਆ ਹੈ। ਕਾਲਜਾਂ ਯੂਨੀਵਰਸਿਟੀਆਂ ਦੀ ਕਮੀ ਕਾਰਨ ਵਿਦਿਆਰਥੀਆਂ ਨੂੰ ਉੱਚੇਰੀ ਪੜ੍ਹਾਈ ਲਈ ਲਾਹੌਰ, ਕਰਾਚੀ ਜਾਂ ਪੇਸ਼ਾਵਰ ਜਾਣ ਪੈਂਦਾ ਹੈ। ਪੰਜਵਾਂ ਕਾਰਨ ਫੌਜ ਦੇ ਜ਼ੁਲਮ ਹਨ। ਬਹੁ ਗਿਣਤੀ ਪੰਜਾਬੀ ਹੋਣ ਕਾਰਨ ਫੌਜ ਬਲੋਚਾਂ 'ਤੇ ਅਣਮਨੁੱਖੀ ਜ਼ੁਲਮ ਕਰਦੀ ਹੈ। ਬਲੋਚਿਸਤਾਨ ਵਿੱਚ ਸੈਂਕੜੇ ਨਵੀਆਂ ਛਾਉਣੀਆਂ ਉਸਰੀਆਂ ਹਨ। ਫੌਜ ਦੇ ਕੈਟਾਂ ਵੱਲੋਂ ਬਲੋਚਾਂ ਨੂੰ ਅਗਵਾ ਕਰਕੇ ਮਾਰ ਕੇ ਸੜਕਾਂ ਕਿਨਾਰੇ ਸੁੱਟ ਦੇਣਾ ਬਹੁਤ ਆਮ ਗੱਲ ਹੈ। ਲਾਸ਼ਾਂ ਦੇ ਸਿਰਾਂ ਵਿੱਚ ਡਰਿੱਲ ਨਾਲ ਕੀਤੀਆਂ ਮੋਰੀਆਂ, ਨਹੁੰ ਖਿੱਚੇ ਹੋਏ ਤੇ ਲੱਤਾਂ ਬਾਹਵਾਂ ਟੁੱਟੀਆਂ ਹੋਈਆਂ ਹੁੰਦੀਆਂ ਹਨ। ਇਸ ਤੋਂ ਇਲਾਵਾ ਬਾਕੀ ਸੂਬਿਆਂ ਤੋਂ ਲਗਾਤਾਰ ਆ ਰਹੇ ਪ੍ਰਵਾਸੀਆਂ ਕਾਰਨ ਬਲੋਚਾਂ ਦੇ ਘੱਟ ਗਿਣਤੀ ਬਣਨ ਦਾ ਖਤਰਾ ਵੱਧਦਾ ਜਾ ਰਿਹਾ ਹੈ।

ਬਾਗੀ ਗੁੱਟਾਂ ਦੇ ਆਪਸੀ ਝਗੜਿਆਂ ਕਾਰਨ ਹਥਿਆਰਬੰਦ ਬਗਾਵਤ ਤਾਂ ਕੁਝ ਮੱਠੀ ਪੈ ਗਈ ਹੈ ਪਰ ਹੜਤਾਲਾਂ, ਮੁਜ਼ਾਹਰੇ ਬਹੁਤ ਵਧ ਰਹੇ ਹਨ। ਹੁਣ ਔਰਤਾਂ ਅਤੇ ਬੱਚੇ ਵੀ ਇਹਨਾਂ ਵਿੱਚ ਸ਼ਾਮਲ ਹੋ ਰਹੇ ਹਨ। ਪਾਕਿਸਤਾਨੀ ਸਰਕਾਰ ਵਾਰ ਵਾਰ ਅਫਗਾਨਿਸਤਾਨ, ਭਾਰਤ ਅਤੇ ਇਜ਼ਰਾਈਲ 'ਤੇ ਬਲੋਚਾਂ ਦੀ ਹਥਿਆਰਾਂ ਅਤੇ ਪੈਸੇ ਨਾਲ ਮਦਦ ਕਰਨ ਦਾ ਇਲਜ਼ਾਮ ਲਗਾ ਰਹੀ ਹੈ। ਭਾਰਤ ਵੱਲੋਂ ਵਿਖਾਈ ਹਮਦਰਦੀ ਦਾ ਬਲੋਚਾਂ ਨੇ ਭਾਰੀ ਸਵਾਗਤ ਕੀਤਾ ਹੈ। ਇਸ ਨਾਲ ਉਹਨਾਂ ਨੂੰ ਅੰਤਰਰਾਸ਼ਟਰੀ ਭਾਈਚਾਰੇ ਵੱਲੋਂ ਹੋਰ ਹਮਦਰਦੀ ਮਿਲਣ ਦੀ ਸੰਭਾਵਨਾ ਵਧ ਗਈ ਹੈ। ਨਵਾਬ ਅਕਬਰ ਬੁਗਤੀ ਦੇ ਵਾਰਸ ਬਰਾਹਮਦਾਗ ਬੁਗਤੀ ਨੇ ਇਸ ਲਈ ਭਾਰਤ ਦਾ ਧੰਨਵਾਦ ਕੀਤਾ ਹੈ। ਇਸ ਨਾਲ ਪਾਕਿਸਤਾਨ ਨੂੰ ਕਸ਼ਮੀਰ ਦਾ ਰਾਗ ਅਲਾਪਣ ਦੀ ਬਜਾਏ ਬਲੋਚਿਸਤਾਨ ਬਾਰੇ ਦੁਨੀਆਂ ਨੂੰ ਸਫਾਈ ਦੇਣੀ ਪੈ ਰਹੀ ਹੈ। ਉਹ ਬਚਾਉ ਦੀ ਮੁਦਰਾ ਵਿੱਚ ਆ ਗਿਆ ਹੈ।

# ਤਾਕਤਾਂ ਦੇ ਕੇਂਦਰੀਕਰਨ ਦੇ ਵਧਦੇ ਰੁਝਾਨ

(ਸਫਾ 22 ਦੀ ਬਾਕੀ)

ਸੰਦੇਸ਼ ਇਸੇ ਧਰਤੀ ਉੱਤੇ ਗੁਰੂ ਨਾਨਕ ਜੀ ਨੇ ਦਿੱਤਾ ਹੈ। ਉਨ੍ਹਾਂ ਨੇ ਕਿਹਾ ਹੈ- ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥ ਉਨ੍ਹਾਂ ਸੰਵਾਦ ਦਾ ਤਰੀਕਾ ਹੀ ਨਹੀਂ ਸੁਝਾਇਆ ਬਲਕਿ ਦੂਰ ਦੁਰਾਡੇ ਉਦਾਸੀਆਂ ਦੌਰਾਨ ਭਗਤ ਕਬੀਰ, ਰਵਿਦਾਸ ਤੇ ਹੋਰ ਬਹੁਤ ਸਾਰੇ ਤਤਕਾਲੀ ਬੁੱਧੀਜੀਵੀਆਂ ਅਤੇ ਬਗ਼ਾਵਤੀ ਸੁਰਾਂ ਵਾਲੇ ਦਾਨਿਸ਼ਵਰਾਂ ਦੀਆਂ ਬਾਣੀਆਂ ਲਿਆਂਦੀਆਂ। ਉਨ੍ਹਾਂ ਨੂੰ ਬਾਅਦ ਵਿਚ ਪੰਜਵੇਂ ਗੁਰੂ ਨੇ ਸੰਪਾਦਨਾ ਰਾਹੀਂ ਗ੍ਰੰਥ ਦੇ ਰੂਪ ਵਿਚ ਸਮੁੱਚਤਾ ਵਿਚ ਪੇਸ਼ ਕੀਤਾ। ਬਾਅਦ ਵਿਚ ਉਸੇ ਨੂੰ ਗੁਰੂ ਗ੍ਰੰਥ ਸਾਹਿਬ ਦਾ ਰੁਤਬਾ ਮਿਲਿਆ। ਇਸ ਅੰਦੋਲਨ ਦੇ ਨਾਲ ਹੀ ਹੁਣ ਤੱਕ ਸਮਾਜਿਕ ਤੌਰ ਉੱਤੇ ਵਿਤਕਰੇ ਦਾ ਸ਼ਿਕਾਰ ਵਰਗਾਂ ਨਾਲ ਸੰਵਾਦ ਰਚਾਉਣਾ ਬੇਹੱਦ ਜ਼ਰੂਰੀ ਹੈ। ਦਲਿਤ ਭਾਈਚਾਰੇ ਦੀਆਂ ਬੀਬੀਆਂ ਫਾਈਨਾਂਸ ਕੰਪਨੀਆਂ ਦੀ ਲੁੱਟ, ਤੀਜੇ ਹਿੱਸੇ ਦੀ ਸ਼ਾਮਲਾਟ ਜ਼ਮੀਨ ਦਾ ਕਾਨੂੰਨੀ ਹੱਕ ਲੈਣ, ਮਗਨਰੇਗਾ ਤਹਿਤ ਕਾਨੂੰਨੀ ਅਧਿਕਾਰ, ਭਾਵ 100 ਦਿਨ ਕੰਮ ਦਾ ਬੁਨਿਆਦੀ ਅਧਿਕਾਰ ਹਾਸਲ ਕਰਨ ਲਈ ਜੱਦੋਜਹਿਦ ਕਰ ਰਹੀਆਂ ਹਨ।

ਇਸੇ ਤਰ੍ਹਾਂ ਅੰਦੋਲਨ ਵਿਚ ਕਿਸਾਨ ਔਰਤਾਂ ਵੱਡੀ ਪੱਧਰ ਉੱਤੇ ਆਉਣ ਲੱਗੀਆਂ ਹਨ ਪਰ ਔਰਤਾਂ ਲਈ ਆਗੂ ਸਫ਼ਾਂ ਵਿਚ ਜਗ੍ਹਾ ਮੋਕਲੀ ਕਰਨੀ ਵੀ ਜ਼ਰੂਰੀ ਹੈ। ਪੰਜਾਬ ਦੇ ਪੰਚਾਇਤੀ ਰਾਜ ਅਤੇ ਸ਼ਹਿਰਾਂ ਦੀਆਂ ਸਥਾਨਕ ਸਰਕਾਰਾਂ ਵਿਚ ਹੁਣ ਪੰਜਾਹ ਫ਼ੀਸਦੀ ਬੀਬੀਆਂ ਚੁਣੀਆਂ ਜਾਂਦੀਆਂ ਹਨ। ਇਨ੍ਹਾਂ ਵਿਚੋਂ ਬੀਬੀਆਂ ਲਈ ਖ਼ੁਦ ਕੰਮ ਕਰਨ ਦਾ ਮਾਹੌਲ ਦੇਣ ਦੀ ਜ਼ਿੰਮੇਵਾਰੀ ਕੌਣ ਨਿਭਾਏਗਾ?

ਇਨ੍ਹਾਂ ਸਵਾਲਾਂ ਦੇ ਨਾਲ ਹੀ ਨਾਲ ਪਿੰਡਾਂ ਦੀਆਂ ਗ੍ਰਾਮ ਸਭਾਵਾਂ, ਸ਼ਹਿਰਾਂ ਦੀਆਂ ਵਾਰਡ ਸਭਾਵਾਂ ਨੂੰ ਸਰਗਰਮ ਕਰਨ ਰਾਹੀਂ ਲੋਕਾਂ ਦੀ ਤਾਕਤ ਸਾਹਮਣੇ ਜਵਾਬਦੇਹ ਹੋਣ ਅਤੇ ਰਾਜਾਂ ਨੂੰ ਵੱਧ ਅਧਿਕਾਰਾਂ ਲਈ ਮੁਹਿੰਮ ਵਾਸਤੇ ਸਿਆਸੀ ਧਿਰਾਂ ਨੂੰ ਇਕਜੁੱਟਤਾ ਦਿਖਾਉਣ ਦੀ ਲੋੜ ਹੈ। ਆਪਸੀ ਖੋਹ-ਖਿੱਚ ਨਾਲੋਂ ਪਹਿਲਾਂ ਕੇਂਦਰ ਖ਼ਿਲਾਫ਼ ਇਕਜੁੱਟ ਲੜਾਈ ਲੜੀ ਜਾਣੀ ਚਾਹੀਦੀ ਹੈ ਅਤੇ ਦੇਸ਼ ਭਰ ਵਿਚ ਫੈਡਰਲਿਜ਼ਮ ਦੀਆਂ ਧਾਰਨੀ ਸਿਆਸੀ ਤਾਕਤਾਂ ਨਾਲ ਤਾਲਮੇਲ ਕਰ ਕੇ ਫੈਡਰਲ ਫਰੰਟ ਖੜ੍ਹਾ ਕੀਤੇ ਜਾਣ ਦੀ ਲੋੜ ਹੈ। ਜੇਕਰ ਦੇਸ਼ ਦੇ ਹੁਕਮਰਾਨ ਗ੍ਰਾਮ ਸਭਾਵਾਂ ਦੇ ਮਤਿਆਂ, ਵਿਧਾਨ ਸਭਾ ਦੇ ਮਤੇ ਤੇ ਬਿਲਾਂ, ਮੁੱਖ ਮੰਤਰੀਆਂ ਦੀਆਂ ਚਿੱਠੀਆਂ, ਲੋਕ ਸਭਾ ਅਤੇ ਰਾਜ ਸਭਾ ਵਿਚ ਸੰਸਦ ਮੈਂਬਰਾਂ ਦੀ ਸੁਣਨ ਲਈ ਤਿਆਰ ਨਹੀਂ ਹਨ ਤਾਂ ਪੰਜਾਬ ਦੇ ਸੰਸਦ ਮੈਂਬਰ ਉਨ੍ਹਾਂ ਸਦਨਾਂ ਵਿਚ ਬੈਠ ਕੇ ਕੀ ਕਰ ਰਹੇ ਹਨ?

ਕੀ ਉਨ੍ਹਾਂ ਨੂੰ ਇਖ਼ਲਾਕੀ ਜ਼ਿੰਮੇਵਾਰੀ ਲੈਂਦਿਆਂ ਅਸਤੀਫ਼ੇ ਦੇ ਕੇ ਸਿਆਸੀ ਲੜਾਈ ਲਈ ਮੈਦਾਨ ਵਿਚ ਨਹੀਂ ਕੁੱਦਣਾ ਚਾਹੀਦਾ? ਜੇਕਰ ਨਹੀਂ ਤਾਂ ਉਨ੍ਹਾਂ ਨੂੰ ਕੋਈ ਇਸ ਤੋਂ ਬਿਹਤਰ ਦਲੀਲ ਪੰਜਾਬ ਦੇ ਲੋਕਾਂ ਨਾਲ ਸਾਂਝੀ ਕਰਨੀ ਚਾਹੀਦੀ ਹੈ।

# ਪੂਰਬੀ ਸਰਹੱਦ 'ਤੇ ਭਾਰਤ ਲਈ ਚੁਣੌਤੀਆਂ

(ਸਫਾ 5 ਦੀ ਬਾਕੀ)

ਚੀਨ ਨੇ ਚੀਨੀ-ਮਿਆਂਮਾਰ ਸਰਹੱਦ ਨੇੜਲੇ ਖੇਤਰਾਂ 'ਚੋਂ ਸਰਗਰਮੀ ਕਰਦੇ ਹਥਿਆਰਬੰਦ ਗਰੁਪਾਂ ਨਾਲ ਤਾਲਮੇਲ ਲਈ ਸਫ਼ੀਰ ਵੀ ਨਿਯੁਕਤ ਕੀਤਾ ਹੋਇਆ ਹੈ। ਚੀਨ ਦਾ ਇਨ੍ਹਾਂ ਗਰੁਪਾਂ ਤੇ ਕਾਫ਼ੀ ਅਸਰ ਰਸੂਖ਼ ਹੈ ਜੋ ਇਸ ਵੇਲੇ ਮਿਆਂਮਾਰ ਸਰਕਾਰ ਵਲੋਂ ਮੁਲਕ ਦਾ ਨਵਾਂ ਸੰਵਿਧਾਨ ਬਣਾਉਣ ਲਈ ਬੁਲਾਈ ਕਾਨਫਰੰਸ ਵਿਚ ਹਿੱਸਾ ਲੈ ਰਹੇ ਹਨ। ਚੀਨ ਨੇ ਇਨ੍ਹਾਂ ਹਥਿਆਰਬੰਦ ਤੇ ਵੱਖਵਾਦੀ ਗਰੁਪਾਂ ਨਾਲ ਆਪਣੇ ਸਿੱਧੇ ਸੰਪਰਕ ਜ਼ਰੀਏ ਮਿਆਂਮਾਰ ਦੀ ਅੰਦਰੂਨੀ ਰਾਜਨੀਤੀ ਤੇ ਦਬਦਬਾ ਬਣਾਉਣ ਦਾ ਤਹੱਈਆ ਕੀਤਾ ਹੋਇਆ ਹੈ। ਪੇਈਚਿੰਗ ਆਪਣੇ ਇਸ ਅਸਰ ਰਸੂਖ਼ ਨੂੰ ਮਿਆਂਮਾਰ ਵਿਚ ਬੰਦਰਗਾਹਾਂ, ਡੈਮਾਂ, ਸੜਕਾਂ, ਪੁਲਾਂ ਤੇ ਬੇਸ਼ਕੀਮਤੀ ਪੱਥਰਾਂ ਦੇ ਖਣਨ ਜਿਹੇ ਬੁਨਿਆਦੀ ਢਾਂਚੇ ਤੇ ਹੋਰਨਾਂ ਪ੍ਰਾਜੈਕਟਾਂ ਦੇ ਠੇਕੇ ਹਾਸਲ ਕਰਨ ਲਈ ਵੀ ਵਰਤਦਾ ਹੈ। ਭਾਰਤ ਦੇ ਸਰਹੱਦੀ ਸੜਕ ਸੰਗਠਨ (ਬੀਆਰਓ) ਨੇ ਸੜਕ ਦਾ ਨਿਰਮਾਣ ਕਰ ਕੇ ਕਮਾਲ ਦਾ ਕੰਮ ਕੀਤਾ ਹੈ। ਇਹ ਸੜਕ ਮਨੀਪੁਰ ਦੇ ਮੋਰੇਹ ਨੂੰ ਮਿਆਂਮਾਰ ਦੇ ਕਾਲੇਮਯੋ ਨਾਲ ਜੋੜਦੀ ਹੈ ਤੇ ਇਸ ਸਦਕਾ ਉੱਤਰ ਪੂਰਬੀ ਰਾਜਾਂ ਤੇ ਮਾਂਡਲੇ ਦਰਮਿਆਨ ਸਰਹੱਦੀ ਵਪਾਰ ਖੁੱਲ੍ਹ ਗਿਆ ਹੈ। ਉਂਜ, 'ਕਾਲਾਦਾਨ ਲਾਂਘੇ' ਦਾ ਪ੍ਰਾਜੈਕਟ ਤੇ ਪ੍ਰਗਤੀ ਪਛੜ ਗਈ ਹੈ। ਇਹ ਅਹਿਮ ਪ੍ਰਾਜੈਕਟ ਮਿਜ਼ੋਰਮ ਅਤੇ ਹੋਰ ਉੱਤਰ-ਪੂਰਬੀ ਰਾਜਾਂ ਨੂੰ ਮਿਆਂਮਾਰ ਦੀ ਸਿਤਵੇ ਬੰਦਰਗਾਹ ਨਾਲ ਜੋੜਦਾ ਹੈ ਜੋ ਕੋਲਕਾਤਾ ਤੋਂ ਥੋੜ੍ਹੀ ਦੂਰ ਬੰਗਾਲ ਦੀ ਖਾੜੀ ਵਿਚ ਸਥਿਤ ਹੈ।

ਹਥਿਆਰਬੰਦ ਗਰੁਪ ਅਰਾਕਾਨ ਆਰਮੀ ਜਿਸ ਦੇ ਚੀਨ ਨਾਲ ਸਬੰਧ ਹਨ, ਵਲੋਂ ਕਾਮਿਆਂ ਤੇ ਕੀਤੇ ਹਮਲਿਆਂ ਕਾਰਨ ਇਸ ਲਾਂਘੇ ਦਾ ਨਿਰਮਾਣ ਰੁਕ ਗਿਆ ਹੈ। ਉਂਜ, ਭਾਰਤੀ ਤੇ ਮਿਆਂਮਾਰੀ ਫ਼ੌਜਾਂ ਵਿਚਕਾਰ ਨੇੜਲੇ ਸਹਿਯੋਗ ਸਦਕਾ ਭਾਰਤ-ਮਿਆਂਮਾਰ ਸਰਹੱਦ ਤੇ ਅਰਾਕਾਨ ਆਰਮੀ ਦੇ ਕੈਂਪ ਤਬਾਹ ਕਰ ਦਿੱਤੇ ਗਏ ਹਨ।

ਭਾਰਤ ਦਾ ਮਿਆਂਮਾਰ ਨਾਲ ਆਰਥਿਕ ਸਹਿਯੋਗ ਨਿਰਾਸ਼ਾਜਨਕ ਰਿਹਾ ਹੈ ਅਤੇ ਦੁਵੱਲਾ ਵਪਾਰ ਪਿਛਲੇ ਸਾਲ 1.52 ਅਰਬ ਡਾਲਰ ਹੈ ਜਿਸ ਵਿਚ ਭਾਰਤੀ ਬਰਾਮਦਾਂ ਦਾ ਹਿੱਸਾ 97 ਕਰੋੜ 30 ਲੱਖ ਡਾਲਰ ਬਣਦਾ ਹੈ। ਹਾਲਾਂਕਿ ਓਐਨਜੀਸੀ ਨੇ ਸਾਗਰ ਤੱਟਾਂ ਨੇੜੇ ਤੇਲ ਸਰੋਤਾਂ ਦੀ ਖੋਜ ਵਿਚ ਚੰਗਾ ਕੰਮ ਕੀਤਾ ਹੈ ਪਰ ਸਾਡੇ ਪ੍ਰਾਈਵੇਟ ਸੈਕਟਰ ਨੇ ਆਸ ਪਾਸ ਦੇ ਗੁਆਂਢੀ ਆਸੀਆਨ ਮੁਲਕਾਂ, ਚੀਨ ਅਤੇ ਜਪਾਨ ਦੀਆਂ ਪ੍ਰਾਈਵੇਟ ਕੰਪਨੀਆਂ ਦੇ ਮੁਕਾਬਲੇ ਮਿਆਂਮਾਰ ਵਿਚ ਕੋਈ ਖ਼ਾਸ ਨਿਵੇਸ਼ ਨਹੀਂ ਕੀਤਾ। ਉਂਜ, ਭਾਰਤ ਨੇ ਮਿਆਂਮਾਰ ਵਿਚ ਸੂਚਨਾ ਤਕਨਾਲੋਜੀ ਤੇ ਖੇਤੀਬਾੜੀ ਖੋਜ ਦੀਆਂ ਸਿਖਲਾਈ ਸੰਸਥਾਵਾਂ ਸਥਾਪਤ ਕਰ ਕੇ ਚੰਗਾ ਕੰਮ ਕੀਤਾ ਹੈ। ਇਕ ਕਿਲੋ ਕਲਾਸ ਪਣਡੁੱਬੀ ਅਤੇ ਟੌਰਪੀਡੋ ਦੀ ਸਪਲਾਈ ਨਾਲ ਬਿਨਾ ਸ਼ੱਕ, ਮਿਆਂਮਾਰ ਨਾਲ ਫ਼ੌਜੀ ਸਹਿਯੋਗ ਵਧਿਆ ਤੇ ਖ਼ਬਰਾਂ ਆਈਆਂ ਹਨ ਕਿ 105 ਐੱਮਐੱਮ ਆਰਟਿਲਰੀ ਗੰਨਾਂ ਅਤੇ ਰਡਾਰਾਂ ਤੇ ਸੋਨਾਰਾਂ ਦੀ ਸਪਲਾਈ ਲਈ ਗੱਲਬਾਤ ਚੱਲ ਰਹੀ ਹੈ।

ਥਲ ਸੈਨਾ ਮੁਖੀ ਅਤੇ ਵਿਦੇਸ਼ ਸਕੱਤਰ ਦੇ ਦੌਰੇ ਸਦਕਾ ਭਾਰਤ ਅਤੇ ਮਿਆਂਮਾਰ ਦਰਮਿਆਨ ਸਬੰਧਾਂ ਦੇ ਸਮੁੱਚੇ ਤਾਣੇ ਬਾਣੇ ਬਾਰੇ ਵਿਆਪਕ ਵਿਚਾਰ ਵਟਾਂਦਰੇ ਦਾ ਮੌਕਾ ਮਿਲਿਆ ਹੈ। ਭਾਰਤੀ ਵਫ਼ਦ ਨੇ ਮਿਆਂਮਾਰ ਦੇ ਦੋ ਸਭ ਤੋਂ ਸ਼ਕਤੀਸ਼ਾਲੀ ਆਗੂਆਂ ਨਾਲ ਮੁਲਾਕਾਤ ਕੀਤੀ ਹੈ ਜਿਨ੍ਹਾਂ ਵਿਚ ਸਟੇਟ ਕਾਊਂਸਲਰ ਆਂਗ ਸਾਂ ਸੂ ਕੀ ਜੋ 8 ਨਵੰਬਰ ਨੂੰ ਹੋ ਰਹੀਆਂ ਪਾਰਲੀਮਾਨੀ ਚੋਣਾਂ ਵਿਚ ਪ੍ਰਚਾਰ ਲਈ ਜੁਟੇ ਹੋਏ ਹਨ ਅਤੇ ਰੱਖਿਆ ਸੈਨਾਵਾਂ ਦੇ ਮੁਖੀ ਸੀਨੀਅਰ ਜਨਰਲ ਮਿਨ ਆਂਗ ਲੈਂਗ ਸ਼ਾਮਲ ਸਨ। ਜਨਰਲ ਲੈਂਗ ਦੇ ਹਾਲੀਆ ਬਿਆਨਾਂ ਤੋਂ ਸੰਕੇਤ ਮਿਲੇ ਹਨ ਕਿ ਫ਼ੌਜ ਪਾਰਲੀਮਾਨੀ ਚੋਣਾਂ ਵਿਚ ਸੂ ਕੀ ਦੀ ਨੈਸ਼ਨਲ ਲੀਗ ਫਾਰ ਡੈਮੋਕਰੇਸੀ ਦੀ ਬਜਾਏ ਸਾਬਕਾ ਫ਼ੌਜੀ ਅਫ਼ਸਰਾਂ ਦੀ ਅਗਵਾਈ ਹੇਠਲੀ ਯੂਨੀਅਨ ਸੌਲੀਡੈਰਿਟੀ ਐਂਡ ਡਿਵੈਲਪਮੈਂਟ ਪਾਰਟੀ ਦੀ ਮਦਦ ਕਰੇਗੀ। ਸੂ ਕੀ ਬਹੁਤ ਹੀ ਲੋਕਪ੍ਰਿਯਾ ਆਗੂ ਹੈ ਪਰ ਮਿਆਂਮਾਰੀ ਫ਼ੌਜ ਉੱਥੋਂ ਦੀ ਮੌਜੂਦਾ ਸਿਆਸਤ ਅਤੇ ਕੌਮੀ ਜੀਵਨ ਦਾ ਲਗਾਤਾਰ ਤੇ ਅਟੁੱਟ ਅੰਗ ਬਣੀ ਹੋਈ ਹੈ।

ਬਹਰਹਾਲ, ਬੰਗਾਲ ਦੀ ਖਾੜੀ ਦੇ ਸਮੁੱਚੇ ਖੇਤਰ ਵਿਚ ਅਮਨ ਤੇ ਸਥਿਰਤਾ ਬਰਕਰਾਰ ਰੱਖਣ ਲਈ ਰੋਹਿੰਗੀਆ ਸਮੱਸਿਆ ਨੂੰ ਮੁਖ਼ਾਤਬ ਹੋਣ ਦੀ ਲੋੜ ਹੈ ਜੋ ਕਈ ਸਾਲਾਂ ਤੋਂ ਚਲੀ ਆ ਰਹੀ ਹੈ। ਚੀਨ ਵੀ ਇਸ ਖੇਤਰ ਵਿਚ ਲਾਹਾ ਖੱਟਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਲਈ ਕੌਮਾਂਤਰੀ ਸਹਿਯੋਗ ਦੀ ਲੋੜ ਹੈ ਜਿਸ ਵਿਚ ਭਾਰਤ ਨੂੰ ਆਪਣੇ ਕੁਆਡ (ਚੁਸਦ) ਭਿਆਲਾਂ ਨੂੰ ਸਰਗਰਮੀ ਨਾਲ ਸ਼ਾਮਲ ਕਰਨਾ ਚਾਹੀਦਾ ਹੈ।

ਇਹ ਉਮੀਦ ਕਰਨੀ ਸਹੀ ਨਹੀਂ ਹੋਵੇਗੀ ਕਿ 9 ਲੱਖ ਰੋਹਿੰਗੀਆ ਸ਼ਰਨਾਰਥੀਆਂ ਦਾ ਸਾਰਾ ਭਾਰ ਬੰਗਲਾਦੇਸ਼ ਚੁੱਕੇਗਾ। ਰੋਹਿੰਗੀਆ ਸ਼ਰਨਾਰਥੀ ਮੁੱਦੇ 'ਤੇ ਬੰਗਲਾਦੇਸ਼ ਅਤੇ ਮਿਆਂਮਾਰ ਵਿਚਕਾਰ ਤਣਾਅ ਬਣਿਆ ਹੋਇਆ ਹੈ ਅਤੇ ਇਸ ਨੂੰ ਬਹੁਮੁਖੀ ਕੌਮਾਂਤਰੀ ਯਤਨਾਂ ਰਾਹੀਂ ਹੀ ਸੁਲਝਾਇਆ ਜਾ ਸਕਦਾ ਹੈ।

# ਯਾਰੋ ਆਪਾਂ ਹੁਣ ਅਮੀਰਾਂ ਵਰਗੇ, ਕਰਦੇ ਮੁਲਕ ਮਹਾਨ ਜੀ

(ਸਫਾ 23 ਦੀ ਬਾਕੀ)

ਢੰਗ ਸਭ ਵੰਡੀਆਂ ਪਾਉਣ ਵਾਲਾ ਹੈ। ਆਪਣੇ ਹੀ ਮੁਲਕ ਦੇ ਲੋਕ ਆਪਣੇ ਹੀ ਮੁਲਕ ਦੇ ਲੋਕਾਂ ਦੇ ਗਲ ਪੈ ਜਾਣ, ਉਹਨਾਂ ਦੀ ਦੇਸ਼ਪ੍ਰਸਤੀ ਬਾਰੇ ਸਵਾਲ ਕਰਨ, ਇੱਕ ਆਪਣੇ ਤਸੱਵਰ ਦੇ ਮੁਲਕ ਨੂੰ ਮਹਾਨ ਕਰਨ 'ਤੇ ਉਤਾਰੂ ਹੋ ਜਾਣ, ਅਤੇ ਇਹ ਸਭ ਨਿਤਾਪ੍ਰਤੀ ਦਾ ਵਰਤਾਰਾ ਹੋ ਜਾਵੇ, ਤਾਂ ਸਾਧਾਰਨ ਕੀ ਰਹਿ ਜਾਂਦਾ ਹੈ? ਨਫ਼ਰਤ ਹੁਣ ਸਾਡਾ 'ਨਿਊ ਨੌਰਮਲ', ਸਾਡਾ ਨਵਾਂ ਆਮ ਵਰਤਾਰਾ ਹੈ - ਹੱਥ ਸਦਾ ਹਮਸਾਏ ਦੇ ਗਿਰੇਬਾਨ 'ਤੇ, ਜ਼ੁਬਾਨ ਸਦਾ ਜ਼ਹਿਰ ਉਗਲਦੀ, ਸਿਆਸਤ ਸਿਰਫ਼ ਸੱਤਾ ਦੀ ਜ਼ੁਬਾਨ ਬੋਲਦੀ ਸੁਣਦੀ। ਨੇਤਾ ਨਸਲੀ ਗੁੰਡਾਗਰਦੀ ਨੂੰ ਸ਼ਹਿ ਦੇਂਦਾ, ਵਿਗਿਆਨ ਅਤੇ ਵਿਗਿਆਨੀ ਦਾ ਮਜ਼ਾਕ ਉਡਾਉਂਦਾ, ਆਪਣੇ ਵਰਗੇ ਮਜ਼ਬੂਤ ਨੇਤਾਵਾਂ ਦੇ ਸੋਹਲੇ ਗਾਉਂਦਾ, ਕਿਸੇ ਮੁਹੱਜ਼ਬ ਨੇਤਾ ਦਾ ਤ੍ਰਿਸਕਾਰ ਕਰਦਾ। ਖਾਈਆਂ ਖੱਪੇ ਪੂਰਨ ਦੀ ਥਾਂ ਬਸ ਕੰਧਾਂ ਖੜ੍ਹੀਆਂ ਕਰਨ ਦਾ ਪ੍ਰਚਾਰ ਕਰਦਾ। ਸਾਰੇ ਅਦਾਰੇ ਬਸ ਉਹਦੀ ਈਨ ਮੰਨਣ, ਉਹਦੇ ਪ੍ਰਤੀ ਵਫ਼ਾਦਾਰੀ ਹੀ ਕਾਬਲੀਅਤ ਦਾ ਇੱਕੋ ਇੱਕ ਮਿਆਰ ਹੋਵੇ। ਜੇ ਸੂਬਾ ਕੋਈ ਗੱਲ ਨਾ ਮੰਨੇ ਕੇਂਦਰ ਦੀ ਤਾਂ ਉਥੇ ਹਥਿਆਰਬੰਦ ਫੋਰਸ ਭੇਜ ਦਿਓ। ਲੋਕ ਰੋਹ ਦੀ ਪ੍ਰਵਾਹ ਨਾ ਕਰੋ। ਵਿਰੋਧੀ ਪਾਰਟੀ ਦੀਆਂ ਸਰਕਾਰਾਂ ਹੋਣ ਜਿੱਥੇ, ਉਹਨਾਂ ਨੂੰ ਲੋਕ-ਦੁਸ਼ਮਣ, ਦੇਸ਼-ਦੁਸ਼ਮਣ ਕਹੋ।

ਕਦੀ ਕੋਈ ਭਰੀ ਸਭਾ ਵਿੱਚ, ਜਦੋਂ ਕੁੱਲ ਦੁਨੀਆ ਵੇਖ ਰਹੀ ਹੋਵੇ, ਨੇਤਾ ਨੂੰ ਕਹੇ ਕਿ ਉੱਕਾ ਹੀ ਨਫ਼ਰਤ ਦੇ ਭਰੇ ਕਿਸੇ ਨਸਲਪ੍ਰਸਤੀ ਦੇ ਪ੍ਰਣਾਏ ਦੀ ਮਜ਼ੱਮਤ ਕਰਨ ਦਾ ਕਰੋ ਹੀਆ ਤਾਂ ਬੁੱਲ੍ਹੀਆਂ 'ਤੇ ਤਾਲੇ ਲੱਗ ਜਾਣ। ਬਸ ਏਨਾ ਹੀ ਕਹਿ ਹੋਵੇ ਕਿ ਨਸਲਪ੍ਰਸਤੋ, ਸਟੈਂਡ ਬੈਕ ਐਂਡ ਸਟੈਂਡਬਾਈ - ਹਾਲ ਦੀ ਘੜੀ ਸਬਰ ਕਰ ਲਵੋ, ਪਰ ਤਿਆਰੀ ਪੂਰੀ ਰੱਖਿਓ। ਠੀਕ ਉਵੇਂ ਹੀ ਜਿਵੇਂ ਕੋਈ ਮੁੱਖ ਮੰਤਰੀ ਕਹੇ ਕਿ ਹੁਣ ਕੋਈ ਘੱਟਗਿਣਤੀ ਵਾਲਾ ਛੈਲ-ਛਬੀਲਾ ਨੌਜਵਾਨ ਕਰੇ ਜੇਰ੍ਹਾ ਸਾਡੇ ਧਰਮ ਦੀ ਕਿਸੇ ਮੁਟਿਆਰ ਨਾਲ ਮੁਹੱਬਤ ਦੀ ਪੀਂਘ ਵਧਾਉਣ ਦਾ, ਵੇਖਿਆ ਜੇ ਜੇ ਮੈਂ 'ਰਾਮ ਨਾਮ ਸਤਿ ਹੈ' ਵਾਲੀ ਯਾਤਰਾ ਨਾ ਕੱਢ ਵਿਖਾਈ ਉਹਦੀ। ਸਿਆਸਤ ਵਿੱਚ ਹੁਣ ਕੀ ਕੀ ਪ੍ਰਵਾਨ ਹੈ?

ਜਦੋਂ ਇੱਕ ਸੂਬੇ ਦੀ ਮੁੱਖ ਮੰਤਰੀ ਨੇ ਸਖ਼ਤ ਕਰੋਨਾ ਰੋਕਾਂ ਲਾਗੂ ਕੀਤੀਆਂ ਤਾਂ ਨੇਤਾ ਨੇ ਆਪਣੇ ਹਮ-ਇਰਤੀਆਂ ਨੂੰ ਟਵੀਟ ਕਰ ਖੁੱਲ੍ਹਮ-ਖੁੱਲ੍ਹਾ ਕਿਹਾ ਕਿ ਸੂਬਾ ਆਜ਼ਾਦ ਕਰਵਾ ਲਵੋ। ਕੁਝ ਲੋਕ ਸਵੈਚਾਲਿਤ ਹਥਿਆਰ ਲੈ ਕੇ ਰਿਆਸਤ ਦੇ ਵੱਡੇ ਦਫ਼ਤਰ ਵੜ ਗਏ। ਨੇਤਾ ਨੇ ਕਿਹਾ ਬੰਦੇ ਤਾਂ ਇਹ ਚੰਗੇ ਹਨ, ਰਤਾ ਗੁੱਸੇ 'ਚ ਹਨ। ਇਹ ਤਾਂ ਹੌਸਲਾ-ਅਫ਼ਜ਼ਾਈ ਸੀ, ਰੰਗ ਲਿਆਈ। ਮੁਲਕ ਨੂੰ ਮਹਾਨ ਕਰਨ ਦੇ ਇਰਾਦੇ ਨਾਲ ਉਹਨਾਂ ਪਿਛਲੇ ਮਹੀਨੇ ਮੁੱਖ ਮੰਤਰੀ ਨੂੰ ਅਗਵਾ ਕਰਨ ਦਾ ਹੀ ਮਨਸੂਬਾ ਬਣਾ ਲਿਆ, ਇਹਦੇ ਲਈ ਹਥਿਆਰ, ਬੰਬ, ਸਾਜ਼ਿਸ਼ ਤਿਆਰ ਕਰ ਲਏ। ਫੜੇ ਗਏ ਤਾਂ ਵੀ ਮਜ਼ਬੂਤ ਨੇਤਾ ਨੇ ਹਮਲੇ ਜਾਰੀ ਰੱਖੇ।

ਹੁਣ ਸਿਆਸਤ ਨੂੰ ਸਭ ਕੁਝ ਗਵਾਰਾ ਹੁੰਦਾ ਜਾ ਰਿਹਾ ਹੈ। ਇਹੀ ਸਾਡੀ ਹਾਰ ਹੈ। ਜੇ ਜੋਅ ਬਾਇਡਨ ਜਿੱਤ ਵੀ ਗਿਆ ਤਾਂ ਵੀ ਇਹ ਤਾਂ ਸਦਾ ਯਾਦ ਰਹੇਗਾ ਕਿ ਟਰੰਪ ਅੰਤ ਤਕ ਗੰਭੀਰ ਉਮੀਦਵਾਰ ਸੀ ਅਤੇ ਟੱਕਰ ਫਸਵੀਂ ਸੀ। ਸਾਡੀਆਂ ਸੜਕਾਂ 'ਤੇ ਦਿਨ ਦਿਹਾੜੇ ਲੋਕ ਇੱਕ ਖ਼ਾਸ ਧਰਮ ਦੇ ਲੋਕਾਂ ਨੂੰ ਕੁੱਟ ਕੁੱਟ ਮਾਰ ਦੇਣ ਅਤੇ ਇਹ ਘਟਨਾ ਨਹੀਂ, ਵਰਤਾਰਾ ਹੋ ਜਾਵੇ; ਤੁਹਾਡਾ ਅੱਜ ਕਿਹੜਾ ਧਰਮ ਹੈ, ਕੱਲ ਕਿਹੜਾ ਹੋਣਾ ਚਾਹੀਦਾ ਹੈ, ਇਹ ਹਕੂਮਤ ਤੈਅ ਕਰੇ; ਲੋਕ ਦੂਜਿਆਂ ਨੂੰ ਪੁੱਛਣ ਉਹਨਾਂ ਦਾ ਦੇਸ਼ ਕਿਹੜਾ ਹੈ, ਸਦੀਆਂ ਤੋਂ ਵਸਦਿਆਂ ਤੋਂ ਉਹਨਾਂ ਦਾ ਮੁਲਕ ਖੋਹ ਲਿਆ ਜਾਵੇ; ਸਮੁੰਦਰੋਂ ਪਾਰ ਤੋਂ ਆਉਂਦਿਆਂ ਨੂੰ ਕਿਹਾ ਜਾਵੇ ਉਹ ਜਰਾਇਮ-ਪੇਸ਼ਾ ਲੋਕ ਹਨ, ਪਰਵਾਸੀਆਂ ਨੂੰ ਮੁਲਕੋਂ ਕੱਢਣ ਦੀਆਂ ਤਿਆਰੀਆਂ ਹੋਣ; ਰੰਗ ਨਸਲ ਧਰਮ ਦੇ ਆਧਾਰ 'ਤੇ ਦੰਗਾ ਦੇਸ਼ ਦੀ ਰਾਜਧਾਨੀ ਵਿੱਚ ਹੋਵੇ - ਅਤੇ ਫਿਰ ਵੀ ਇਸ ਬਿਆਨੀਏ ਵਾਲੀ ਧਿਰ ਸੱਤਾ ਦੀ ਗੰਭੀਰ ਦਾਅਵੇਦਾਰ ਹੋਵੇ? ਹੋ ਸਕਦਾ ਹੈ ਬਾਇਡਨ ਜਿੱਤ ਜਾਵੇ, ਪਰ ਸਾਡੀ ਹਾਰ ਤਾਂ ਹੋ ਹੀ ਚੁੱਕੀ ਹੈ। ਹੋ ਸਕਦਾ ਹੈ ਸਾਡੇ ਇੱਥੇ ਫਿਰ ਕਦੀ ਭਾਈਚਾਰਾ ਹੋਵੇ ਪਰ ਹਾਰੇ ਤਾਂ ਹੋਏ ਹੀ ਹਾਂ। ਵੇਖੋ ਲਿਖਤ ਵਿੱਚ ਅਮਰੀਕਾ ਹਿੰਦੋਸਤਾਨ ਰਲਗੱਡ ਹੋਏ ਪਏ ਹਨ। ਦੋ ਮੁਲਕਾਂ ਦੀ ਰਾਜਨੀਤੀ, ਨੇਤਾ, ਬਿਆਨੀਏ ਉੱਪਰੋ-ਥੱਲੀ ਰਲਮਿਲ ਗਏ ਹਨ, ਪਰ ਤੰਦਾਂ ਛੁਡਾਉਣੀਆਂ ਵੀ ਜ਼ਰੂਰੀ ਨਹੀਂ ਜਾਪਦੀਆਂ। ਮਜ਼ਬੂਤ ਨੇਤਾਵਾਂ ਪਿੱਛੇ ਲੱਗ ਮੁਲਕਾਂ ਦੇ ਮਹਾਨ ਹੋਣ ਬਾਰੇ ਸਫ਼ਰਨਾਮੇ ਕਿੰਨੇ ਕੁ ਭਿੰਨ ਹੋ ਸਕਦੇ ਹਨ? ਯਾਰੋ, ਆਪਣੀਆਂ ਵੀ ਗੱਲਾਂ ਹੁਣ ਅਮੀਰਾਂ ਵਰਗੀਆਂ ਹੋ ਗਈਆਂ ਹਨ।

# ਕਿਸਾਨ ਆਗੂ ਸਰ ਛੋਟੂ ਰਾਮ ਨੂੰ ਯਾਦ ਕਰਦਿਆਂ

(ਸਫਾ 4 ਦੀ ਬਾਕੀ)

ਗਿਆ ਕਿ ਜਿਨਾਹ 24 ਘੰਟੇ ਦੇ ਅੰਦਰ ਪੰਜਾਬ ਤੋਂ ਬਾਹਰ ਨਿਕਲ ਜਾਵੇ, ਨਹੀਂ ਤਾਂ ਆਪਣਾ ਪੜ੍ਹਿਆ ਵਿਚਾਰੇ। ਜਿਨਾਹ ਅਗਲੇ ਹੀ ਦਿਨ ਪੰਜਾਬ ਛੱਡ ਕੇ ਕਸ਼ਮੀਰ ਚਲਿਆ ਗਿਆ। ਸਰ ਛੋਟੂ ਰਾਮ ਨੇ ਨਫ਼ਰਤ ਅਤੇ ਫ਼ਿਰਕਾਪ੍ਰਸਤੀ ਦੇ ਤੂਫ਼ਾਨ ਦਾ ਸਾਹਮਣਾ ਕਰਨ ਦੀਆਂ ਆਪਣੀਆਂ ਸਿਰਤੋੜ ਕੋਸ਼ਿਸ਼ਾਂ ਹੋਰ ਤੇਜ਼ ਕਰ ਦਿੱਤੀਆਂ। ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਫ਼ਿਰਕਾਪ੍ਰਸਤੀ ਦੇ ਰੋਗ ਦੀ ਦਵਾਈ ਆਰਥਿਕ ਭਲਾਈ ਹੈ। 1937 ਤੋਂ ਹੀ ਪੇਂਡੂ ਵਿਕਾਸ ਲਈ ਨਵੇਂ ਪ੍ਰਾਇਮਰੀ ਅਤੇ ਮਿਡਲ ਸਕੂਲ ਖੋਲ੍ਹਣ, ਪ੍ਰਾਇਮਰੀ ਸਿਹਤ ਕੇਂਦਰ ਸਥਾਪਤ ਕਰਨ, ਪਸ਼ੂ ਹਸਪਤਾਲ ਖੋਲ੍ਹਣ, ਲਘੂ ਉਦਯੋਗਾਂ ਨੂੰ ਉਤਸ਼ਾਹ ਦੇਣ, ਕਰਜ਼ੇ ਦੇ ਕੇਸ ਨਿਪਟਾਉਣ, ਤੱਕਾਵੀ ਕਰਜ਼ੇ ਦੇਣ ਵਗੈਰਾ ਦਾ ਛੇ-ਸਾਲਾ ਪ੍ਰੋਗਰਾਮ ਉਲੀਕ ਕੇ ਵਿਕਾਸ ਕੰਮ ਹੋਰ ਤੇਜ਼ ਕਰ ਦਿੱਤੇ। ਉਸ ਨੇ ਫ਼ਿਰਕਾਪ੍ਰਸਤੀ ਰੋਕਣ ਲਈ ਅਖ਼ਬਾਰਾਂ ਦਾ ਸਹਾਰਾ ਵੀ ਲਿਆ। ਉਰਦੂ ਅਖ਼ਬਾਰ ਮੁਸਲਿਮ ਲੀਗ ਦੇ ਹਾਮੀ ਸਨ। ਹਿੰਦੂKਸਿੱਖ ਮਾਲਕੀ ਵਾਲੇ ਅਖ਼ਬਾਰਾਂ ਨੇ ਨਾ ਸਿਰਫ਼ ਸਰ ਛੋਟੂ ਰਾਮ ਦਾ ਵਿਰੋਧ ਕਰਨਾ ਬੰਦ ਕਰ ਦਿੱਤਾ, ਸਗੋਂ ਉਸ ਦੀ ਛਵੀ ਹੋਰ ਉਭਾਰਨ ਵਿਚ ਜੁਟ ਗਏ। ਯੂਨੀਅਨਿਸਟ ਪਾਰਟੀ ਨੇ ਅੰਗਰੇਜ਼ੀ ਅਤੇ ਉਰਦੂ ਵਿਚ ਦੋ ਅਖ਼ਬਾਰ ਕੱਢਣ ਦਾ ਐਲਾਨ ਕੀਤਾ ਤਾਂ ਦੋ ਮਹੀਨਿਆਂ ਵਿਚ 35 ਲੱਖ ਰੁਪਏ ਚੰਦਾ ਇਕੱਠਾ ਹੋ ਗਿਆ।

ਕਿਸਾਨ ਮੁਖੀ ਕਾਨੂੰਨ ਕਿੰਨੇ ਪ੍ਰਭਾਵਸ਼ਾਲੀ ਸਨ, ਇਸ ਦੇ ਸਬੂਤ ਵਜੋਂ ਮੈਂ ਆਪਣੇ ਨਾਨਕਾ ਪਰਿਵਾਰ ਦੇ ਆਰਥਿਕ ਪਤਨ ਦੀ ਗੱਲ ਦੱਸਣੀ ਚਾਹਾਂਗਾ। ਛੋਟੂ ਰਾਮ ਵੱਲੋਂ ਪਾਸ ਕਰਵਾਏ 22 ਵਿਚੋਂ ਕੇਵਲ ਇਕ ਕਾਨੂੰਨ ਦਾ ਪ੍ਰਮਾਣ ਦੇ ਕੇ। ਸ਼ਾਹੂਕਾਰਾਂ ਵੱਲੋਂ ਗਹਿਣੇ ਦੁਆਰਾ ਹਥਿਆਈ ਜ਼ਮੀਨ ਨਾਲ ਸਬੰਧਤ ਇਸ ਐਕਟ ਦਾ ਨਾਂ 'ਦਿ ਪੰਜਾਬ ਰੈਸਟੀਟਿਊਸ਼ਨ ਆਫ ਮਾਰਟਗੇਜਡ ਲੈਂਡ ਐਕਟ 1938' ਸੀ। ਇਸ ਰਾਹੀਂ 8 ਜੂਨ 1901 ਤੋਂ ਲੈ ਕੇ 1938 ਤੱਕ ਅਸਲ ਮਾਲਕਾਂ ਦੀ ਸ਼ਾਹੂਕਾਰਾਂ ਕੋਲ ਗਹਿਣੇ ਪਈ ਜ਼ਮੀਨ ਐਕਟ ਦੇ ਪਾਸ ਹੁੰਦੇ ਸਾਰ ਅਸਲ ਮਾਲਕਾਂ ਦੀ ਹੋ ਜਾਣ ਸੀ। ਬਸ਼ਰਤੇ, ਇਸ ਭੂਮੀ ਨੂੰ ਗਹਿਣੇ ਪਿਆਂ 20 ਸਾਲ ਹੋ ਚੁੱਕੇ ਹੋਣ। ਦਲੀਲ ਇਹ ਕਿ ਸ਼ਾਹੂਕਾਰ ਪੂਰੇ ਦੋ ਦਹਾਕੇ ਜਾਂ ਇਸ ਤੋਂ ਵੱਧ ਇਸ ਜ਼ਮੀਨ ਦੀ ਖੱਟੀ ਖਾ ਚੁੱਕਿਆ ਹੈ ਤੇ ਹੁਣ ਉਸ ਨੂੰ ਇਸ 'ਤੇ ਕਾਬਜ਼ ਰਹਿਣ ਦਾ ਕੋਈ ਅਧਿਕਾਰ ਨਹੀਂ।

ਅਸਲ ਮਾਲਕ ਨੇ ਆਪਣੀ ਜ਼ਮੀਨ ਦੇ ਵੇਰਵੇ ਦੇ ਕੇ ਇਕ ਸਾਦੇ ਕਾਗਜ਼ 'ਤੇ ਡਿਪਟੀ ਕਮਿਸ਼ਨਰ ਨੂੰ ਅਰਜ਼ੀ ਦੇਣੀ ਹੁੰਦੀ ਸੀ, ਜਿਸ ਦੀ ਨਿਸ਼ਚਿਤ ਸਮੇਂ 'ਤੇ ਪੜਤਾਲ ਪਿੱਛੋਂ ਇਹ ਜ਼ਮੀਨ ਰਾਤੋ-ਰਾਤ ਅਸਲ ਮਾਲਕ ਦੀ ਹੋ ਜਾਣੀ ਸੀ। ਇਕ ਧੇਲਾ ਵੀ ਪੱਲਿਓਂ ਖਰਚੇ ਬਿਨਾਂ। ਨਤੀਜੇ ਵਜੋਂ 8 ਲੱਖ 35 ਹਜ਼ਾਰ ਇਕਾਈਆਂ ਜ਼ਮੀਨ (ਜਿਨ੍ਹਾਂ ਵਿਚ ਘੁਮਾਂ/ਏਕੜ/ਕਿੱਲੇ, ਵਿੱਘੇ ਤੇ ਕੱਚੇ ਵਿੱਘੇ ਸ਼ਾਮਲ ਸਨ), ਜਿਸ ਦੀ ਖੱਟੀ ਵੀਹਾਂ ਸਾਲਾਂ ਤੋਂ ਵੱਧ ਸਮੇਂ ਤੋਂ ਪੰਜਾਬ ਦੇ ਸ਼ਾਹੂਕਾਰ ਕੇਵਲ 4 ਲੱਖ 13 ਹਜ਼ਾਰ ਰੁਪਏ ਕਰਜ਼ਾ ਦੇ ਕੇ ਖਾਂਦੇ ਰਹੇ ਸਨ, ਤਿੰਨ ਲੱਖ 65 ਹਜ਼ਾਰ ਕਿਸਾਨਾਂ ਨੂੰ ਮੁਫ਼ਤੋ-ਮੁਫ਼ਤੀ ਵਾਪਸ ਮਿਲ ਗਈ ਸੀ।

ਮੇਰਾ ਨਾਨਾ ਵੀ ਸ਼ਾਹੂਕਾਰਾ ਕਰਦਾ ਸੀ। ਪਿੰਡ ਦੀ ਚਰਾਂਦ ਵਿਚ ਜੰਗਲੀ ਸੂਰਾਂ ਦਾ ਸ਼ਿਕਾਰ ਕਰਨਾ ਉਸ ਦਾ ਮਨਭਾਉਂਦਾ ਸ਼ੌਕ ਸੀ। ਅਫ਼ੀਮ ਵੀ ਖਾਂਦਾ ਸੀ। ਉਹਦੇ ਕੋਲ ਬਹੁਤ ਸਾਰੀ ਜ਼ਮੀਨ ਗਹਿਣੇ ਰੱਖੀ ਹੋਈ ਸੀ ਤੇ ਮਾਲਕਾਂ ਦੀ ਆਮਦਨ ਏਨੀ ਘਟ ਗਈ ਸੀ ਕਿ ਕਰਜ਼ੇ ਦੀ ਰਕਮ ਵਾਪਸ ਕਰਕੇ ਜ਼ਮੀਨ ਨਹੀਂ ਸਨ ਛੁਡਵਾ ਸਕਦੇ। ਛੋਟੂ ਰਾਮ ਵੱਲੋਂ ਪਾਸ ਕਰਵਾਏ ਐਕਟ ਨੇ ਇਹ ਜ਼ਮੀਨ ਅਸਲ ਮਾਲਕਾਂ ਨੂੰ ਰਾਤੋ ਰਾਤ ਵਾਪਸ ਕਰਵਾ ਦਿੱਤੀ ਸੀ। ਕਾਨੂੰਨ 'ਤੇ ਕਿੰਤੂ ਪ੍ਰੰਤੂ ਕਰਨ ਦਾ ਸਵਾਲ ਹੀ ਨਹੀਂ ਸੀ। ਫੇਰ ਵੀ ਵਕੀਲਾਂ ਨੇ ਮੇਰੇ ਨਾਨੇ ਨੂੰ ਭਰਮਾ ਲਿਆ ਕਿ ਉਹ ਕਚਹਿਰੀ ਵਿਚ ਕੇਸ ਪਾ ਦੇਵੇ ਤਾਂ ਉਸ ਨੂੰ ਗਹਿਣਿਓਂ ਖੁੱਸੀ ਜ਼ਮੀਨ ਬਦਲੇ ਸ਼ਾਮਲਾਟੀ ਚਰਾਂਦ ਵਿਚੋਂ ਵਧੇਰੇ ਜ਼ਮੀਨ ਮਿਲ ਜਾਵੇਗੀ। ਜਦੋਂ ਕੇਸ ਫਸ ਗਿਆ ਤਾਂ ਨਾਨਾ ਸੱਚਮੁਚ ਦਾ ਪਾਗ਼ਲ ਹੋ ਗਿਆ ਤੇ ਪਗੜੀ ਵਿਚ ਖੰਭ ਟੰਗ ਕੇ ਸਰਕਾਰੇ ਦਰਬਾਰੇ ਜਾਣ ਲੱਗ ਪਿਆ। ਪੰਜ ਧੀਆਂ ਤੇ ਤਿੰਨ ਪੁੱਤਰਾਂ ਦਾ ਪਾਲਣ-ਪੋਸ਼ਣ ਅਸੰਭਵ ਹੋ ਗਿਆ। ਇਸ ਅਵਸਥਾ ਵਿਚ ਅਫ਼ੀਮ ਦੀ ਗੋਲੀ ਖਾ ਕੇ ਸਾਰੇ ਟੱਬਰ ਨੂੰ ਆਪਣੇ ਕੋਲ ਸੱਦ ਕੇ ਪੁੱਛਣ ਲੱਗ ਜਾਂਦਾ ਕਿ ਕਿਸ ਨੂੰ ਕਿੰਨੀ ਭੋਇੰ ਲੋੜੀਂਦੀ ਹੈ। ਸ਼ਾਮਲਾਟ ਵਿਚੋਂ ਮਿਲਣ ਤੋਂ ਪਿੱਛੋਂ ਪਰਿਵਾਰ ਦੇ ਹਰ ਮੈਂਬਰ ਦੇ ਨਾਂ ਲਗਵਾ ਦੇਵੇਗਾ। ਮੈਥੋਂ ਵੀ ਪੁੱਛਦਾ ਤਾਂ ਮੈਨੂੰ ਸਮਝ ਨਹੀਂ ਸੀ ਆਉਂਦੀ। ਮੇਰੀ ਨਾਨੀ ਨੇ ਮੇਰੇ ਕੰਨ ਵਿਚ ਫੂਕ ਮਾਰਨੀ ਕਿ ਏਨੀ ਮੰਗ ਲੈ। ਮੇਰੀ ਮੰਗ ਸੁਣ ਕੇ ਨਾਨੇ ਨੇ ਖੁਸ਼ ਹੋ ਜਾਣਾ ਤੇ ਖਾਣਾ ਖਾ ਕੇ ਸੌਂ ਜਾਣਾ। ਸਮਾਂ ਪਾ ਕੇ ਮੈਂ ਵੀ ਛੋਟੂ ਰਾਮ ਦਾ ਮਦਾਹ ਹੋਏ ਬਿਨਾਂ ਨਹੀਂ ਰਹਿ ਸਕਿਆ।

ਛੋਟੂ ਰਾਮ ਦੇ ਸਭ ਰੰਗ ਨਿਰਾਲੇ ਸਨ। 1939 ਵਿਚ ਦੂਜਾ ਵਿਸ਼ਵ ਯੁੱਧ ਸ਼ੁਰੂ ਹੋਇਆ ਤਾਂ ਛੋਟੂ ਰਾਮ ਦੀ ਪ੍ਰੇਰਨਾ ਸਦਕਾ ਅਖੰਡ ਪੰਜਾਬ ਦੇ ਅਣਗਿਣਤ ਨੌਜਵਾਨ ਫੌਜ ਵਿਚ ਭਰਤੀ ਹੋ ਗਏ। ਉਨ੍ਹਾਂ ਦਿਨਾਂ ਵਿਚ ਫੌਜੀ ਭਰਤੀ ਲਈ ਪ੍ਰੇਰਨ ਵਾਸਤੇ ਇਕ ਲੋਕ ਬੋਲੀ ਵੀ ਆਮ ਹੋ ਚੁੱਕੀ ਸੀ। ਪੂਰੇ ਪੰਜਾਬ ਵਿਚ:

ਭਰਤੀ ਹੋ ਜਾਣਾ, ਹੋ ਜਾਣਾ ਰੰਗਰੂਟ
ਏਥੇ ਮਿਲਦੀ ਟੁੱਟੀ ਹੋਈ ਜੁੱਤੀ, ਉੱਥੇ ਮਿਲਦੇ ਬੂਟ,
ਭਰਤੀ ਹੋ ਜਾਣਾ...
ਏਥੇ ਮਿਲਦੇ ਪਾਟੇ ਹੋਏ ਕੱਪੜੇ, ਉੱਥੇ ਮਿਲਦੇ ਸੂਟ,
ਭਰਤੀ ਹੋ ਜਾਣਾ...

ਖ਼ੈਰ, ਛੋਟੂ ਰਾਮ ਦੇ ਇਸ ਉਪਰਾਲੇ ਤੋਂ ਗੋਰੇ ਹਾਕਮ ਬਹੁਤ ਪ੍ਰਭਾਵਿਤ ਹੋਏ। ਉਸ ਨੇ ਹਿਟਲਰ ਦੀ ਚੜ੍ਹਤ ਨੂੰ ਨੱਥ ਪਾਉਣ ਵਿਚ ਉਨ੍ਹਾਂ ਦਾ ਸਾਥ ਦਿੱਤਾ ਸੀ। ਉਨ੍ਹਾਂ ਨੇ ਖੁਸ਼ ਹੋ ਕੇ ਛੋਟੂ ਰਾਮ ਨੂੰ ਮਿੰਟਗੁਮਰੀ ਦੀ ਬਾਰ ਵਿਚ ਚਾਰ ਮੁਰੱਬੇ ਜ਼ਮੀਨ ਅਲਾਟ ਕਰ ਦਿੱਤੀ। ਛੋਟੂ ਰਾਮ ਨੇ ਇਹ ਜ਼ਮੀਨ ਏਸ ਸ਼ਰਤ 'ਤੇ ਪ੍ਰਵਾਨ ਕੀਤੀ ਕਿ ਉੱਥੇ ਬੇਜ਼ਮੀਨੇ ਤੇ ਦਲਿਤਾਂ ਨੂੰ ਵੀ 3000 ਏਕੜ ਜ਼ਮੀਨ ਦਿੱਤੀ ਜਾਵੇ। ਗੋਰੀ ਸਰਕਾਰ ਨੂੰ ਸ਼ਰਤ ਮੰਨਣੀ ਪਈ। ਇਸ ਦਾ ਹੇਠਲੇ ਵਰਗ ਦੇ ਲੋਕਾਂ ਨੂੰ ਬਹੁਤ ਲਾਭ ਹੋਇਆ।

ਸਰ ਛੋਟੂ ਰਾਮ ਸਭ ਤਰ੍ਹਾਂ ਦੀ ਵਿਵਸਥਾ ਵਿਚੋਂ ਲੋਕ ਭਲਾਈ ਦਾ ਮੁੱਦਾ ਲੱਭ ਕੇ ਉਸ 'ਤੇ ਪਹਿਰਾ ਦਿੰਦਾ ਸੀ। ਕਿਸਾਨੀ ਉਪਜ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਨੀਂਹ ਰੱਖਣ ਵਾਲਾ ਵੀ ਉਹੀਓ ਸੀ। ਦੂਜੇ ਵਿਸ਼ਵ ਯੁੱਧ ਸਮੇਂ ਵਾਇਸਰਾਇ ਲਾਰਡ ਵੇਵਲ ਨੇ ਸਾਰੇ ਸੂਬਿਆਂ ਦੇ ਖੇਤੀਬਾੜੀ ਮੰਤਰੀਆਂ ਦੀ ਮੀਟਿੰਗ ਬੁਲਾ ਕੇ ਹਿੰਦੋਸਤਾਨ ਤੋਂ ਵਿਦੇਸ਼ਾਂ ਵਿਚ ਭੇਜੀ ਜਾਣ ਵਾਲੀ ਕਣਕ ਦਾ ਮੁੱਲ ਛੇ ਰੁਪਏ ਮਣ ਰੱਖਣਾ ਚਾਹਿਆ। ਮੰਡੀ ਵਿਚ ਇਹੀਓ ਕਣਕ ਦਸ ਰੁਪਏ ਮਣ ਵਿਕ ਰਹੀ ਸੀ। ਇਸ ਤੋਂ ਪਹਿਲਾਂ ਗੋਰੀ ਸਰਕਾਰ ਬੰਗਾਲ ਦੇ ਕਿਸਾਨਾਂ ਕੋਲੋਂ ਚੌਲ ਸਸਤੇ ਭਾਅ ਖਰੀਦ ਕੇ ਲਿਜਾ ਚੁੱਕੀ ਸੀ, ਜਿਸ ਦੇ ਨਤੀਜੇ ਵਜੋਂ ਉੱਥੇ 30 ਲੱਖ ਵਸੋਂ ਭੁੱਖ ਨਾਲ ਮਰ ਗਈ ਸੀ। ਸਰ ਛੋਟੂ ਰਾਮ ਇਸ ਸਭ ਕਾਸੇ ਤੋਂ ਜਾਣੂ ਸੀ। ਉਹ ਕਿਸੇ ਸੂਰਤ ਵਿਚ ਵੀ ਪੰਜਾਬ ਨੂੰ ਬੰਗਾਲ ਵਾਲੇ ਰਾਹ ਨਹੀਂ ਸੀ ਤੋਰਨਾ ਚਾਹੁੰਦਾ।

ਉਸ ਨੇ ਵਾਇਸਰਾਇ ਨੂੰ ਕੋਰਾ ਉੱਤਰ ਦਿੱਤਾ ਕਿ ਪੰਜਾਬ ਤੋਂ ਕਣਕ ਦਾ ਇਕ ਦਾਣਾ ਵੀ 10 ਰੁਪਏ ਮਣ ਤੋਂ ਘੱਟ ਕੀਮਤ ਮਿਲੇ ਬਿਨਾਂ ਬਾਹਰ ਨਹੀਂ ਜਾਵੇਗਾ। ਇਹ ਵੀ ਕਿ ਜੇ ਧੱਕਾ ਕੀਤਾ ਗਿਆ ਤਾਂ ਪੰਜਾਬੀ ਆਪਣੀ ਖੜ੍ਹੀ ਫ਼ਸਲ ਨੂੰ ਅੱਗ ਲਾ ਦੇਣਗੇ। ਵਾਇਸਰਾਇ ਗੁੱਸੇ ਵਿਚ ਉੱਠ ਕੇ ਚਲਾ ਗਿਆ ਤੇ ਸਰ ਛੋਟੂ ਰਾਮ ਨੇ ਕੋਈ ਪ੍ਰਵਾਹ ਨਹੀਂ ਕੀਤੀ। ਖ਼ੁਦ ਵੀ ਉੱਠ ਗਿਆ। ਵਾਇਸਰਾਇ ਨੇ ਪੰਜਾਬ ਦੇ ਗਵਰਨਰ ਨੂੰ ਇਹ ਹੁਕਮ ਵੀ ਦਿੱਤਾ ਕਿ ਛੋਟੂ ਰਾਮ ਤੋਂ ਮੰਤਰੀ ਦਾ ਪਦ ਵਾਪਸ ਲੈ ਲਿਆ ਜਾਵੇ। ਜਦੋਂ ਗਵਰਨਰ ਨੇ ਕਿਹਾ ਕਿ ਅਜਿਹਾ ਕਰਨ ਨਾਲ ਤਾਂ ਸਾਰੇ ਪਾਸੇ ਭਾਂਬੜ ਮਚ ਜਾਵੇਗਾ ਤਾਂ ਸਰਕਾਰ ਨੂੰ ਸਾਰੀ ਕਣਕ 10 ਰੁਪਏ ਮਣ ਖਰੀਦਣੀ ਪਈ। ਸਰ ਛੋਟੂ ਰਾਮ ਦੀ ਪੂਰੇ ਹਿੰਦੋਸਤਾਨ ਵਿਚ ਬੱਲੇ-ਬੱਲੇ ਹੋ ਗਈ।

ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਸਰ ਛੋਟੂ ਰਾਮ ਦਾ ਭਾਖੜਾ ਡੈਮ ਦੀ ਉਸਾਰੀ ਵਿਚ ਵੀ ਮਹੱਤਵਪੂਰਨ ਯੋਗਦਾਨ ਸੀ। ਡੈਮ ਲਈ ਥਾਂ ਲੱਭਣ, ਪਾਣੀ ਦਾ ਵਹਾਅ ਜਾਨਣ, ਸੱਜੇ ਖੱਬੇ ਦੀਆਂ ਪਹਾੜੀਆਂ ਦੀ ਪਕਿਆਈ ਵੇਖਣ ਅਤੇ ਇਸ ਦੀ ਉਚਾਈ ਮਿੱਥਣ ਦਾ ਕੰਮ ਤਾਂ ਬਰਤਾਨਵੀ ਸਰਕਾਰ ਦੇ ਇੰਜਨੀਅਰਾਂ ਨੇ ਅਮਰੀਕਾ ਦੇ ਉਨ੍ਹਾਂ ਇੰਜਨੀਅਰਾਂ ਦੀ ਸਹਾਇਤਾ ਨਾਲ ਨੇਪਰੇ ਚਾੜ੍ਹ ਲਿਆ ਸੀ, ਜਿਹੜੇ ਡੈਮ ਬਣਾਉਣ ਦੇ ਮਾਹਿਰ ਸਨ, ਪਰ ਅਸਲੀ ਅੜਚਣ ਉਦੋਂ ਸ਼ੁਰੂ ਹੋਈ ਜਦੋਂ ਇਨ੍ਹਾਂ ਪਰਬਤਾਂ ਵਿਚ ਵਸਦੇ ਲੋਕਾਂ ਨੂੰ ਉੱਥੋਂ ਉਠਾ ਕੇ ਕਿਧਰੇ ਹੋਰ ਬਿਠਾਉਣਾ ਸੀ। ਵਸੋਂ ਦੇ ਉੱਠ ਜਾਣ ਤੋਂ ਪਿੱਛੋਂ ਹੀ ਮਿਥੀ ਗਈ ਝੀਲ ਵਿਚ ਪਾਣੀ ਭਰਨਾ ਸੀ। ਇਸ ਤੋਂ ਪਹਿਲਾਂ ਝੀਲ ਦੀ ਸਤਾਹ ਵਾਲੀ ਜ਼ਮੀਨ ਦੀ ਪਕਿਆਈ ਪਰਖਣ ਲਈ ਵੱਡੀ ਪੱਧਰ 'ਤੇ ਡਰਿਲਿੰਗ ਕੀਤੀ ਜਾਣੀ ਸੀ।

ਇਹ ਕੰਮ ਰਿਆਸਤ ਬਿਲਾਸਪੁਰ ਦੇ ਰਾਜੇ ਦੀ ਲਿਖਤੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਸੀ ਹੋ ਸਕਦਾ। ਓਧਰ ਪੰਜਾਬ ਸਰਕਾਰ ਵੀ ਡੈਮ 'ਤੇ ਹੋਣ ਵਾਲੇ ਖਰਚੇ ਦੇ ਮੁਕਾਬਲੇ 'ਤੇ ਆਮਦਨ ਹੋਣ ਦੇ ਸੰਭਾਵੀ ਅੰਕੜੇ ਮੰਗਣ ਲੱਗ ਪਈ। ਡੈਮ ਉਸਾਰੀ ਦਾ ਕੰਮ ਤਾਂ ਕੇਂਦਰ ਦੀ ਸਰਕਾਰ ਨੇ ਕਰਨਾ ਸੀ, ਪਰ ਨਹਿਰਾਂ ਕੱਢਣ ਦਾ ਪੰਜਾਬ ਸਰਕਾਰ ਨੇ। ਪੰਜਾਬ ਸਰਕਾਰ ਇਹ ਪੱਕਾ ਕਰਨਾ ਚਾਹੁੰਦੀ ਸੀ ਕਿ ਨਹਿਰਾਂ 'ਤੇ ਹੋਣ ਵਾਲੇ ਖਰਚੇ ਦੇ ਵਿਆਜ ਜਿੰਨੀ ਆਮਦਨ ਜ਼ਰੂਰ ਹੋਵੇ। ਸਰ ਛੋਟੂ ਰਾਮ ਨੇ ਇਸ ਮੰਗ ਦਾ ਜ਼ਬਰਦਸਤ ਵਿਰੋਧ ਕਰਦਿਆਂ ਸਬੰਧਤ ਧਿਰਾਂ ਨੂੰ ਸਮਝਾਇਆ ਕਿ ਸ਼ਹਿਰਾਂ ਵਿਚ ਸਕੂਲ, ਕਾਲਜ ਤੇ ਹਸਪਤਾਲ ਬਣਾਉਣ ਵੇਲੇ ਤਾਂ ਇਸ ਤਰ੍ਹਾਂ ਦਾ ਹਿਸਾਬ ਕਿਤਾਬ ਨਹੀਂ ਮੰਗਿਆ ਜਾਂਦਾ। ਗ੍ਰਾਮੀਣ ਵਸੋਂ ਨੂੰ ਹੋਣ ਵਾਲੇ ਲਾਭ ਨਾਲ ਸਬੰਧਤ ਪ੍ਰਾਜੈਕਟ ਬਾਰੇ ਆਨਾਕਾਨੀ ਪੇਂਡੂ ਵਰਗ ਨਾਲ ਵਿਤਕਰਾ ਹੈ। ਜਦੋਂ ਉਸ ਨੇ ਇਸ ਬਾਰੇ ਭਾਸ਼ਣ ਦੇ ਕੇ ਤੇ 'ਜਾਟ ਗਜ਼ਟ' ਵਿਚ ਲੇਖ ਲਿਖਿਆ ਤਾਂ ਸਭਨਾਂ ਧਿਰਾਂ ਦੇ ਕੰਨ ਖੁੱਲ੍ਹ ਗਏ ਤੇ ਰਜ਼ਾਮੰਦ ਹੋਣਾ ਪਿਆ।

ਬਿਲਾਸਪੁਰ ਦਾ ਰਾਜਾ ਆਪਣੇ ਕਿਸਾਨਾਂ ਨੂੰ ਕਿਸੇ ਹੋਰ ਥਾਂ ਭੇਜਣ ਦੇ ਰਾਹ ਵਿਚ ਰੋੜਾ ਅਟਕਾ ਰਿਹਾ ਸੀ। ਛੋਟੂ ਰਾਮ ਵੱਲੋਂ ਕਿਸਾਨਾਂ ਦੇ ਹੱਕ ਵਿਚ ਪਾਸ ਕਰਵਾਏ ਐਕਟਾਂ ਦੀ ਗੂੰਜ ਪਰਬਤਾਂ ਤੱਕ ਪਹੁੰਚ ਚੁੱਕੀ ਸੀ। ਉਸ ਨੇ ਸਭ ਤੋਂ ਪਹਿਲਾਂ ਕਿਸਾਨਾਂ ਨਾਲ ਤਾਲਮੇਲ ਕਰਕੇ ਉਨ੍ਹਾਂ ਨੂੰ ਰਾਜਸਥਾਨ ਵਿਚ ਵਧੇਰੇ ਜ਼ਮੀਨ ਲੈਣ ਲਈ ਮਨਾਇਆ ਤੇ ਫਿਰ ਬਿਲਾਸਪੁਰ ਦੇ ਰਾਜੇ ਨੂੰ ਪੁੱਛਿਆ ਕਿ ਜਦੋਂ ਇਸ ਪ੍ਰਾਜੈਕਟ ਦੀ ਯੋਜਨਾਬੰਦੀ ਹੋ ਰਹੀ ਸੀ, ਉਦੋਂ ਜ਼ੁਬਾਨੀ ਪ੍ਰਵਾਨਗੀ ਦੇਣ ਵੇਲੇ ਉਸ ਦੀ ਹੋਸ਼ ਕਿੱਥੇ ਸੀ। ਹੁਣ ਪੂਰੀ ਤਿਆਰੀ ਹੋ ਜਾਣ ਉਪਰੰਤ ਹੁਜਤਾਂ ਕਰਨ ਦਾ ਉਸ ਨੂੰ ਕੋਈ ਹੱਕ ਨਹੀਂ। ਅੰਤ 1944 ਦੇ ਨਵੰਬਰ ਮਹੀਨੇ ਪੰਜਾਬ ਸਰਕਾਰ ਤੇ ਬਿਲਾਸਪੁਰ ਦੇ ਰਾਜੇ ਵਿਚ ਲਿਖਤੀ ਸਮਝੌਤਾ ਹੋ ਗਿਆ। ਡਰਿਲਿੰਗ ਲਈ ਵੀ ਰਾਹ ਪੱਧਰਾ ਹੋ ਗਿਆ, ਜਿਹੜੀ 58 ਥਾਵਾਂ 'ਤੇ ਕੀਤੀ ਗਈ।

ਕੁਦਰਤ ਦੀ ਸਿਤਮ ਜ਼ਰੀਫ਼ੀ ਦੇਖੋ ਕਿ ਇਸ ਯੋਜਨਾ ਦੇ ਸਾਰੇ ਪੱਖਾਂ ਨੂੰ ਕਲਮਬੰਦ ਕਰਕੇ ਇਸ ਇਤਿਹਾਸਕ ਸਮਝੌਤੇ ਦੇ ਅੰਤਿਮ ਰੂਪ 'ਤੇ ਸਰ ਛੋਟੂ ਰਾਮ ਨੇ 8 ਜਨਵਰੀ, 1945 ਨੂੰ ਦਸਤਖ਼ਤ ਕੀਤੇ ਅਤੇ ਅਗਲੇ ਦਿਨ 9 ਜਨਵਰੀ ਨੂੰ ਖ਼ੁਦ ਦਿਲ ਦੇ ਦੌਰੇ ਦਾ ਸ਼ਿਕਾਰ ਹੋ ਕੇ ਪਰਲੋਕ ਸਿਧਾਰ ਗਿਆ। ਸਰ ਛੋਟੂ ਰਾਮ ਦਾ ਆਖ਼ਰੀ ਉਮਰੇ ਕਿਸੇ ਤਰ੍ਹਾਂ ਕਸ਼ਟ ਭੋਗੇ ਬਿਨਾਂ ਚੁੱਪ ਚੁਪੀਤੇ ਤੁਰ ਜਾਣਾ, ਉਸ ਦੀ ਸੁਹਿਰਦ ਸੋਚ ਤੇ ਅਗਾਂਹਵਧੂ ਧਾਰਨਾ 'ਤੇ ਮੋਹਰ ਲਾਉਂਦਾ ਹੈ।

ਰਾਮ ਰਛਪਾਲ ਤੋਂ ਛੋਟੂ ਰਾਮ, ਚੌਧਰੀ ਛੋਟੂ ਰਾਮ ਤੇ ਫੇਰ ਸਰ ਛੋਟੂ ਰਾਮ ਦਾ ਨਾਂ ਤਾਂ ਮੈਂ ਆਪਣੇ ਨਾਨਕਿਆਂ ਤੋਂ ਹੀ ਸੁਣਦਾ ਆਇਆ ਹਾਂ, ਪਰ ਉਸ ਦੇ ਜੀਵਨ ਤੇ ਪ੍ਰਾਪਤੀਆਂ ਬਾਰੇ ਭਰਪੂਰ ਜਾਣਕਾਰੀ ਮੈਨੂੰ ਪ੍ਰੋ. ਬਸੰਤ ਸਿੰਘ ਬਰਾੜ ਦੀ ਹਾਲ ਵਿਚ ਹੀ ਛਪੀ ਪੁਸਤਕ 'ਕਿਸਾਨਾਂ ਦੇ ਮਸੀਹਾ ਸਰ ਛੋਟੂ ਰਾਮ' ਵਿਚੋਂ ਮਿਲੀ ਹੈ। ਪ੍ਰੋ. ਬਰਾੜ ਦੇ ਸ਼ਬਦ ਹਨ:

'ਸਰ ਛੋਟੂ ਰਾਮ ਵਿਲੱਖਣ ਸ਼ਖ਼ਸੀਅਤ ਦੇ ਮਾਲਕ ਸਨ।

ਉਨ੍ਹਾਂ ਵਿਚ ਰੱਤੀ ਭਰ ਵੀ ਬਨਾਵਟ ਨਹੀਂ ਸੀ, ਜੋ ਅੰਦਰੋ ਸਨ, ਉਹੀ ਬਾਹਰੋਂ। ਸਦਾ ਖਰੀ-ਖਰੀ ਗੱਲ ਕਰਦੇ ਸਨ। ਹੱਦ ਦਰਜੇ ਦੇ ਅਕਲਮੰਦ, ਸੰਵੇਦਨਸ਼ੀਲ, ਸੂਝਵਾਨ ਅਤੇ ਬੁੱਧੀਮਾਨ ਹੀ ਨਹੀਂ, ਸਗੋਂ ਸੁਭਾਵਿਕ ਸੂਝ-ਬੂਝ ਵਿਚ ਵੀ ਨਿਪੁੰਨ ਸਨ। ਅਤਿਅੰਤ ਮਿਹਨਤੀ ਹੋਣ ਕਰਕੇ ਹਰ ਕੰਮ ਸੰਪੂਰਨ ਕਰਨ ਲਈ ਉਤਾਵਲੇ ਰਹਿੰਦੇ ਸਨ।'

ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਚਾਂਸਲਰ ਡਾ. ਸਰਦਾਰਾ ਸਿੰਘ ਜੌਹਲ ਦਾ ਲਿਖਿਆ ਹੋਇਆ ਮੁੱਖ ਬੰਦ ਵੀ ਪ੍ਰੋ. ਬਰਾੜ ਦੀ ਧਾਰਨਾ 'ਤੇ ਸਹੀ ਪਾਉਂਦਾ ਹੈ। ਉਹ ਲਿਖਦੇ ਹਨ:

'ਸਰ ਛੋਟੂ ਰਾਮ ਬਾਰੇ ਲਿਖਣਾ ਹੋਵੇ ਤਾਂ ਕਲਮ ਥੱਕ ਜਾਂਦੀ ਹੈ। ਇਸ ਕਿਸਾਨਾਂ ਦੇ ਮਸੀਹਾ ਰਾਹੀਂ ਪ੍ਰਮਾਤਮਾ ਨੇ ਇਕ ਵਿਅਕਤੀ ਦੇ ਰੂਪ ਵਿਚ ਇਕ ਵਿਸ਼ਾਲ ਸੰਸਥਾ ਨੂੰ ਜਨਮ ਦਿੱਤਾ। ਉਨ੍ਹਾਂ ਜਿੱਥੇ ਵੀ ਕਦਮ ਰੱਖਿਆ, ਜਿਸ ਜ਼ਿੰਮੇਵਾਰੀ ਨੂੰ ਹੱਥ ਵਿਚ ਲਿਆ, ਇਕ ਮੀਲ ਪੱਥਰ ਸਿਰਜਿਆ। ਕਿਸਾਨ ਭਲਾਈ, ਖੇਤ ਮਜ਼ਦੂਰਾਂ, ਮਿਹਨਤ-ਮੁਸ਼ੱਕਤ ਨਾਲ ਰੋਟੀ ਕਮਾਉਂਦੀ ਗ਼ਰੀਬ ਜਨਤਾ ਦੀ ਸ਼ਾਹੂਕਾਰਾਂ ਤੇ ਸਰਕਾਰੀ ਅਫ਼ਸਰਾਂ ਹੱਥੀਂ ਲੁੱਟ ਉਨ੍ਹਾਂ ਦਾ ਸੀਨਾ ਸਾੜਦੀ ਸੀ। ਵਿਰੋਧੀਆਂ ਦੀਆਂ ਕੋਝੀਆਂ ਚਾਲਾਂ ਤੇ ਹਰਬਿਆਂ ਅਤੇ ਵਿਦੇਸ਼ੀ ਸਰਕਾਰ ਦੀਆਂ ਅੜਚਣਾਂ ਦੇ ਬਾਵਜੂਦ ਕਿਸਾਨਾਂ ਅਤੇ ਪੇਂਡੂ ਵਸਨੀਕਾਂ ਨੂੰ ਉਨ੍ਹਾਂ ਦੀ ਦੇਣ ਬੇਮਿਸਾਲ ਹੈ।'

ਸਰ ਛੋਟੂ ਰਾਮ ਨੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ 1930 ਦੇ ਦਹਾਕੇ ਵਿਚ ਡੇਢ ਦਰਜਨ ਲੇਖ ਵੀ ਲਿਖੇ, ਜਿਹੜੇ 'ਵਿਚਾਰਾ ਜ਼ਿਮੀਂਦਾਰ' ਲੇਖ ਲੜੀ ਅਧੀਨ 'ਜਾਟ ਗਜ਼ਟ' ਵਿਚ ਛਪੇ। ਇਨ੍ਹਾਂ ਵਿਚ ਵੀ ਕਿਸਾਨਾਂ ਨੂੰ ਸਰਗਰਮ ਤੇ ਸੁਤੰਤਰ ਰੂਪ ਵਿਚ ਜਥੇਬੰਦ ਹੋ ਕੇ ਆਪਣੇ ਹੱਕਾਂ ਲਈ ਆਵਾਜ਼ ਉਠਾਉਣ ਦਾ ਸੰਦੇਸ਼ ਸੀ। ਅੰਤਲਾ ਲੇਖ ਕਿਸਾਨਾਂ ਲਈ ਸੰਦੇਸ਼ ਹੈ, ਜਿਹੜਾ ਕਿ ਪੌਣੀ ਸਦੀ ਲੰਘ ਜਾਣ 'ਤੇ ਵੀ ਓਨਾ ਹੀ ਪ੍ਰਸੰਗਕ ਹੈ। ਉਸ ਦਾ ਸਾਰ ਇਹ ਸੀ:

'ਸਭਾਅ ਪੱਖੋਂ ਹਰ ਮਨੁੱਖ ਆਪਣੀਆਂ ਆਦਤਾਂ ਦਾ ਗ਼ੁਲਾਮ ਅਤੇ ਆਧੁਨਿਕ ਵਿਚਾਰਧਾਰਾ ਦਾ ਪ੍ਰਸੰਸਕ ਹੁੰਦਾ ਹੈ, ਪ੍ਰੰਤੂ ਕੁਝ ਹੱਦ ਤੱਕ ਇਤਿਹਾਸਕ ਘਟਨਾਵਾਂ, ਆਲੇ-ਦੁਆਲੇ ਦੇ ਪ੍ਰਭਾਵ, ਉਸ ਦੀ ਆਪਣੀ ਅਗਿਆਨਤਾ ਅਤੇ ਚੁੱਪ ਅਤੇ ਕੁਝ ਗਲਤਫਹਿਮੀਆਂ ਕਰਕੇ ਕਿਸਾਨ ਦਾ ਰਵੱਈਆ ਇਸ ਤਰ੍ਹਾਂ ਢਲ ਗਿਆ ਹੈ ਕਿ ਉਹ ਆਪਣੇ ਆਪ ਨੂੰ ਅੱਜ-ਕੱਲ੍ਹ ਦੀ ਜ਼ਿੰਦਗੀ ਦੀ ਖਿੱਚੋਤਾਣ ਦਾ ਸਾਹਮਣਾ ਕਰਨ ਦੇ ਲਾਇਕ ਨਹੀਂ ਸਮਝਦਾ। ਉਸ ਦੇ ਮਨ ਵਿਚ ਅਜਿਹੇ ਵਿਚਾਰ ਘਰ ਕਰ ਗਏ ਹਨ ਅਤੇ ਉਸ ਨੂੰ ਅਜਿਹੇ ਫਿਕਰਾਂ ਅਤੇ ਵਿਚਾਰਧਾਰਾਵਾਂ ਦੀ ਆਦਤ ਪੈ ਗਈ ਹੈ ਕਿ ਉਹ ਆਪਣੇ ਟੀਚੇ 'ਤੇ ਪਹੁੰਚਣ ਦਾ ਰਾਹ ਨਹੀਂ ਲੱਭ ਸਕਦਾ।

ਹਿੰਦੂ ਧਰਮ ਅਨੁਸਾਰ ਜੀਵਨ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲਾ ਪੜਾਅ ਬ੍ਰਹਮਚਾਰੀ ਜੀਵਨ ਦਾ ਹੁੰਦਾ ਹੈ। ਇਹ ਗਿਆਨ ਪ੍ਰਾਪਤ ਕਰਨ ਅਤੇ ਮਾਨਸਿਕ ਅਤੇ ਸਰੀਰਕ ਸ਼ਕਤੀਆਂ ਦਾ ਵਿਕਾਸ ਕਰਨ ਦਾ ਸਮਾਂ ਹੁੰਦਾ ਹੈ ਤਾਂ ਕਿ ਮਨੁੱਖ ਭਵਿੱਖ ਦੇ ਸਾਰੇ ਸੰਘਰਸ਼ਾਂ ਲਈ ਤਿਆਰ ਹੋ ਜਾਵੇ। ਦੂਸਰਾ, ਗ੍ਰਹਿਸਥ ਆਸ਼ਰਮ ਹੁੰਦਾ ਹੈ, ਜਿਸ ਦਾ ਸਬੰਧ ਪਰਿਵਾਰਕ ਜੀਵਨ ਨਾਲ ਹੁੰਦਾ ਹੈ। ਇਸ ਪੜਾਅ 'ਤੇ ਪਹੁੰਚਣ 'ਤੇ ਮਨੁੱਖ ਨੂੰ ਬੱਚੇ ਪੈਦਾ ਕਰਨ, ਰੋਜ਼ੀ-ਰੋਟੀ ਕਮਾਉਣ, ਧਨ ਜੋੜਨ, ਧਾਰਮਿਕ ਬਣਨ ਅਤੇ ਨਾਮਣਾ ਖੱਟਣ ਦਾ ਆਦੇਸ਼ ਹੈ। ਜਿਸ ਮਾਨਸਿਕਤਾ ਨੇ ਕਿਸਾਨ ਨੂੰ ਪ੍ਰਭਾਵਿਤ ਕੀਤਾ ਹੋਇਆ ਹੈ, ਉਸ ਦਾ ਸਬੰਧ ਮੁੱਖ ਤੌਰ 'ਤੇ ਤੀਜੇ ਅਤੇ ਚੌਥੇ ਪੜਾਵਾਂ ਨਾਲ ਹੈ। ਇਸ ਤੋਂ ਇਲਾਵਾ ਉਹ ਹਿੰਦੂ, ਇਸਲਾਮ ਅਤੇ ਸਿੱਖ ਧਰਮਾਂ ਦੇ ਪੁਜਾਰੀਆਂ, ਸੰਤਾਂ ਅਤੇ ਫ਼ਕੀਰਾਂ ਤੋਂ ਕੁਝ ਸਿੱਖਿਆ ਲੈਂਦਾ ਹੈ, ਜਿਸ ਵਿਚ ਕਈ ਪੱਖਾਂ ਤੋਂ ਨੁਕਸ ਹੁੰਦੇ ਹਨ।

ਐ ਕਿਸਾਨ, ਹੁਣ ਤੱਕ ਤੈਨੂੰ ਹਮੇਸ਼ਾ ਸ਼ਾਂਤੀ ਅਤੇ ਸੰਤੁਸ਼ਟੀ ਦੇ ਪਾਠ ਪੜ੍ਹਾਏ ਜਾਂਦੇ ਰਹੇ ਹਨ। ਹੁਣ ਮੈਂ ਤੈਨੂੰ ਅਸੰਤੋਸ਼ ਦਾ ਸਬਕ ਸਿਖਾਉਣਾ ਚਾਹੁੰਦਾ ਹਾਂ। ਸ਼ਾਂਤੀ ਅਤੇ ਸੰਤੁਸ਼ਟੀ ਦੋਵੇਂ ਹੀ ਸੰਘਰਸ਼ ਦੇ ਦੁਸ਼ਮਣ ਹਨ। ਮੈਂ ਤੈਨੂੰ ਸਰਗਰਮੀਆਂ ਵਿਚ ਰੁੱਝਿਆ ਵੇਖਣਾ ਚਾਹੁੰਦਾ ਹਾਂ। ਜੋ ਕੋਈ ਵੀ ਕਿਸਮਤ ਵਿਚ ਯਕੀਨ ਰੱਖਣ ਦਾ ਪ੍ਰਚਾਰ ਕਰਦਾ ਹੈ, ਉਹ ਗਲਤ ਹੈ। ਕਿਸਮਤ ਦਾ ਸਮਰਥਨ ਕਰਨ ਵਾਲਿਆਂ ਦੇ ਵਿਰੁੱਧ ਡਟ ਜਾ। ਮੈਂ ਤੈਨੂੰ ਭਾਗਵਾਦ ਦੇ ਵਿਰੁੱਧ ਪ੍ਰਚਾਰ ਕਰਨ ਦੀ ਲੋੜ ਦਾ ਆਦੇਸ਼ ਦਿੰਦਾ ਹਾਂ। ਜੇ ਤੇਰੇ ਤੋਂ ਉਪਰ ਵਾਲਾ ਕੋਈ ਮਨੁੱਖ ਤੇਰੇ ਕੰਮ ਵਿਚ ਅੜਿੱਕਾ ਪਾਉਂਦਾ ਹੈ ਤਾਂ ਉਸ ਦੇ ਵਿਰੁੱਧ ਵੀ ਲੜਾਈ ਕਰ। ਜੇ ਤੂੰ ਕਿਸਮਤ 'ਤੇ ਨਿਰਭਰ ਰਿਹਾ ਤਾਂ ਤੂੰ ਕਦੇ ਤਰੱਕੀ ਨਹੀਂ ਕਰ ਸਕਦਾ। ਸਿਰਫ਼ ਉਹ ਆਦਮੀ ਤਰੱਕੀ ਕਰ ਸਕਦਾ ਹੈ, ਜਿਹੜਾ ਆਪਣੀ ਵਰਤਮਾਨ ਹਾਲਤ ਤੋਂ ਅਸੰਤੁਸ਼ਟ ਅਤੇ ਨਾਖੁਸ਼ ਹੈ। ਜਿਸ ਆਦਮੀ ਨੇ ਕਿਸਮਤ ਨਾਲ ਸਮਝੌਤਾ ਕਰ ਲਿਆ, ਉਹ ਤਰੱਕੀ ਕਰਨ ਬਾਰੇ ਸੋਚ ਵੀ ਨਹੀਂ ਸਕਦਾ। ਹੁਣ ਤੱਕ ਤੈਨੂੰ ਸ਼ਾਂਤੀ ਦੇ ਉਪਦੇਸ਼ ਦਿੱਤੇ ਜਾਂਦੇ ਰਹੇ ਹਨ, ਪਰ ਮੈਂ ਚਾਹੁੰਦਾ ਹਾਂ ਕਿ ਤੂੰ ਅਸੰਤੋਸ਼, ਹਿਲਜੁਲ, ਕਾਰਜਸ਼ੀਲਤਾ ਅਤੇ ਗਤੀਵਾਦ ਦੇ ਫ਼ਾਇਦੇ ਸਮਝ ਸਕੇਂ।

ਸਰਗਰਮੀ ਜੀਵਨ ਦੀ ਨਿਸ਼ਾਨੀ ਹੈ, ਕੋਸ਼ਿਸ਼ ਆਪਣੇ ਆਪ ਵਿਚ ਜੀਵਨ ਹੈ। ਕ੍ਰਿਆਹੀਣਤਾ ਮੌਤ ਹੈ। ਇਹ ਲਾਸ਼ ਦਾ ਲੱਛਣ ਹੈ। ਇਸ ਨੂੰ ਤਿਆਗ ਦੇ, ਮੱਥਾ ਟੇਕ ਦੇ। ਵੇਖ, ਜਦ ਤੱਕ ਪਾਣੀ ਵਗਦਾ ਰਹਿੰਦਾ, ਸ਼ੁੱਧ ਰਹਿੰਦਾ ਹੈ, ਖੜ੍ਹਾ ਪਾਣੀ ਬਦਬੂ ਮਾਰਨ ਲਗਦਾ ਹੈ। ਗੁੰਮਰਾਹ ਹੋਏ ਆਗੂਆਂ ਨੇ ਕ੍ਰਿਆਹੀਣਤਾ ਦਾ ਪ੍ਰਚਾਰ ਕੀਤਾ ਹੈ। ਮੈਂ ਤੈਨੂੰ ਕ੍ਰਾਂਤੀ ਦਾ ਸਬਕ ਸਿਖਾਉਣਾ ਚਾਹੁੰਦਾ ਹਾਂ। ਸ਼ਾਂਤੀਵਾਦ ਜਾਂ ਕ੍ਰਿਆਹੀਣਤਾ ਦਾ ਸਿਰਫ਼ ਸ਼ਮਸ਼ਾਨਘਾਟ 'ਤੇ ਰਾਜ ਹੁੰਦਾ ਹੈ। ਇਸ ਦਾ ਜਿਉਂਦੇ ਲੋਕਾਂ ਦੀ ਦੁਨੀਆਂ ਵਿਚ ਕੀ ਕੰਮ? ਐ ਕਿਸਾਨ, ਤੂੰ ਜਿਉਂਦਾ ਜਾਗਦਾ ਹੈਂ। ਜੇ ਤੂੰ ਮੁਰਦਿਆਂ ਦੇ ਬਰਾਬਰ ਨਹੀਂ ਸਮਝਿਆ ਜਾਣਾ ਚਾਹੁੰਦਾ ਤਾਂ ਕ੍ਰਿਆਹੀਣਤਾ ਦੇ ਸਰਾਪ ਤੋਂ ਪਿੱਛਾ ਛੁਡਾ। ਸਿਰ ਤੋਂ ਪੈਰਾਂ ਤੱਕ ਰੌਲਾ ਪਾ, ਦਰਿਆ ਵਾਂਗ ਸ਼ੋਰ ਮਚਾ। ਸਮੁੰਦਰ ਦਾ ਜਵਾਰਭਾਟਾ ਬਣ, ਸ਼ੇਰ ਵਾਂਗ ਦਹਾੜ ਕੇ ਜੰਗਲ ਦਾ ਰਾਜਾ ਬਣ। ਨੀਵੀਂ ਪਾਉਣਾ ਨੈਤਿਕ ਜੁਰਮ ਹੈ, ਪਾਪ ਹੈ ਅਤੇ ਆਪਣੀ ਬਰਾਦਰੀ ਦੀ ਹੇਠੀ ਵੀ ਹੈ। ਇਸ ਲਈ ਉਪਰ ਵੇਖ ਆਕਾਸ਼ 'ਤੇ ਨਜ਼ਰਾਂ ਗੱਡ, ਜ਼ਮੀਨ 'ਤੇ ਤੁਰਨ ਵਾਲਾ ਜਨੌਰ ਨਾ ਬਣ, ਬਲਕਿ ਬਾਜ਼ ਵਾਂਗ ਉੱਚੀਆਂ ਉਡਾਰੀਆਂ ਮਾਰਨਾ ਸਿੱਖ। ਜੇ ਤੂੰ ਦੂਰ ਤੱਕ ਨਜ਼ਰ ਹੀ ਨਹੀਂ ਮਾਰਦਾ ਤਾਂ ਤਰੱਕੀ ਕਿਵੇਂ ਕਰ ਸਕਦਾ ਹੈਂ? ਇਹ ਕੋਈ ਅਤਿਕਥਨੀ ਨਹੀਂ ਕਿ ਤੇਰੇ ਪੈਰ ਜ਼ਮੀਨ 'ਤੇ ਗੱਡੇ ਹੋਏ ਅਤੇ ਨਜ਼ਰ ਆਕਾਸ਼ ਉੱਤੇ ਟਿਕੀ ਹੋਣੀ ਚਾਹੀਦੀ ਹੈ। ਤੇਰੀ ਤਿੱਖੀ ਨਜ਼ਰ ਚੀਰ ਕੇ ਲੰਘ ਜਾਣ ਵਾਲੀ ਹੋਣੀ ਚਾਹੀਦੀ ਹੈ। ਲੋਕਾਂ ਦੀ ਨਜ਼ਰ ਵਿਚ ਤੂੰ ਬਹਾਦਰ ਹੈਂ। ਪਰ ਮੇਰੇ ਕਿਸਾਨ ਭਾਈ, ਮੈਂ ਅਜਿਹਾ ਨਹੀਂ ਸਮਝਦਾ। ਤੇਰੀ ਬਹਾਦਰੀ ਸਿਰਫ਼ ਜਿਸਮਾਨੀ ਕਾਰਨਾਮਿਆਂ ਤੱਕ ਸੀਮਤ ਹੈ ਅਤੇ ਉਹ ਵੀ ਤਦ ਜਦ ਤੂੰ ਰਣ ਖੇਤਰ ਵਿਚ ਹੁੰਦਾ ਹੈਂ ਜਾਂ ਜਦ ਤੇਰੀ ਡਾਂਗ ਨੂੰ ਤੇਰੇ ਆਪਣੇ ਭਰਾ ਦਾ ਸਿਰ ਪਾੜਨ ਦੀ ਤਾਂਘ ਹੁੰਦੀ ਹੈ। ਪੁਲੀਸ ਦੇ ਸਿਪਾਹੀ ਨੂੰ ਵੇਖ ਕੇ ਹੀ ਤੂੰ ਕੰਬਣ ਲੱਗ ਪੈਂਦਾ ਹੈਂ। ਜਦ ਕਿਸੇ ਸਰਕਾਰੀ ਕਰਮਚਾਰੀ ਨੂੰ ਵੇਖਦਾ ਹੈਂ, ਤਦ ਵੀ ਇਸੇ ਤਰ੍ਹਾਂ ਹੁੰਦਾ ਹੈ। ਕੋਈ ਬਦਮਾਸ਼ ਬੰਦੂਕ ਤਾਣ ਕੇ ਸਾਰੇ ਪਿੰਡ ਨੂੰ ਡਰਾ ਲੈਂਦਾ ਹੈ ਅਤੇ ਨਾਜਾਇਜ਼ ਮੰਗ ਪੂਰੀ ਕਰਵਾ ਲੈਂਦਾ ਹੈ। ਸਾਰੇ ਕਿਸਾਨਾਂ ਦੀ ਇਖ਼ਲਾਕੀ ਕਾਇਰਤਾਂ ਨੂੰ ਕੁਝ ਵਧਾ-ਚੜ੍ਹਾ ਕੇ ਦੱਸਣ 'ਤੇ ਸ਼ਾਇਦ ਮੇਰੇ ਕੁਝ ਸਕੇ ਸਬੰਧੀ ਵੀ ਮੇਰੇ ਨਾਲ ਗੁੱਸੇ ਹੋ ਜਾਣ। ਮੈਂ ਇਹ ਸਭ ਕੁਝ ਆਮ ਕਿਸਾਨਾਂ ਅਤੇ ਕੌਂਸਲ ਦੇ ਕਿਸਾਨ ਮੈਂਬਰਾਂ ਦੇ ਚੋਭਾਂ ਮਾਰਨ ਦੀ ਜ਼ਰੂਰਤ ਚੇਤੇ ਕਰਵਾਉਣ ਲਈ ਜਾਣ-ਬੁੱਝ ਕੇ ਕਰ ਰਿਹਾ ਹਾਂ। ਸਗੋਂ, ਮੈਂ ਆਪਣਾ ਚਾਬੁਕ ਹੋਰ ਤਿੱਖਾ ਕਰਨ ਵਾਲਾ ਹਾਂ।

ਕਿਸਾਨ ਨੂੰ ਇਸ ਕਿਸਮ ਦੀ ਸਿੱਖਿਆ ਦਿੱਤੀ ਜਾਂਦੀ ਹੈ, ਜੋ ਉਸ ਨੂੰ ਕ੍ਰਿਆਹੀਣ ਬਣਾ ਦਿੰਦੀ ਹੈ। ਉਸ ਵਿਚ ਬਹੁਤ ਜ਼ਿਆਦਾ ਹੀਣ ਭਾਵਨਾ ਪੈਦਾ ਕਰ ਦਿੱਤੀ ਗਈ ਹੈ। ਮੈਂ ਚਾਹੁੰਦਾ ਹਾਂ ਕਿ ਇਸ ਅਹਿਸਾਸ-ਏ-ਕਮਤਰੀ ਦਾ ਸਥਾਨ ਫ਼ਖਰ ਅਤੇ ਆਤਮ-ਸਨਮਾਨ ਮੱਲ ਲਵੇ। ਮੈਂ ਕਿਸਾਨ ਨੂੰ ਹੁਕਮਰਾਨ ਵੇਖਣਾ ਚਾਹੁੰਦਾ ਹਾਂ ਅਤੇ ਇਸੇ ਕਰਕੇ ਮੈਂ ਚਾਹੁੰਦਾ ਹਾਂ ਕਿ ਉਹ ਦੂਜਿਆਂ ਉਪਰ ਨਿਰਭਰ ਹੋਣ ਦੀ ਭਾਵਨਾ ਤੋਂ ਪਿੱਛਾ ਛੁਡਾਵੇ। ਗਲਤ ਸਿੱਖਿਆ ਤੋਂ ਇਲਾਵਾ ਫ਼ਜ਼ੂਲ ਦੇ ਫ਼ਿਕਰਾਂ ਅਤੇ ਸ਼ਰਾਫ਼ਤ ਨੇ ਉਸ ਨੂੰ ਡਰਪੋਕ ਅਤੇ ਬੇਸਮਝ ਬਣਾ ਦਿੱਤਾ ਹੈ – ਅਤੇ ਉਸ ਨੇ ਹਜ਼ਾਰਾਂ ਨਵੇਂ ਦੇਵੀ ਦੇਵਤੇ ਸਿਰਜ ਲਏ ਹਨ। ਇਸ ਲਈ ਮੈਂ ਕਹਿੰਦਾ ਹਾਂ ਕਿ ਐ ਕਿਸਾਨ, ਉਸ ਸਰਬਸ਼ਕਤੀਮਾਨ ਭਗਵਾਨ ਤੋਂ ਸਿਵਾਏ ਕਿਸੇ ਨੂੰ ਭਗਵਾਨ ਸਮਝ ਕੇ ਨਾ ਪੂਜ, ਕਿਸੇ ਦਾ ਪਿੱਛਲੱਗ ਨਾ ਬਣ, ਕਿਸੇ ਦਾ ਗ਼ੁਲਾਮ ਨਹੀਂ, ਸਗੋਂ ਮਾਲਕ ਬਣ, ਗ਼ੁਲਾਮੀ ਛੱਡ ਅਤੇ ਹਾਕਮ ਬਣ।'

ਇਹ ਦੱਸਣਾ ਵੀ ਬਣਦਾ ਹੈ ਕਿ ਸਰ ਛੋਟੂ ਰਾਮ ਨੇ ਇਕ ਕਿਸਾਨ ਭਲਾਈ ਫੰਡ ਸਥਾਪਤ ਕੀਤਾ ਸੀ, ਜਿਸ ਰਾਹੀਂ ਗ਼ਰੀਬ ਪਰ ਲਾਇਕ ਵਿਦਿਆਰਥੀਆਂ ਨੂੰ ਵਜ਼ੀਫ਼ੇ ਦਿੱਤੇ ਜਾਂਦੇ ਸਨ। 1995 ਵਿਚ ਸਰ ਛੋਟੂ ਰਾਮ ਦੇ 50ਵੇਂ ਵਰ੍ਹੀਣੇ 'ਤੇ ਪਾਕਿਸਤਾਨ ਦੇ ਨੋਬੇਲ ਇਨਾਮ ਜੇਤੂ ਅਬਦੁਸ ਹਮੀਦ ਨੇ ਆਪਣੇ ਸ਼ਰਧਾਂਜਲੀ ਸੰਦੇਸ਼ ਵਿਚ ਲਿਖਿਆ ਸੀ ਕਿ ਜੇ ਕਿਸਾਨ ਭਲਾਈ ਫੰਡ ਵਿਚੋਂ ਉਸ ਨੂੰ ਵਿਦੇਸ਼ ਜਾ ਕੇ ਪੜ੍ਹਨ ਦਾ ਮੌਕਾ ਨਾ ਮਿਲਦਾ ਤਾਂ ਉਸ ਦੀ ਕਾਬਲੀਅਤ ਗ਼ਰੀਬੀ ਥੱਲੇ ਹੀ ਦੱਬੀ ਰਹਿ ਜਾਣੀ ਸੀ। ਆਪਣੇ ਬਚਪਨ ਸਮੇਂ ਸਰ ਛੋਟੂ ਰਾਮ ਦੀ ਪਹੁੰਚ ਦਾ ਸ਼ਿਕਾਰ ਹੋਏ ਆਪਣੇ ਨਾਨਕਾ ਪਰਿਵਾਰ ਦੀ ਦੁਰਦਸ਼ਾ ਦਾ ਚਸ਼ਮਦੀਦ ਗਵਾਹ ਹੋਣ ਦੇ ਬਾਵਜੂਦ ਮੈਂ ਸਰ ਛੋਟੂ ਰਾਮ ਦੀ ਕਿਸਾਨੀ ਨੂੰ ਦੇਣ ਅੱਗੇ ਸਿਰ ਝੁਕਾਉਂਦਾ ਹਾਂ। ਜੇ ਕੋਈ ਹਰਿਆਣਵੀ ਦੇਸ਼ ਦਾ ਪ੍ਰਧਾਨ ਮੰਤਰੀ ਬਣਦਾ ਤਾਂ ਸਰ ਛੋਟੂ ਰਾਮ ਦਾ ਗੁਣ ਗਾਇਨ ਸਰਦਾਰ ਪਟੇਲ ਨਾਲੋਂ ਵੱਧ ਹੋਣਾ ਸੀ। ਇਸ ਕਰਕੇ ਕਿ ਉਸ ਨੇ ਆਪਣੇ ਲੋਕਾਂ ਲਈ ਵਿਦੇਸ਼ੀ ਹਾਕਮਾਂ ਤੋਂ ਕਾਨੂੰਨ ਪਾਸ ਕਰਵਾਏ। ਸਰਦਾਰ ਪਟੇਲ ਦੀ ਕਾਰਗੁਜ਼ਾਰੀ ਤਾਂ ਸੁਤੰਤਰ ਭਾਰਤ ਦਾ ਗ੍ਰਹਿ ਮੰਤਰੀ ਹੋਣ ਦੇ ਨਾਤੇ ਆਪਣੀ ਜ਼ਿੰਮੇਵਾਰੀ ਨਿਭਾਉਣ ਮਾਤਰ ਹੀ ਸੀ। ਅੱਜ ਦਾ ਪ੍ਰਧਾਨ ਮੰਤਰੀ ਸਰਦਾਰ ਪਟੇਲ ਦਾ ਉੱਚਾ ਬੁੱਤ ਬਣਾ ਕੇ, ਉਸ ਦੀ ਛਾਂ ਮਾਣ ਰਿਹਾ ਹੈ। ਇਹ ਸੱਚ ਹੈ ਕਿ ਹਰਿਆਣਾ ਤੋਂ ਗੁਲਜ਼ਾਰੀ ਲਾਲ ਨੰਦਾ ਵੀ ਇਸ ਕੁਰਸੀ 'ਤੇ ਬੈਠਿਆ, ਪਰ ਉਸ ਨੂੰ 'ਚਾਰ ਦਿਨ ਕੀ ਚਾਂਦਨੀ' ਹੀ ਕਿਹਾ ਜਾ ਸਕਦਾ ਹੈ। ਉੱਤਰੀ ਭਾਰਤ ਦੇ ਵਸਨੀਕ ਸਰਦਾਰ ਪਟੇਲ ਨੂੰ ਭੁੱਲ ਜਾਣਗੇ, ਸਰ ਛੋਟੂ ਰਾਮ ਨੂੰ ਨਹੀਂ। ਅੱਜ ਦੇ ਸਮਿਆਂ ਵਾਲਾ ਕਿਸਾਨ ਅੰਦੋਲਨ ਇਸ ਦੀ ਪੁਸ਼ਟੀ ਕਰਦਾ ਹੈ।

# MISSION
## PEAK BROCKERS, INC

For the best possible price and highest profit, call a Business Professional.

As the **President of Mission Peak Brokers, Inc.** and also a **Commercial Real Estate Broker,** I offer you guidance that is based on extensive experience in Sales. Acquisition and Financing of Commercial Real Estate and the purchase of businesses.

Mission Peak Brokers, Inc. is a leading **Business Brokerage** firm based in the San Francisco Bay Area providing t he services required for the sale and acquisition of main street retail business opportunities and commercial real estate as well as an all-inclusive assistance with the business and commercial loan process.

We are here to secure your objectives through a standard of aggressive diligence, measurable integrity and the highest standard of excellence **knowing our client's satisfactions is our ultimate goal.**

## CALL A PROFESSIONAL AND GET THE BEST POSSIBLE PRICES AND HIGHEST PROFITS

**I am a top rated Business and Commercial Real Estate broker with vast experience in Sales.**

**Acquisition and Financing of Commercial Real Estate.**






# GET TOP DOLLAR$

## FOR YOUR COMMERCIAL PROPERTY



# CALL TODAY

## (510) 490-9705

hrsidhu@gmail.com
www.missionpeakbrokers.com

## Harpreet "Harry" Sidhu, CBB
## Broker/president

**BRE Lic #1433114**
**Broker Lic # 01792260**

CABB REALTOR

